ਪ੍ਰਕਾਸ਼ਨ ਨੰ:
205

# ਸਿੱਖ ਧਰਮ ਪ੍ਰਸ਼ਨੋਤਰੀ

(ਭਾਗ-3)

(ਨੌਵੀਂ ਤੋਂ 10+2 ਸ਼੍ਰੇਣੀ ਦੇ ਵਿਦਿਆਰਥੀਆਂ ਲਈ)

**ਧਾਰਮਿਕ ਪ੍ਰੀਖਿਆ ਸਬੰਧੀ ਪ੍ਰਸ਼ਨ ਉੱਤਰ**


ਲੇਖਕ :
**ਲਿਟਰੇਰੀ ਕਮੇਟੀ**
ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।



*ਪ੍ਰਕਾਸ਼ਕ*
**ਸਿੱਖ ਮਿਸ਼ਨਰੀ ਕਾਲਜ (ਰਜਿ:)**
ਲੁਧਿਆਣਾ।


**ਸਿੱਖ ਧਰਮ ਪ੍ਰਸ਼ਨੋਤਰੀ (ਭਾਗ-3)**
**Sikh Dharam Prashnotri (Part-3)**


ਲੇਖਕ :
**ਲਿਟਰੇਰੀ ਕਮੇਟੀ**
ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।



@ ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।



ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।
ਫੋਨ : 94637-64811, 98760-71280

*ਮਿਲਣ ਦੇ ਪਤੇ :*
**ਸਿੱਖ ਮਿਸ਼ਨਰੀ ਕਾਲਜ (ਰਜਿ:)**
1051/14, ਫ਼ੀਲਡ ਗੰਜ, ਲੁਧਿਆਣਾ-141 074 ਫ਼ੋਨ : 0161-5021815
**Website : www.sikhmissionarycollege.org**
**www.smcludhiana.com**
**E-mail : query@smcludhiana.com**
*ਸਬ-ਆਫ਼ਿਸ :*
C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-65330502
ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ

# ਭੂਮਿਕਾ

ਸਿੱਖ ਮਿਸ਼ਨਰੀ ਕਾਲਜ ਵਲੋਂ ਹਰ ਸਾਲ ਵੱਡੀ ਪੱਧਰ 'ਤੇ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ। ਹਜ਼ਾਰਾਂ ਬੱਚੇ ਅਤੇ ਵੱਡੀ ਉਮਰ ਦੇ ਗੁਰਸਿੱਖ ਵੀਰ/ਭੈਣ ਪ੍ਰੀਖਿਆ ਦਿੰਦੇ ਹਨ। ਇਸ ਪ੍ਰੀਖਿਆ ਦਾ ਬਾਕਾਇਦਾ ਸਿਲੇਬਸ ਬਣਾਇਆ ਗਿਆ ਹੈ ਅਤੇ ਵਿੱਦਿਅਕ-ਪੱਧਰ ਦੇ ਅਨੁਸਾਰ ਵਿਦਿਆਰਥੀਆਂ ਦੇ ਗਰੁੱਪ ਬਣਾਏ ਗਏ ਹਨ; ਜੋ ਇਸ ਪ੍ਰਕਾਰ ਹਨ :

**ਪਹਿਲਾ ਗਰੁੱਪ** : **ਪੰਜਵੀਂ ਸ਼੍ਰੇਣੀ ਤੱਕ**

**ਦੂਜਾ ਗਰੁੱਪ** : **ਅੱਠਵੀਂ ਸ਼੍ਰੇਣੀ ਤੱਕ**

**ਤੀਜਾ ਗਰੁੱਪ** : (10+2) **ਸ਼੍ਰੇਣੀ ਤੱਕ**

**ਚੌਥਾ ਗਰੁੱਪ** : (10+2) **ਸ਼੍ਰੇਣੀ ਤੋਂ ਉੱਪਰ ਅਤੇ ਸਰਬੱਤ ਸੰਗਤ ਲਈ**

ਸਭ ਗਰੁੱਪਾਂ ਦੇ ਵਿਦਿਆਰਥੀਆਂ ਲਈ ਕੁਝ ਸਾਂਝੀਆਂ ਪੁਸਤਕਾਂ ਨੀਯਤ ਕੀਤੀਆਂ ਗਈਆਂ ਸਨ। ਪਹਿਲੇ ਤੇ ਦੂਜੇ ਗਰੁੱਪ ਦੇ ਵਿਦਿਆਰਥੀਆਂ ਲਈ ਉਨ੍ਹਾਂ ਪੁਸਤਕਾਂ ਨੂੰ ਸਮਝਣਾ ਮੁਸ਼ਕਲ ਸੀ।

ਉਪਰੋਕਤ ਮੁਸ਼ਕਲਾਂ ਨੂੰ ਹੱਲ ਕਰਨ ਲਈ ਵਿੱਦਿਅਕ-ਪੱਧਰ ਅਨੁਸਾਰ "ਸਿੱਖ ਧਰਮ ਪ੍ਰਸ਼ਨੋਤਰੀ" ਭਾਗ 1 ਤੋਂ 4, ਨਾਮ ਦੀਆਂ ਇਹ ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਹਰੇਕ ਪੁਸਤਕ ਦੇ ਤਿੰਨ ਭਾਗ ਹਨ : 1. **ਗੁਰਬਾਣੀ**, 2. **ਸਿੱਖ ਇਤਿਹਾਸ**, 3. **ਗੁਰਮਤਿ ਤੇ ਰਹਿਤ ਮਰਯਾਦਾ।** ਇਨ੍ਹਾਂ ਭਾਗਾਂ ਅਨੁਸਾਰ ਹੀ 100-100 ਨੰਬਰਾਂ ਦਾ ਪਰਚਾ ਹਰੇਕ ਭਾਗ ਵਿਚੋਂ ਤਿਆਰ ਕੀਤਾ ਜਾਵੇਗਾ। ਹਰੇਕ ਗਰੁੱਪ ਲਈ ਸਿਲੇਬਸ ਹੇਠ ਲਿਖੇ ਅਨੁਸਾਰ ਹੈ :

| ਗਰੁੱਪ | ਸ਼੍ਰੇਣੀ | ਸਿਲੇਬਸ |
|---|---|---|
| ਪਹਿਲਾ | ਪੰਜਵੀਂ ਸ਼੍ਰੇਣੀ ਤੱਕ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 1 |
| ਦੂਜਾ | ਛੇਵੀਂ ਤੋਂ ਅੱਠਵੀਂ ਸ਼੍ਰੇਣੀ ਤੱਕ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 2 |
| ਤੀਜਾ | ਨੌਵੀਂ ਤੋਂ 10+2 ਤੱਕ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 3 |
| ਚੌਥਾ | ਸਰਬੱਤ ਸੰਗਤ ਲਈ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 4 |





ਹਰ ਗਰੁੱਪ ਦੇ ਵਿਦਿਆਰਥੀਆਂ ਨੂੰ ਕੇਵਲ ਆਪਣੇ ਗਰੁੱਪ ਨਾਲ ਸੰਬੰਧਤ ਪ੍ਰਸ਼ਨੋਤਰੀ ਹੀ ਪੜ੍ਹਨੀ ਹੋਵੇਗੀ।

ਇਨ੍ਹਾਂ 'ਪ੍ਰਸ਼ਨੋਤਰੀਆਂ' ਵਿਚ ਪ੍ਰਸ਼ਨਾਂ ਦੇ ਉੱਤਰ ਬਹੁਤ ਸੰਖੇਪ ਅਤੇ ਢੁਕਵੇਂ (To the Point) ਦਿੱਤੇ ਗਏ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਉੱਤਰ ਯਾਦ ਕਰਨ ਵਿਚ ਆਸਾਨੀ ਹੋਵੇਗੀ।

ਜਿੱਥੇ ਇਹ ਪੁਸਤਕਾਂ ਪ੍ਰੀਖਿਆਰਥੀਆਂ ਲਈ ਲਾਭਦਾਇਕ ਸਿੱਧ ਹੋਣਗੀਆਂ, ਉੱਥੇ ਆਮ ਗੁਰਸਿੱਖ/ਪਾਠਕ ਵੀ ਇਨ੍ਹਾਂ ਤੋਂ ਬਹੁਤ ਲਾਭ ਉਠਾ ਸਕਦੇ ਹਨ। ਇਹ ਚਾਰ ਪੁਸਤਕਾਂ ਪੜ੍ਹਨ ਉਪਰੰਤ ਪਾਠਕਾਂ ਦੀ ਸਿੱਖ ਧਰਮ ਬਾਰੇ ਜਾਣਕਾਰੀ ਸਾਡੇ ਆਮ ਪ੍ਰਚਾਰਕਾਂ ਨਾਲੋਂ ਕਿਤੇ ਵੱਧ ਹੋਵੇਗੀ। ਅੱਜ ਜਦੋਂ ਕਿ ਜ਼ਿੰਦਗੀ ਅਨੇਕਾਂ ਰੁਝੇਵਿਆਂ ਭਰੀ ਹੈ, ਹਰ ਕੋਈ ਸਮੇਂ ਦੀ ਘਾਟ ਦੀ ਸ਼ਿਕਾਇਤ ਕਰਦਾ ਹੈ। ਇਹ ਪੁਸਤਕਾਂ ਸੰਖੇਪ ਅਤੇ ਭਾਵਪੂਰਤ ਹੋਣ ਕਰਕੇ ਸਮੇਂ ਦੀ ਘਾਟ ਵਾਲੀ ਸ਼ਿਕਾਇਤ ਨੂੰ ਵੀ ਦੂਰ ਕਰਦੀਆਂ ਹਨ।

'ਕਾਲਜ' ਦੁਆਰਾ ਲਗਾਈਆਂ ਜਾ ਰਹੀਆਂ ਕਲਾਸਾਂ ਵਿਚ ਪੜ੍ਹ ਰਹੇ ਬੱਚੇ ਵੱਖ-ਵੱਖ ਥਾਵਾਂ 'ਤੇ 'ਧਾਰਮਿਕ ਕਵਿਜ਼' ਦੇ ਪ੍ਰੋਗਰਾਮ ਵੀ ਦਿੰਦੇ ਹਨ, ਜਿਨ੍ਹਾਂ ਵਿਚ ਗੁਰਬਾਣੀ, ਇਤਿਹਾਸ, ਵਿਚਾਰਧਾਰਾ ਅਤੇ ਰਹਿਤ ਮਰਯਾਦਾ ਬਾਰੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਂਦੇ ਹਨ। 'ਸਿੱਖ ਧਰਮ ਪ੍ਰਸ਼ਨੋਤਰੀ' ਪੁਸਤਕਾਂ ਇਸ 'ਧਾਰਮਿਕ ਕਵਿਜ਼' ਦੀ ਤਿਆਰੀ ਵਿਚ ਬਹੁਤ ਸਹਾਈ ਹੋਣਗੀਆਂ।

ਆਸ ਹੈ, ਸਿੱਖ ਸੰਗਤਾਂ 'ਸਿੱਖ ਧਰਮ ਪ੍ਰਸ਼ਨੋਤਰੀ' (ਭਾਗ-1 ਤੋਂ ਭਾਗ-4) ਤੋਂ ਜਿੱਥੇ ਆਪਣੀ ਜਾਣਕਾਰੀ ਵਿਚ ਵਾਧਾ ਕਰਨਗੀਆਂ, ਉੱਥੇ ਪ੍ਰਾਪਤ ਕੀਤੀ ਜਾਣਕਾਰੀ ਨੂੰ ਉਨ੍ਹਾਂ ਤੱਕ ਵੀ ਪਹੁੰਚਾਉਣਗੀਆਂ ਜਿਹੜੇ ਧਰਮ ਬਾਰੇ ਬਹੁਤ ਘੱਟ ਜਾਣਕਾਰੀ ਰੱਖਦੇ ਹਨ।

ਇਨ੍ਹਾਂ ਪੁਸਤਕਾਂ ਨੂੰ ਹੋਰ ਚੰਗੇਰਾ ਬਣਾਉਣ ਲਈ ਪਾਠਕਾਂ ਦੇ ਸੁਝਾਵਾਂ ਦਾ ਸੁਆਗਤ ਹੈ।

ਅੰਤ ਵਿਚ ਇਨ੍ਹਾਂ ਪੁਸਤਕਾਂ ਦੀ ਤਿਆਰੀ ਵਿਚ ਜਿਨ੍ਹਾਂ ਵੀਰਾਂ/ਭੈਣਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ, ਅਸੀਂ ਉਨ੍ਹਾਂ ਦੇ ਅਤਿਅੰਤ ਰਿਣੀ ਹਾਂ।

**ਪ੍ਰਿੰਸੀਪਲ,**

**ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ**

ਪਰਚਾ ਪਹਿਲਾ ਅੰਕ—100

# 1. ਗੁਰਬਾਣੀ

## (ੳ) ਜਪੁ ਜੀ ਸਾਹਿਬ

ਸਿਲੇਬਸ : ਸੰਪੂਰਨ ਜਪੁ ਜੀ ਸਾਹਿਬ ਕੰਠ (ਯਾਦ) ਕਰਨਾ ਹੈ।

ਪ੍ਰਸ਼ਨ : ਹੇਠ ਲਿਖੀਆਂ ਤੁਕਾਂ ਵਿਚ ਲੱਗੇ ਅਰਧ ਬਿਸਰਾਮਾਂ ਨੂੰ ਧਿਆਨ ਨਾਲ ਯਾਦ ਕਰੋ :

(ੳ) ਹੁਕਮੀ ਉਤਮੁ ਨੀਚੁ, ਹੁਕਮਿ ਲਿਖਿ, ਦੁਖ ਸੁਖ ਪਾਈਅਹਿ॥

(ਅ) ਗਾਵੈ ਕੋ, ਦਾਤਿ ਜਾਣੈ ਨੀਸਾਣੁ॥

(ੲ) ਫੇਰਿ, ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ॥

(ਸ) ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ॥

(ਹ) ਗੁਰਾ, ਇਕ ਦੇਹਿ ਬੁਝਾਈ॥

(ਕ) ਕੀਟਾ ਅੰਦਰਿ ਕੀਟੁ, ਕਰਿ ਦੋਸੀ, ਦੋਸੁ ਧਰੇ॥

(ਖ) ਜੇ ਕੋ, ਮੰਨਿ ਜਾਣੈ, ਮਨਿ ਕੋਇ॥

(ਗ) ਅਸੰਖ, ਅਮਰ ਕਰਿ ਜਾਹਿ ਜੋਰ॥

(ਘ) ਨਾਨਕੁ ਨੀਚੁ, ਕਹੈ ਵੀਚਾਰੁ॥

(ਙ) ਹੋਰੁ, ਆਖਿ ਨ ਸਕੈ ਕੋਇ॥

(ਚ) ਸੋਈ ਸੋਈ, ਸਦਾ ਸਚੁ, ਸਾਹਿਬੁ ਸਾਚਾ, ਸਾਚੀ ਨਾਈ॥

(ਛ) ਖਿੰਥਾ ਕਾਲੁ, ਕੁਆਰੀ ਕਾਇਆ ਜੁਗਤਿ, ਡੰਡਾ ਪਰਤੀਤਿ॥

(ਜ) ਨਾਨਕ, ਉਤਮੁ ਨੀਚੁ, ਨ ਕੋਇ॥

(ਝ) ਸਰਮ ਖੰਡ ਕੀ ਬਾਣੀ, ਰੂਪੁ॥

(ਞ) ਕਰਮ ਖੰਡ ਕੀ ਬਾਣੀ, ਜੋਰੁ॥

(ਟ) ਜਿਨ ਕਉ, ਨਦਰਿ ਕਰਮੁ, ਤਿਨ ਕਾਰ॥





**ਪ੍ਰਸ਼ਨ 2. ਜਪੁ ਜੀ ਵਿਚ ਆਏ ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ :**

ਉੱਤਰ :

| ਸ਼ਬਦ | | ਸ਼ੁੱਧ ਉਚਾਰਨ | ਸ਼ਬਦ | | ਸ਼ੁੱਧ ਉਚਾਰਨ |
|---|---|---|---|---|---|
| ਸੋਚੀ | — | ਸੋਚੀਂ | ਮਾਹੁ | — | ਮਾਹ |
| ਰਜਾਈ | — | ਰਜ਼ਾਈ | ਸਾਹ | — | ਸ਼ਾਹ |
| ਬਖਸੀਸ | — | ਬਖ਼ਸ਼ੀਸ਼ | ਗੋਪੀ | — | ਗੋਪੀਂ |
| ਦੇਦਾ | — | ਦੇਂਦਾ | ਪਾਤਿਸਾਹੁ | — | ਪਾਤਸ਼ਾਹ |
| ਗੁਰਾ | — | ਗੁਰਾ | ਮੁੰਦਾ | — | ਮੁੰਦਾਂ |
| ਦੋਸੀ | — | ਦੋਸ਼ੀ | ਹੋਵਹਿ | — | ਹੋਵਹਿਂ |
| ਦੋਸੁ | — | ਦੋਸ਼ | ਰਾਤੀ | — | ਰਾਤੀਂ |
| ਪੋਹਿ | — | ਪੋਹ | ਰੁਤੀ | — | ਰੁਤੀਂ |
| ਰਾਹੁ | — | ਰਾਹ | ਥਿਤੀ | — | ਥਿਤੀਂ |
| ਅਸਗਾਹੁ | — | ਅਸਗਾਹ | ਕਾਨ | — | ਕਾਨ੍ਹ |
| ਸੇਖ | — | ਸ਼ੇਖ | ਜਾਹਿ | — | ਜਾਹਿਂ |
| ਏਹੁ | — | ਏਹ | ਮਸਕਤਿ | — | ਮਸ਼ੱਕਤ |
| ਖਾਹਿ | — | ਖਾਹਿਂ | | | |

## ਜਪੁ ਜੀ ਸਾਹਿਬ ਬਾਣੀ ਬਾਰੇ ਪ੍ਰਸ਼ਨ

**ਪ੍ਰਸ਼ਨ 1. ਜਪੁ ਜੀ ਸਾਹਿਬ ਦਾ ਮੁਖ-ਭਾਵ ਕਿਨ੍ਹਾਂ ਤੁਕਾਂ ਵਿਚ ਹੈ?**

ਉੱਤਰ : ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ॥

**ਪ੍ਰਸ਼ਨ 2. ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਅਨਮਤੀਆਂ ਵਲੋਂ ਪ੍ਰਭੂ ਪ੍ਰਾਪਤੀ ਲਈ ਕੀਤੇ ਜਾਂਦੇ ਕਿਹੜੇ ਤਰੀਕਿਆਂ ਦਾ ਜ਼ਿਕਰ ਹੈ?**

ਉੱਤਰ : (ੳ) ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨਾ।

(ਅ) ਜੰਗਲਾਂ ਵਿਚ ਜਾ ਕੇ ਸਮਾਧੀ ਲਾਉਣੀ।

(ੲ) ਮਨ ਨੂੰ ਮਾਇਆ (ਸੰਸਾਰਕ ਵਸਤਾਂ ਦੇ ਭੋਗ) ਨਾਲ ਪਹਿਲਾਂ ਰਜਾ ਲੈਣਾ।

(ਸ) ਧਰਮ ਪੁਸਤਕਾਂ ਦੇ 'ਗਿਆਨ' ਨਾਲ ਮਨ ਨੂੰ ਸਿਆਣਪਾਂ ਤੇ ਚਤੁਰਾਈਆਂ ਨਾਲ ਭਰ ਲੈਣਾ।

**ਪ੍ਰਸ਼ਨ 3. ਦਾਨ-ਪੁੰਨ ਕਰਨ ਜਾਂ ਮਾਇਕ ਭੇਟਾ ਕਰਨ ਨਾਲ ਪ੍ਰਭੂ ਨਾਲੋਂ ਵਿੱਥ ਦੂਰ ਕਿਉਂ ਨਹੀਂ ਹੋ ਸਕਦੀ?**

ਉੱਤਰ : ਕਿਉਂਕਿ ਇਹ ਦਾਤਾਂ ਤਾਂ ਸਭ ਉਸ ਪ੍ਰਭੂ ਦੀਆਂ ਹੀ ਦਿੱਤੀਆਂ ਹੋਈਆਂ ਹਨ।

**ਪ੍ਰਸ਼ਨ 4. ਪ੍ਰਭੂ ਤੋਂ ਵਿੱਥ, ਪ੍ਰਭੂ ਦੇ ਹੁਕਮ ਜਾਂ ਰਜ਼ਾ ਵਿਚ ਚੱਲਣ ਨਾਲ ਦੂਰ ਹੁੰਦੀ ਹੈ। 'ਹੁਕਮ ਵਿਚ ਚੱਲਣ' ਦਾ ਕੀ ਭਾਵ ਹੈ?**

ਉੱਤਰ : ਹੁਕਮ ਵਿਚ ਚੱਲਣ ਦਾ ਭਾਵ ਹੈ : (ੳ) ਪ੍ਰਭੂ ਨਾਲ ਪਿਆਰ ਪਾਉਣਾ। (ਅ) ਪ੍ਰਭੂ ਦੇ ਸੁਭਾਅ ਵਰਗਾ ਆਪਣਾ ਸੁਭਾਅ ਬਣਾਉਣਾ। (ੲ) ਪ੍ਰਭੂ ਦੇ ਗੁਣਾਂ ਨੂੰ ਆਪਣੇ ਮਨ ਵਿਚ ਧਾਰਨ ਕਰਨਾ।

**ਪ੍ਰਸ਼ਨ 5. ਜਪੁ ਜੀ ਸਾਹਿਬ ਦੀ ਉਹ ਤੁਕ ਲਿਖੋ, ਜਿਸ ਦਾ ਭਾਵ ਹੈ—ਪ੍ਰਭੂ ਦੀ ਬੋਲੀ ਪ੍ਰੇਮ ਹੈ।**

ਉੱਤਰ : ਸਾਚਾ ਸਾਹਿਬੁ, ਸਾਚੁ ਨਾਇ, ਭਾਖਿਆ ਭਾਉ ਅਪਾਰੁ॥

**ਪ੍ਰਸ਼ਨ 6. ਪਰਮਾਤਮਾ ਨਾਲ ਸਾਂਝ ਕਿਵੇਂ ਪੈ ਸਕਦੀ ਹੈ?**

ਉੱਤਰ : ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦਾ ਨਾਮ ਸਿਮਰਨ ਕਰਨ ਨਾਲ, ਉਸ ਦੀਆਂ ਵਡਿਆਈਆਂ (ਗੁਣਾਂ) ਦੀ ਵਿਚਾਰ ਕਰਨ ਨਾਲ।

**ਪ੍ਰਸ਼ਨ 7. ਦੁੱਖ ਦੂਰ ਕਰ ਕੇ, ਆਤਮਕ ਸੁਖ ਨੂੰ ਹਿਰਦੇ ਵਿਚ ਕਿਵੇਂ ਵਸਾਇਆ ਜਾ ਸਕਦਾ ਹੈ?**

ਉੱਤਰ : ਪਰਮਾਤਮਾ ਦੇ ਗੁਣਾਂ ਨੂੰ ਗਾ ਕੇ, ਸੁਣ ਕੇ ਅਤੇ ਆਪਣੇ ਮਨ ਵਿਚ ਉਸ ਦਾ ਪ੍ਰੇਮ ਟਿਕਾ ਕੇ।

**ਪ੍ਰਸ਼ਨ 8. 'ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ' ਤੁਕ ਦਾ ਕੀ ਭਾਵ ਹੈ?**

ਉੱਤਰ : ਗੁਰੂ ਦੇ ਸਿੱਖ ਨੇ ਸ਼ਿਵ ਜੀ, ਗੋਰਖ, ਬ੍ਰਹਮਾ ਤੇ ਪਾਰਬਤੀ ਦੀ ਥਾਂ ਕੇਵਲ ਆਪਣੇ ਗੁਰੂ ਨੂੰ ਹੀ ਮੰਨਣਾ ਹੈ।

**ਪ੍ਰਸ਼ਨ 9. ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨਾਲ ਪਰਮਾਤਮਾ ਖੁਸ਼ ਨਹੀਂ ਹੁੰਦਾ, ਜਪੁ ਜੀ ਦੀ ਉਹ ਤੁਕ ਲਿਖੋ।**

ਉੱਤਰ : ਤੀਰਥਿ ਨਾਵਾ, ਜੇ ਤਿਸੁ ਭਾਵਾ, ਵਿਣੁ ਭਾਣੇ ਕਿ ਨਾਇ ਕਰੀ॥

**ਪ੍ਰਸ਼ਨ 10. 'ਜੇ ਜੁਗ ਚਾਰੇ ਆਰਜਾ....' ਵਾਲੀ ਪਉੜੀ ਵਿਚ ਪਰਮਾਤਮਾ ਦੇ ਨੇੜੇ ਹੋਣ ਲਈ ਕਿਸ ਚੀਜ਼ ਦਾ ਹੋਣਾ ਜ਼ਰੂਰੀ ਦੱਸਿਆ ਹੈ?**

ਉੱਤਰ : ਪਰਮਾਤਮਾ ਦੀ ਨਦਰਿ।



**ਪ੍ਰਸ਼ਨ 11. "ਜੇ ਸਤਿਗੁਰੂ ਦੀ ਇਕ ਸਿੱਖਿਆ ਸੁਣ ਲਈ ਜਾਵੇ ਤਾਂ ਮਨੁੱਖ ਦੀ ਬੁੱਧੀ ਅੰਦਰ ਪਰਮਾਤਮਾ ਦੇ ਅਮੋਲਕ ਗੁਣਾਂ ਰੂਪੀ ਰਤਨ, ਜਵਾਹਰ ਤੇ ਮੋਤੀ ਉਪਜ ਪੈਂਦੇ ਹਨ।" ਇਹ ਵਿਚਾਰ ਜਪੁ ਜੀ ਸਾਹਿਬ ਦੀ ਕਿਸ ਤੁਕ ਵਿਚ ਦਿੱਤੇ ਗਏ ਹਨ?**

ਉੱਤਰ : ਮਤਿ ਵਿਚਿ ਰਤਨ ਜਵਾਹਰ ਮਾਣਿਕ,
ਜੇ ਇਕ ਗੁਰ ਕੀ ਸਿਖ ਸੁਣੀ॥

**ਪ੍ਰਸ਼ਨ 12. 'ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥' ਵਿਚ 'ਸੁਣਿਐ' ਦਾ ਕੀ ਅਰਥ ਭਾਵ ਹੈ?**

ਉੱਤਰ : 'ਸੁਣਿਐ' ਦਾ ਭਾਵ ਹੈ ਅਕਾਲ ਪੁਰਖ ਦੇ ਨਾਮ (ਗੁਣਾਂ) ਵਿਚ ਸੁਰਤ ਜੋੜਨਾ।

**ਪ੍ਰਸ਼ਨ 13. ਜਪੁ ਜੀ ਸਾਹਿਬ ਵਿਚ ਅਕਾਲ ਪੁਰਖ ਦੇ ਨਾਮ ਨੂੰ ਮੰਨਣ ਦਾ ਕੀ ਅਰਥ ਹੈ?**

ਉੱਤਰ : ਅਕਾਲ ਪੁਰਖ ਦੇ ਨਾਮ ਵਿਚ ਲਗਨ ਲੱਗ ਜਾਣੀ, ਮਨ ਦਾ ਨਾਮ ਵਿਚ ਪਤੀਜੇ ਜਾਣਾ।

**ਪ੍ਰਸ਼ਨ 14. ਜਪੁ ਜੀ ਸਾਹਿਬ ਵਿਚ "ਪੰਚ" ਸ਼ਬਦ ਕਿਨ੍ਹਾਂ ਮਨੁੱਖਾਂ ਲਈ ਵਰਤਿਆ ਗਿਆ ਹੈ?**

ਉੱਤਰ : ਉਨ੍ਹਾਂ ਮਨੁੱਖਾਂ ਵਾਸਤੇ ਜਿਨ੍ਹਾਂ ਦੀ ਸੁਰਤ ਨਾਮ ਵਿਚ ਜੁੜੀ ਰਹਿੰਦੀ ਹੈ ਤੇ ਜੋ ਪ੍ਰਭੂ ਦੀ ਰਜ਼ਾ ਵਿਚ ਤੁਰਦੇ ਹਨ।

**ਪ੍ਰਸ਼ਨ 15. 'ਮੰਨੇ' ਤੇ 'ਮੰਨੈ' ਦੇ ਅਰਥਾਂ ਵਿਚ ਕੀ ਫ਼ਰਕ ਹੈ?**

ਉੱਤਰ : 'ਮੰਨੇ' ਦਾ ਅਰਥ ਹੈ ਮੰਨਣ ਵਾਲੇ ਦੀ। 'ਮੰਨੈ' ਦਾ ਅਰਥ ਹੈ ਮੰਨਣ ਕਰਕੇ ਜਾਂ ਜੇ ਮੰਨ ਲਈਏ।

**ਪ੍ਰਸ਼ਨ 16. "ਧਰਤੀ ਨੂੰ ਕਿਸੇ ਬਲਦ ਨੇ ਚੁੱਕਿਆ ਹੈ।" ਇਸ ਅਨਮਤੀ ਵਿਸ਼ਵਾਸ ਦਾ ਖੰਡਨ ਜਪੁ ਜੀ ਸਾਹਿਬ ਦੀਆਂ ਕਿਨ੍ਹਾਂ ਤੁਕਾਂ ਵਿਚ ਕੀਤਾ ਗਿਆ ਹੈ?**

ਉੱਤਰ : ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

**ਪ੍ਰਸ਼ਨ 17. ਅਸਲ ਵਿਚ ਕਿਸ 'ਬਲਦ' ਨੇ ਸਾਰੀ ਸ੍ਰਿਸ਼ਟੀ ਨੂੰ ਕਾਇਮ ਰੱਖਿਆ ਹੋਇਆ ਹੈ? ਜਪੁ ਜੀ ਸਾਹਿਬ ਦੇ ਆਧਾਰ 'ਤੇ ਲਿਖੋ।**

ਉੱਤਰ : ਅਕਾਲ ਪੁਰਖ ਦੇ ਧਰਮ ਰੂਪੀ ਬੱਝਵੇਂ ਨਿਯਮ ਨੇ ਹੀ ਸਾਰੀ ਸ੍ਰਿਸ਼ਟੀ ਨੂੰ ਕਾਇਮ ਰੱਖਿਆ ਹੋਇਆ ਹੈ।

**ਪ੍ਰਸ਼ਨ 18. 'ਮਨ ਤੋਂ ਪਾਪਾਂ ਦੀ ਮੈਲ ਧੋਣ ਦਾ ਕੀ ਸਾਧਨ ਹੈ ?' ਜਪੁ ਜੀ ਸਾਹਿਬ ਦੇ ਆਧਾਰ 'ਤੇ ਉੱਤਰ ਦਿਉ।**

**ਉੱਤਰ** : ਪ੍ਰਭੂ ਦੇ ਨਾਮ ਨਾਲ ਪਿਆਰ ਪਾਉਣਾ ਅਥਵਾ ਪ੍ਰਭੂ ਦੀ ਯਾਦ ਨੂੰ ਮਨ ਵਿਚ ਵਸਾਈ ਰੱਖਣਾ।

**ਪ੍ਰਸ਼ਨ 19. ਸ੍ਰਿਸ਼ਟੀ-ਰਚਨਾ ਕਦੋਂ ਹੋਈ ? ਇਸ ਬਾਰੇ ਜਪੁ ਜੀ ਸਾਹਿਬ ਵਿਚ ਕੀ ਵਿਚਾਰ ਪ੍ਰਗਟ ਕੀਤੇ ਗਏ ਹਨ ?**

**ਉੱਤਰ** : (ੳ) ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਸਿਰਜਨਹਾਰ ਨੇ ਇਸ ਸ੍ਰਿਸ਼ਟੀ ਨੂੰ ਬਣਾਇਆ ਹੈ, ਉਹ ਆਪ ਹੀ ਜਾਣਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਦੋਂ ਆਰੰਭ ਹੋਈ। (ਅ) ਜਗਤ ਦਾ ਕੋਈ ਵੀ ਧਾਰਮਿਕ ਆਗੂ ਇਸ ਬਾਰੇ ਕੁਝ ਵੀ ਨਹੀਂ ਜਾਣਦਾ। (ੲ) ਜੇ ਜਾਣਦਾ ਹੁੰਦਾ ਤਾਂ ਇਸ ਬਾਰੇ ਕਿਸੇ ਨਾ ਕਿਸੇ ਧਰਮ ਪੁਸਤਕ ਵਿਚ ਜ਼ਿਕਰ ਜ਼ਰੂਰ ਹੁੰਦਾ।

**ਪ੍ਰਸ਼ਨ 20. ਜਪੁ ਜੀ ਸਾਹਿਬ ਅਨੁਸਾਰ ਬੰਦਗੀ ਕਰਨ ਨਾਲ ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ ਤਾਂ ਫਿਰ ਬੰਦਗੀ ਕਰਨ ਦਾ ਕੀ ਲਾਭ ਹੈ?**

**ਉੱਤਰ** : (ੳ) ਭਾਵੇਂ ਬੰਦਗੀ ਕਰਨ ਨਾਲ ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਪਰ ਬੰਦਗੀ ਕਰਨ ਨਾਲ ਮਨੁੱਖ ਬਲਵਾਨ ਮਨ ਵਾਲਾ ਹੋ ਜਾਂਦਾ ਹੈ।

(ਅ) ਪ੍ਰਭੂ ਦੀ ਭਗਤੀ ਦੀ ਬਰਕਤ ਨਾਲ ਮਨੁੱਖ ਸ਼ਾਹਾਂ-ਪਾਤਸ਼ਾਹਾਂ ਦੀ ਵੀ ਪਰਵਾਹ ਨਹੀਂ ਕਰਦਾ।

(ੲ) ਪ੍ਰਭੂ-ਪਿਆਰ ਦੇ ਸਾਹਮਣੇ ਬੇਅੰਤ ਧਨ ਵੀ ਉਸ ਨੂੰ ਤੁੱਛ ਹੀ ਜਾਪਦਾ ਹੈ।

**ਪ੍ਰਸ਼ਨ 21. "ਅਕਾਲ ਪੁਰਖ ਵੱਡਾ ਹੈ, ਉਸਦਾ ਟਿਕਾਣਾ ਉੱਚਾ ਹੈ। ਉਸ ਦਾ ਜੱਸ ਵੀ ਉੱਚਾ ਹੈ। ਜੇ ਕੋਈ ਅਕਾਲ ਪੁਰਖ ਜਿੰਨਾ ਮਹਾਨ ਹੋਵੇ ਤਾਂ ਹੀ ਉਹ ਅਕਾਲ ਪੁਰਖ ਨੂੰ ਸਮਝ ਸਕਦਾ ਹੈ।" ਇਹ ਵਿਚਾਰ ਜਪੁ ਜੀ ਦੀਆਂ ਕਿਨ੍ਹਾਂ ਤੁਕਾਂ ਵਿਚ ਪ੍ਰਗਟਾਏ ਗਏ ਹਨ ?**

**ਉੱਤਰ** : ਵਡਾ ਸਾਹਿਬੁ, ਊਚਾ ਥਾਉ॥ ਊਚੇ ਊਪਰਿ, ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ, ਜਾਣੈ ਸੋਇ॥



**ਪ੍ਰਸ਼ਨ 22. ਕੇਤਿਆ, ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ, ਦਾਤਾਰ॥ ਇਨ੍ਹਾਂ ਤੁਕਾਂ ਵਿਚ ਦੁੱਖ, ਭੁਖ ਅਤੇ ਕਲੇਸ਼ਾਂ ਨੂੰ ਦਾਤਾਂ ਕਿਉਂ ਕਿਹਾ ਗਿਆ ਹੈ ?**

**ਉੱਤਰ** : ਕਿਉਂਕਿ ਦੁੱਖਾਂ, ਕਲੇਸ਼ਾਂ ਅਤੇ ਭੁੱਖ ਦੇ ਕਾਰਨ ਹੀ ਮਨੁੱਖ ਨੂੰ ਰਜ਼ਾ ਵਿਚ ਤੁਰਨ ਦੀ ਸਮਝ ਪੈਂਦੀ ਹੈ।

**ਪ੍ਰਸ਼ਨ 23. ਪਰਮਾਤਮਾ ਸਾਰੀਆਂ ਦਾਤਾਂ ਸਾਨੂੰ ਦਿੰਦਾ ਹੈ, ਪਰ ਪ੍ਰਭੂ ਦੀਆਂ ਦਾਤਾਂ ਵਿਚੋਂ ਸਭ ਤੋਂ ਉੱਤਮ ਤੇ ਕੀਮਤੀ ਦਾਤ ਕਿਹੜੀ ਹੈ?**

**ਉੱਤਰ** : ਪ੍ਰਭੂ ਦੀ ਸਿਫ਼ਤ-ਸਲਾਹ ਦੀ ਦਾਤ।

**ਪ੍ਰਸ਼ਨ 24. ਜਪੁ ਜੀ ਸਾਹਿਬ ਵਿਚ ਸਤਿਗੁਰੂ ਉਸ ਮਨੁੱਖ ਨੂੰ ਕੀ ਆਖਦੇ ਹਨ, ਜਿਹੜਾ ਇਹ ਕਹੇ ਕਿ ਉਸਨੇ ਪ੍ਰਭੂ ਦਾ ਅੰਤ ਪਾ ਲਿਆ ਹੈ?**

**ਉੱਤਰ** : ਮਹਾਂ ਮੂਰਖ ਅਥਵਾ ਮੂਰਖਾਂ ਦਾ ਸਰਦਾਰ।

**ਪ੍ਰਸ਼ਨ 25. 'ਸੋ ਦਰੁ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ, ਸਰਬ ਸਮਾਲੇ॥' ਵਾਲੀ ਪਉੜੀ ਵਿਚ ਦੱਸਿਆ ਗਿਆ ਹੈ ਕਿ ਹਵਾ, ਪਾਣੀ, ਅੱਗ, ਪ੍ਰਭੂ ਦੀ ਸਿਫ਼ਤ-ਸਲਾਹ ਕਰ ਰਹੇ ਹਨ। ਇਸ ਦਾ ਕੀ ਭਾਵ ਹੈ ?**

**ਉੱਤਰ** : ਇਸ ਦਾ ਭਾਵ ਹੈ ਕਿ ਉਸਦੇ ਪੈਦਾ ਕੀਤੇ ਸਾਰੇ ਤੱਤ ਵੀ ਉਸਦੀ ਰਜ਼ਾ ਜਾਂ ਹੁਕਮ ਵਿਚ ਤੁਰ ਰਹੇ ਹਨ। ਰਜ਼ਾ ਵਿਚ ਤੁਰਨਾ ਹੀ ਉਸਦੀ ਸਿਫਤ-ਸਲਾਹ ਕਰਨੀ ਹੈ।

**ਪ੍ਰਸ਼ਨ 26. ਜਪੁ ਜੀ ਸਾਹਿਬ ਅਨੁਸਾਰ ਪ੍ਰਭੂ ਪ੍ਰਾਪਤੀ ਦੀਆਂ ਪਉੜੀਆਂ 'ਤੇ ਕਿਵੇਂ ਚੜ੍ਹਿਆ ਜਾ ਸਕਦਾ ਹੈ ?**

**ਉੱਤਰ** : ਆਪਾ-ਭਾਵ ਗਵਾ ਕੇ ਅਥਵਾ ਆਪਣੀ ਵੱਖਰੀ ਹੋਂਦ ਦਾ ਭਾਵ ਤਿਆਗ ਕੇ। ਇਸਦਾ ਢੰਗ ਹੈ ਆਪਣੇ ਅੰਦਰੋਂ 'ਮੈਂ-ਮੈਂ' ਖਤਮ ਕਰਕੇ 'ਤੂੰ-ਤੂੰ' (ਪ੍ਰਭੂ ਦੀ ਸਿਫ਼ਤ-ਸਲਾਹ) ਕਰਨਾ।

**ਪ੍ਰਸ਼ਨ 27. ਜਪੁ ਜੀ ਸਾਹਿਬ ਵਿਚ ਆਤਮਕ-ਵਿਕਾਸ ਦੀਆਂ ਕਿਹੜੀਆਂ ਪੰਜ ਅਵਸਥਾਵਾਂ ਮੰਨੀਆਂ ਗਈਆਂ ਹਨ ?**

**ਉੱਤਰ** : (ੳ) ਧਰਮ ਖੰਡ (ਅ) ਗਿਆਨ ਖੰਡ (ੲ) ਸਰਮ ਖੰਡ (ਸ) ਕਰਮ ਖੰਡ (ਹ) ਸੱਚ ਖੰਡ।

**ਪ੍ਰਸ਼ਨ 28. ਧਰਮ ਖੰਡ ਦੀ ਅਵਸਥਾ ਵਿਚ ਮਨੁੱਖ ਨੂੰ ਕੀ ਸੋਝੀ ਹੁੰਦੀ ਹੈ?**

**ਉੱਤਰ :** ਇਹ ਪਤਾ ਲਗਦਾ ਹੈ ਕਿ ਧਰਤੀ ਧਰਮ ਦੀ ਕਮਾਈ ਕਰਨ ਦੀ ਜਗ੍ਹਾ ਹੈ। ਜਿਹੋ-ਜਿਹੇ ਕਰਮ ਇਥੇ ਮਨੁੱਖ ਕਰਦਾ ਹੈ, ਅਕਾਲ ਪੁਰਖ ਦੇ ਦਰ 'ਤੇ ਉਹੋ ਜਿਹਾ ਫਲ ਮਿਲਦਾ ਹੈ। ਨੇਕ ਕਰਮ ਕਰਨ ਵਾਲਿਆਂ 'ਤੇ ਪ੍ਰਭੂ ਦੀ ਬਖ਼ਸ਼ਿਸ਼ ਹੁੰਦੀ ਹੈ, ਉਹ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪਾਉਂਦੇ ਹਨ।

**ਪ੍ਰਸ਼ਨ 29. ਗਿਆਨ-ਖੰਡ ਦੀ ਅਵਸਥਾ ਵਿਚ ਮਨੁੱਖ ਨੂੰ ਕਿਸ ਚੀਜ਼ ਦਾ ਗਿਆਨ ਹੁੰਦਾ ਹੈ?**

**ਉੱਤਰ :** ਅਕਾਲ ਪੁਰਖ ਦੀ ਰਚਨਾ ਦੀ ਵਿਸ਼ਾਲਤਾ ਦਾ ਗਿਆਨ ਹੁੰਦਾ ਹੈ ਤੇ ਆਪਣੇ ਤੁੱਛ ਹੋਣ ਦਾ ਅਹਿਸਾਸ ਹੁੰਦਾ ਹੈ। ਗਿਆਨ ਦੀ ਹਨੇਰੀ ਕਾਰਨ ਸਭ ਵਹਿਮ ਭਰਮ ਉੱਡ ਜਾਂਦੇ ਹਨ। ਮਨੁੱਖ ਨੂੰ ਪੱਕਾ ਯਕੀਨ ਹੋ ਜਾਂਦਾ ਹੈ ਕਿ ਪ੍ਰਭੂ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ।

**ਪ੍ਰਸ਼ਨ 30. 'ਸਰਮ ਖੰਡ' ਦਾ ਕੀ ਭਾਵ ਹੈ? ਇਸ ਅਵਸਥਾ 'ਤੇ ਪਹੁੰਚੇ ਮਨੁੱਖ ਦੀ ਦਸ਼ਾ ਬਾਰੇ ਜਪੁ ਜੀ ਸਾਹਿਬ ਵਿਚ ਕੀ ਦੱਸਿਆ ਗਿਆ ਹੈ?**

**ਉੱਤਰ :** ਇਸ ਦਾ ਭਾਵ ਹੈ—'ਉੱਦਮ ਦੀ ਅਵਸਥਾ'। ਇਸ ਅਵਸਥਾ ਵਿਚ ਮਨੁੱਖ ਦੀ ਮਾਨਸਿਕ ਤੇ ਆਤਮਕ ਘਾੜਤ ਘੜੀ ਜਾਂਦੀ ਹੈ। ਉਸਦੀ ਸੁਰਤ ਅਤੇ ਮੱਤ ਉੱਚੀ ਹੋ ਜਾਂਦੀ ਹੈ। ਉਸ ਦੀ ਉੱਚੀ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ।

**ਪ੍ਰਸ਼ਨ 31. ਜਪੁ ਜੀ ਸਾਹਿਬ ਵਿਚਲੇ 'ਕਰਮ-ਖੰਡ' ਦਾ ਕੀ ਅਰਥ ਹੈ? ਇਸ ਅਵਸਥਾ ਵਿਚ ਪੁੱਜ ਕੇ ਕੈਸੀ ਤਬਦੀਲੀ ਆਉਂਦੀ ਹੈ?**

**ਉੱਤਰ :** 'ਕਰਮ-ਖੰਡ' ਦਾ ਅਰਥ ਹੈ ਬਖਸ਼ਿਸ਼ ਜਾਂ ਮਿਹਰ ਦੀ ਅਵਸਥਾ। ਇਸ ਅਵਸਥਾ ਵਿਚ ਪੁੱਜਿਆ ਮਨੁੱਖ ਪ੍ਰਭੂ ਦੀ ਵਿਸ਼ੇਸ਼ ਬਖਸ਼ਿਸ਼ ਦਾ ਪਾਤਰ ਬਣਦਾ ਹੈ। ਉਸਦੇ ਅੰਦਰ ਮਹਾਨ ਬਲ ਆ ਜਾਂਦਾ ਹੈ, ਵਿਸ਼ੇ-ਵਿਕਾਰ ਉਸ ਉਤੇ ਅਸਰ ਨਹੀਂ ਪਾ ਸਕਦੇ, ਉਹ ਪ੍ਰਭੂ ਦੀ ਸਿਫਤ-ਸਲਾਹ ਵਿਚ ਹੀ ਜੁੜਿਆ ਰਹਿੰਦਾ ਹੈ ਤੇ ਆਪਣੇ ਅੰਦਰ ਤੇ ਬਾਹਰ ਪਰਮਾਤਮਾ ਨੂੰ ਹੀ ਵੇਖਦਾ ਹੈ।

**ਪ੍ਰਸ਼ਨ 32. ਜਪੁ ਜੀ ਸਾਹਿਬ ਵਿਚ 'ਸਚਖੰਡ' ਦੀ ਅਵਸਥਾ ਬਾਰੇ ਕੀ ਆਖਿਆ ਗਿਆ ਹੈ?**

**ਉੱਤਰ :** ਇਹ ਆਤਮਕ ਮਾਰਗ ਦਾ ਸਿਖਰ ਹੈ। ਪ੍ਰਭੂ ਵਿਚ ਲੀਨ ਹੋ ਜਾਣ ਵਾਲੀ ਅਵਸਥਾ ਹੈ। ਇਸ ਅਵਸਥਾ 'ਤੇ ਪੁੱਜਿਆ ਮਨੁੱਖ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ, ਉਸਨੂੰ ਪ੍ਰਭੂ ਦੀ ਵਿਸ਼ਾਲਤਾ ਦਾ ਅਨੁਭਵ ਹੁੰਦਾ ਹੈ। ਇਸ ਅਵਸਥਾ 'ਤੇ ਪੁੱਜਿਆ ਮਨੁੱਖ ਹੀ ਇਸ ਅਵਸਥਾ ਦੀ ਜਾਣਕਾਰੀ ਰੱਖਦਾ ਹੈ, ਕੋਈ ਵੀ ਉਸਦੀ ਅਵਸਥਾ ਨੂੰ ਬਿਆਨ ਨਹੀਂ ਕਰ ਸਕਦਾ।



**ਪ੍ਰਸ਼ਨ 33. ਜਪੁ ਜੀ ਸਾਹਿਬ ਦੀ ਆਖਰੀ ਪਉੜੀ ਵਿਚ ਨਾਮ-ਸਿਮਰਨ ਦਾ ਢੰਗ ਸਮਝਾਉਂਦਿਆਂ ਮਨੁੱਖ ਨੂੰ ਕਿਹੜੇ ਸੱਤ ਗੁਣ ਧਾਰਨ ਕਰਨ ਨੂੰ ਕਿਹਾ ਗਿਆ ਹੈ?**

**ਉੱਤਰ :**
(ੳ) **ਜਤੁ** — ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਣਾ।
(ਅ) **ਧੀਰਜੁ** — ਦੁੱਖ ਅਤੇ ਬਿਪਤਾ ਸਮੇਂ ਅਡੋਲ ਰਹਿਣਾ।
(ੲ) **ਮਤਿ** — ਉੱਚੀ ਤੇ ਵਿਸ਼ਾਲ ਸਮਝ।
(ਸ) **ਗਿਆਨ** — ਆਤਮਕ ਸੂਝ।
(ਹ) **ਭਉ** — ਅਕਾਲ ਪੁਰਖ ਦਾ ਨਿਰਮਲ ਡਰ।
(ਕ) **ਉਦਮ** — ਸੇਵਾ ਦੀ ਘਾਲ ਅਤੇ ਆਲਸ ਤਿਆਗ ਕੇ ਪ੍ਰਭੂ ਦੀ ਸਿਫ਼ਤ-ਸਲਾਹ ਵਿਚ ਜੁੜਨਾ।
(ਖ) **ਭਾਉ** — ਪ੍ਰਭੂ ਲਈ ਪ੍ਰੇਮ ਜਾਂ ਪਿਆਰ।

**ਪ੍ਰਸ਼ਨ 34. ਜਪੁ ਜੀ ਸਾਹਿਬ ਦੇ ਅਖੀਰਲੇ ਸਲੋਕ ਵਿਚ ਸਾਰੀ ਬਾਣੀ ਦਾ ਕੀ ਸਿਧਾਂਤ ਦੱਸਿਆ ਹੈ?**

**ਉੱਤਰ :** ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ ਅਥਵਾ ਪ੍ਰਭੂ ਦੀ ਸਿਫਤ-ਸਲਾਹ ਕੀਤੀ ਹੈ, ਉਹ ਇਸ ਸੰਸਾਰ ਵਿਚ ਆਪਣੀ ਮਿਹਨਤ ਸਫਲ ਕਰ ਗਏ ਹਨ। ਅਕਾਲ ਪੁਰਖ ਦੀ ਹਜ਼ੂਰੀ ਵਿਚ ਉਹ ਉਜਲੇ ਮੁੱਖ ਵਾਲੇ ਹਨ ਅਤੇ ਕਿੰਨੇ ਹੀ ਹੋਰ ਜੀਵ ਉਨ੍ਹਾਂ ਦੀ ਸੰਗਤ ਵਿਚ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ।

**ਪ੍ਰਸ਼ਨ 35. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਪੂਰਨ ਮੂਲ ਮੰਤਰ ਦੇ ਕਿੰਨੀ ਵਾਰੀ ਦਰਸ਼ਨ ਹੁੰਦੇ ਹਨ?**

**ਉੱਤਰ :** 33 ਵਾਰ।

**ਪ੍ਰਸ਼ਨ 36. ਜਪੁ ਜੀ ਸਾਹਿਬ ਦੀ ਬਾਣੀ ਵਿਚੋਂ ਹੇਠ ਲਿਖੇ ਪਦ-ਅਰਥ ਯਾਦ ਕਰੋ :**

**ਉੱਤਰ :**

| *ਪਦ* | *ਅਰਥ* | *ਪਦ* | *ਅਰਥ* |
|---|---|---|---|
| **ਆਦਿ** | — ਮੁੱਢ ਤੋਂ | **ਸਚੁ** | — ਹੋਂਦ ਵਾਲਾ |
| **ਜੁਗਾਦਿ** | — ਜੁਗਾਂ ਦੇ ਮੁੱਢ ਤੋਂ | **ਨਾਨਕ** | — ਹੇ ਨਾਨਕ |
| **ਸੋਚੈ** | — ਸੁਚਿ ਰੱਖਣ ਨਾਲ | **ਸੋਚਿ** | — ਪਵਿੱਤਰਤਾ |
| **ਸੋਚੀ** | — ਸੋਚੀਂ, ਮੈਂ ਸੁੱਚ ਰੱਖਾਂ | **ਚੁਪ** | — ਮਨ ਦਾ ਟਿਕਾਉ |
| **ਲਿਵ ਤਾਰ** | — ਇਕ ਤਾਰ ਸਮਾਧੀ | **ਭੁਖਿਆ** | — ਤ੍ਰਿਸ਼ਨਾ ਦੇ ਅਧੀਨ ਰਿਹਾਂ |
| **ਸਹਸ** | — ਹਜ਼ਾਰਾਂ | **ਨੀਸਾਣੁ** | — ਬਖ਼ਸ਼ਿਸ਼ ਦਾ ਨਿਸ਼ਾਨ |

**ਚਾਰੁ** — ਸੁੰਦਰ
**ਵਿਗਸੈ** — ਪ੍ਰਸੰਨ ਹੁੰਦਾ ਹੈ
**ਨਾਇ** — ਨਿਆਇ
**ਭਾਉ** — ਪ੍ਰੇਮ
**ਕਰਮੀ** — ਪ੍ਰਭੂ ਦੀ ਮਿਹਰ ਨਾਲ
**ਮੋਖੁ** — ਮੁਕਤੀ
**ਘਰਿ** — ਹਿਰਦੇ ਵਿਚ
**ਗੁਰਮੁਖਿ** — ਗੁਰੂ ਦੀ ਰਾਹੀਂ
**ਨਾਦੰ** — ਸ਼ਬਦ, ਨਾਮ
**ਈਸਰੁ** — ਸ਼ਿਵ
**ਗੁਰਾ** — ਹੇ ਸਤਿਗੁਰੂ!
**ਸਿਰਠਿ** — ਸ੍ਰਿਸ਼ਟੀ
**ਮਾਣਿਕ** — ਮੋਤੀ
**ਦਸੂਣੀ** — ਦਸ ਗੁਣਾ
**ਕੀਟੁ** — ਕੀੜਾ
**ਸੁਰਿ** — ਦੇਵਤੇ
**ਪੋਹਿ ਨ ਸਕੈ** — ਪੋਹ ਨਹੀਂ ਸਕਦਾ, ਭਾਵ ਡਰਾ ਨਹੀਂ ਸਕਦਾ
**ਮੰਦੁ** — ਭੈੜਾ ਮਨੁੱਖ
**ਗਾਹ** — ਗਾਹੁਣ ਵਾਲੇ, ਸੂਝ ਵਾਲੇ
**ਗਤਿ** — ਅਵਸਥਾ
**ਪਤਿ** — ਇੱਜ਼ਤ
**ਭਿਖ** — ਭਿਖਿਆ
**ਸੁਮਾਰੁ** — ਹਿਸਾਬ, ਲੇਖਾ
**ਵੁੜੀ ਕਲਾਮ** — ਚਲਦੀ ਕਲਮ ਨਾਲ
**ਸੁਆਲਿਹੁ** — ਸੁੰਦਰ
**ਕੁਦਰਤਿ** — ਤਾਕਤ
**ਸਤੀ** — ਦਾਨੀ ਮਨੁੱਖ
**ਭਖ ਸਾਰ** — ਸ਼ਸਤਰਾਂ ਦੇ ਵਾਰ — ਸਹਿਣ ਵਾਲੇ
**ਗਲਵਢ** — ਗਲ ਵੱਢਣ ਵਾਲੇ
**ਅਗੰਮ** — ਜਿਸ ਤੱਕ ਕਿਸੇ ਦੀ — ਪਹੁੰਚ ਨਾ ਹੋ ਸਕੇ

**ਕੋਟਿ** — ਕਰੋੜ
**ਸਾਚਾ** — ਸਦਾ ਥਿਰ ਰਹਿਣ ਵਾਲਾ
**ਭਾਖਿਆ** — ਬੋਲ
**ਅਪਾਰੁ** — ਬੇਅੰਤ
**ਕਪੜਾ** — ਸਿਫਤ ਸਲਾਹ ਰੂਪੀ ਕੱਪੜਾ
**ਨਿਰੰਜਨੁ** — ਮਾਇਆ ਤੋਂ ਰਹਿਤ
**ਦੁਖੁ ਪਰਹਰਿ** — ਦੁੱਖ ਨੂੰ ਦੂਰ ਕਰਕੇ
**ਵੇਦੰ** — ਗਿਆਨ
**ਬਰਮਾ** — ਬ੍ਰਹਮਾ
**ਨਾਵਾ** — ਮੈਂ ਇਸ਼ਨਾਨ ਕਰਾਂ
**ਉਪਾਈ** — ਪੈਦਾ ਕੀਤੀ ਹੋਈ
**ਆਰਜਾ** — ਉਮਰ
**ਨਵਾ ਖੰਡਾ ਵਿਚਿ** — ਸਾਰੀ ਸ੍ਰਿਸ਼ਟੀ ਵਿਚ
**ਗੁਣਵੰਤਿਆ** — ਗੁਣੀ ਮਨੁੱਖਾਂ ਨੂੰ
**ਲੋਅ** — ਲੋਕਾਂ, ਭਵਣਾਂ
**ਵਿਗਾਸੁ** — ਖਿੜਾਉ
**ਇੰਦੁ** — ਇੰਦਰ ਦੇਵਤਾ
**ਅਠਸਠਿ** — ਅਠਾਹਠ ਤੀਰਥ
**ਅਸਗਾਹੁ** — ਡੂੰਘਾ ਸੰਸਾਰ ਸਮੁੰਦਰ
**ਠਾਕ** — ਰੋਕ
**ਸਾਧਾਰੁ** — ਅਕਾਲ ਪੁਰਖ ਦਾ ਆਸਰਾ ਦ੍ਰਿੜ੍ਹ ਕਰਾਉਂਦਾ ਹੈ
**ਕਰਤੇ ਕੈ ਕਰਣੈ**— ਕਰਤਾਰ ਦੀ ਕੁਦਰਤ ਦਾ
**ਪਸਾਉ** — ਪਸਾਰਾ
**ਕਵਾਉ** — ਹੁਕਮ
**ਕੂਤੁ** — ਅੰਦਾਜ਼ਾ
**ਸਲਾਮਤਿ** — ਅਟੱਲ
**ਸੂਰ** — ਸੂਰਮੇ
**ਮੋਨਿ** — ਚੁੱਪ ਰਹਿਣ ਵਾਲੇ
**ਮਲੇਛ** — ਮਲੀਨ ਮਤ ਵਾਲੇ
**ਤਿਲ ਕਾ** — ਤਿਲ ਮਾਤਰ
**ਦਤੁ** — ਦਿੱਤਾ ਹੋਇਆ



**ਮੰਨਿਆ** — ਜਿਸ ਦਾ ਮਨ ਉਸ ਨਾਮ ਨੂੰ ਸੁਣ ਕੇ ਮੰਨ ਗਿਆ ਹੈ
**ਬਰਮਾਉ** — ਬ੍ਰਹਮਾ
**ਸੁਹਾਣੁ** — ਸੋਹਣਾ
**ਸਾਲਾਹੀ** — ਮੈਂ ਅਕਾਲ ਪੁਰਖ ਦੀ ਵਡਿਆਈ ਕਰਾਂ
**ਅਗੈ ਗਇਆ** — ਅਕਾਲ ਪੁਰਖ ਦੇ ਦਰ 'ਤੇ ਜਾ ਕੇ
**ਕਤੇਬਾ** — ਈਸਾਈ ਮਤ ਤੇ ਇਸਲਾਮ ਆਦਿ ਦੀਆਂ ਚਾਰ ਕਿਤਾਬਾਂ : ਕੁਰਾਨ, ਅੰਜੀਲ, ਤੌਰੇਤ ਤੇ ਜ਼ੰਬੂਰ
**ਵਾਹ** — ਵਹਿਣ, ਨਾਲੇ
**ਤੁਲਿ** — ਬਰਾਬਰ
**ਪਾਰਾਵਾਰੁ** — ਪਰਲਾ ਤੇ ਉਰਲਾ ਬੰਨਾ
**ਨਦਰੀ** — ਮਿਹਰ ਦੀ ਨਜ਼ਰ ਕਰਨ ਵਾਲਾ ਹਰੀ
**ਖਪਿ ਤੁਟਹਿ** — ਖਪ-ਖਪ ਕੇ ਨਾਸ ਹੁੰਦੇ ਹਨ
**ਖਲਾਸੀ** — ਛੁਟਕਾਰਾ
**ਖਾਇਕੁ** — ਮੂਰਖ
**ਕੇਈ ਕੇਇ** — ਕਈ ਮਨੁੱਖ
**ਭੰਡਾਰ** — ਖ਼ਜ਼ਾਨੇ
**ਦੀਬਾਣੁ** — ਕਚਹਿਰੀ
**ਪਰਵਾਣੁ** — ਤੋਲਣ ਵਾਲਾ ਵੱਟਾ
**ਦਾਨਵ** — ਰਾਖਸ਼
**ਸੇਵ** — ਸੇਵਕ
**ਸਿਰਿ** — ਮੂਰਖਾਂ ਸਿਰ ਮੂਰਖ,
**ਗਾਵਾਰਾ** — ਮਹਾਂ ਮੂਰਖ, ਗਾਵਾਰੁ
**ਵਾਵਣਹਾਰੇ** — ਵਜਾਉਣ ਵਾਲੇ
**ਇਦਾਸਣਿ** — ਇੰਦਰ ਦੇ ਆਸਣ ਉੱਤੇ
**ਰਖੀਸਰ** — ਵੱਡੇ-ਵੱਡੇ ਰਿਖੀ
**ਮਛ** — ਮਾਤ ਲੋਕ ਵਿਚ

**ਅੰਤਰਗਤਿ ਤੀਰਥਿ**—ਅੰਦਰਲੇ ਤੀਰਥ ਉੱਤੇ
**ਸੁਅਸਤਿ** — ਤੂੰ ਸਦਾ ਅਟੱਲ ਰਹੇਂ
**ਸਤਿ** — ਸਦਾ ਥਿਰ
**ਕਾਦੀਆ** — ਕਾਜ਼ੀਆਂ ਨੇ
**ਵਰਨੀ** — ਮੈਂ ਵਰਣਨ ਕਰਾਂ
**ਦੂ** — ਤੋਂ
**ਓੜਕ** — ਅਖੀਰ
**ਸਹਸ ਅਠਾਰਹ** — ਅਠਾਰਹ ਹਜ਼ਾਰ ਆਲਮ
**ਅਸੁਲੁ** — ਮੁੱਢ
**ਵਿਣਾਸੁ** — ਖਾਤਮਾ
**ਅਤੈ** — ਅਤੇ, ਤੇ
**ਗਿਰਹਾ ਸੇਤੀ** — ਪਹਾੜਾਂ ਜੇਡੇ
**ਕਰਣੈ** — ਬਣਾਈ ਹੋਈ ਕੁਦਰਤ ਦਾ
**ਬਿਲਲਾਹਿ** — ਵਿਲਕਦੇ ਹਨ
**ਕਰਮੁ** — ਬਖ਼ਸ਼ਿਸ਼
**ਤਮਾਇ** — ਲਾਲਚ
**ਬੰਦਿ** — ਬੰਧਨ, ਮਾਇਆ ਦੇ ਬੰਧਨਾਂ ਤੋਂ
**ਸਿ ਭਿ** — ਇਹ ਗੱਲ ਵੀ
**ਅਮੁਲ** — ਅਮੋਲਕ, ਜਿਸਦਾ ਮੁੱਲ ਨਾ ਪੈ ਸਕੇ
**ਤੁਲੁ** — ਤੋਲ, ਤੱਕੜ
**ਬਖਸੀਸ** — ਰਹਿਮਤ
**ਦੈਂਤ** — ਦੇਵਤੇ
**ਬੋਲੁ ਵਿਗਾੜੁ** — ਬੜਬੋਲਾ
**ਸਮਾਲੇ** — ਤੂੰ ਸੰਭਾਲ ਕਰ ਰਿਹਾ ਹੈਂ
**ਨਾਦ** — ਰਾਗ
**ਪਰੀ ਸਿਉ** — ਪਰੀਆਂ ਸਮੇਤ, ਰਾਗਣੀਆਂ ਸਮੇਤ
**ਵੀਰ ਕਰਾਰੇ** — ਤਕੜੇ ਸੂਰਮੇ
**ਮੋਹਣੀਆ** — ਸੁੰਦਰ ਇਸਤਰੀਆਂ
**ਪਇਆਲੇ** — ਪਾਤਾਲ ਵਿਚ

**ਜੋਧ** — ਜੋਧੇ
**ਖਾਣੀ ਚਾਰੇ** — ਚਾਰੇ ਖਾਣੀਆਂ ਭਾਵ ਸਾਰੀ ਰਚਨਾ, ਅੰਡਜ, ਜੇਰਜ, ਸੇਤਜ ਉਤਭੁਜ
**ਵਰਭੰਡਾ** — ਸਾਰੀ ਸ੍ਰਿਸ਼ਟੀ
**ਤੁਧੁ ਭਾਵਨਿ** — ਤੈਨੂੰ ਚੰਗੇ ਲਗਦੇ ਹਨ
**ਰਸਾਲੇ** — ਰਸੀਏ
**ਰੰਗੀ ਰੰਗੀ** — ਕਈ ਰੰਗਾਂ ਦੀ
**ਜਿਨਸੀ** — ਕਈ ਜਿਨਸਾਂ ਦੀ
**ਨ ਕਰਣਾ ਜਾਈ**— ਨਹੀਂ ਕੀਤਾ ਜਾ ਸਕਦਾ
**ਸਰਮੁ** — ਉੱਦਮੁ, ਮਿਹਨਤ
**ਬਿਭੂਤਿ** — ਗੋਹਿਆਂ ਦੀ ਸੁਆਹ
**ਕਾਲੁ** — ਮੌਤ
**ਜੁਗਤਿ** — ਜੋਗ ਦੀ ਜੁਗਤੀ, ਜੋਗ ਮਤ ਦੀ ਰਹਿਤ
**ਪਰਤੀਤਿ** — ਸ਼ਰਧਾ, ਯਕੀਨ
**ਮਨਿ ਜੀਤੈ** — ਮਨ ਨੂੰ ਜਿੱਤਿਆਂ, ਜੇ ਮਨ ਜਿੱਤਿਆ ਜਾਏ
**ਆਦੇਸੁ** — ਪਰਨਾਮ
**ਅਨਾਦਿ** — ਜਿਸ ਦਾ ਕੋਈ ਮੁੱਢ ਨਹੀਂ
**ਜੁਗ ਜੁਗ** — ਸਦਾ
**ਭੁਗਤਿ** — ਚੂਰਮਾ
**ਘਟਿ ਘਟਿ** — ਹਰੇਕ ਸਰੀਰ ਵਿਚ
**ਨਾਦ** — ਸ਼ਬਦ
**ਰਿਧਿ** — ਪਰਤਾਪ, ਵਡਿਆਈ
**ਏਕਾ** — ਇਕੱਲੀ
**ਜੁਗਤਿ** — ਜੁਗਤੀ ਨਾਲ
ਪਰਵਾਣੁ — ਪਰਤੱਖ
**ਭੰਡਾਰੀ** — ਭੰਡਾਰੇ ਦਾ ਮਾਲਕ
**ਵਿਡਾਣੁ** — ਅਸਚਰਜ ਕੌਤਕ
**ਲੋਇ ਲੋਇ** — ਹਰੇਕ ਭਵਨ ਵਿਚ
**ਲਖ ਵੀਸ** — ਵੀਹ ਲੱਖ
**ਜਗਦੀਸ** — ਅਕਾਲ ਪੁਰਖ
**ਹੋਇ ਇਕੀਸ** — ਆਪਾ ਭਾਵ ਗਵਾ ਕੇ
**ਕੂੜੈ** — ਕੂੜੇ ਮਨੁੱਖ ਦੀ

**ਮਹਾ ਬਲ** — ਵੱਡੇ ਬਲ ਵਾਲੇ
**ਖੰਡ** — ਬ੍ਰਹਿਮੰਡ ਦਾ ਇਕ ਚੱਕਰ ਜਿਸ ਵਿਚ ਇਕ ਸੂਰਜ, ਇਕ ਚੰਦਰਮਾ ਤੇ ਧਰਤੀ ਆਦਿ ਗਿਣੇ ਜਾਂਦੇ ਹਨ।
**ਰਤੇ** — ਰੰਗੇ ਹੋਏ
**ਰਚਾਈ** — ਪੈਦਾ ਕੀਤੀ ਹੈ
**ਭਾਤੀ** — ਕਈ ਕਿਸਮਾਂ ਦੀ
**ਵੇਖੈ** — ਸੰਭਾਲ ਕਰਦਾ ਹੈਂ
**ਮੁੰਦਾ** — ਮੁੰਦਰਾਂ
**ਪਤੁ** — ਪਾਤਰ, ਖੱਪਰ
**ਖਿੰਥਾ** — ਗੋਦੜੀ
**ਕੁਆਰੀ** — ਕੁਆਰਾ ਸਰੀਰ, ਵਿਸ਼ੇ-ਵਿਕਾਰਾਂ ਤੋਂ ਬਚਿਆ ਹੋਇਆ ਸਰੀਰ
**ਆਈ ਪੰਥ** — ਜੋਗੀਆਂ ਦੇ 12 ਫਿਰਕੇ ਹਨ, ਉਹਨਾਂ ਵਿਚੋਂ ਸਭ ਤੋਂ ਉੱਚਾ 'ਆਈ ਪੰਥ' ਗਿਣਿਆ ਜਾਂਦਾ ਹੈ।
**ਅਨਾਹਤਿ** — ਨਾਸ ਰਹਿਤ, ਇਕ ਰਸ
**ਵੇਸੁ** — ਰੂਪ
**ਭੰਡਾਰਣਿ** — ਭੰਡਾਰਾ ਵਰਤਾਣ ਵਾਲੀ
**ਵਾਜਹਿ** — ਵੱਜ ਰਹੇ ਹਨ
**ਨਾਥੀ** — ਨੱਥੀ ਹੋਈ, ਵੱਸ ਵਿਚ
**ਭਾਗ** — ਆਪੋ ਆਪਣੇ ਹਿੱਸੇ
**ਮਾਈ** — ਮਾਇਆ
**ਵਿਆਈ** — ਪ੍ਰਸੂਤ ਹੋਈ
**ਸੰਸਾਰੀ** — ਘਰ-ਬਾਰੀ
**ਫੁਰਮਾਣੁ** — ਹੁਕਮ
**ਆਸਣੁ** — ਟਿਕਾਣਾ
**ਇਕਦੂ ਜੀਭੌ** — ਇਕ ਜੀਭ ਤੋਂ
**ਗੇੜਾ** — ਚੱਕਰ
**ਪਤਿ ਪਵੜੀਆ**— ਪ੍ਰਭੂ ਪਤੀ ਨੂੰ ਮਿਲਣ ਲਈ ਜੋ ਪਉੜੀਆਂ ਹਨ



**ਕੂੜੀ ਠੀਸ** — ਝੂਠੀ ਗੱਪ
**ਧਰਮਸਾਲ** — ਧਰਮ ਕਮਾਣ ਦਾ ਅਸਥਾਨ
**ਕਚ** — ਕਚਿਆਈ
**ਮੇਰ** — ਮੇਰੂ ਪਰਬਤ
**ਮੁਨਿ** — ਰਿਸ਼ੀ
**ਪਰਚੰਡੁ** — ਬਲਵਾਨ
**ਕੋੜ** — ਕੌਤਕ
**ਬਾਣੀ** — ਬਨਾਵਟ
**ਮਨਿ ਬੁਧਿ** — ਮਨ ਵਿਚ ਜਾਗ੍ਰਤ
**ਸਿਧਾ ਕੀ** — ਸਿਧਾਂ ਵਾਲੀ ਅਕਲ
**ਜੋਰੁ** — ਬਲ
**ਸਾਰੁ** — ਲੋਹਾ
**ਜਤੁ** — ਆਪਣੇ ਸਰੀਰਕ ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕ ਕੇ ਰੱਖਣਾ
**ਹਥਿਆਰੁ** — ਹਥੌੜਾ
**ਤਪ ਤਾਉ** — ਤਪਾਂ ਦਾ ਤਪਣਾ, ਘਾਲ ਘਾਲਣੀ, ਕਮਾਈ ਕਰਨੀ
**ਭਾਂਡਾ** — ਕੁਠਾਲੀ
**ਟਕਸਾਲ** — ਉਹ ਥਾਂ ਜਿਥੇ ਸਰਕਾਰੀ ਰੁਪਏ ਆਦਿਕ ਸਿੱਕੇ ਘੜੀਦੇ ਹਨ।

**ਛੁਟੈ** — ਮੁਕਤ ਹੁੰਦਾ ਹੈ
**ਸੋਹਨਿ** — ਸ਼ੋਭਦੇ ਹਨ
**ਪਕਾਈ** — ਪਕਿਆਈ
**ਧ੍ਰੂ** — ਧ੍ਰੂ ਭਗਤ
**ਨਰਿੰਦ** — ਰਾਜੇ
**ਬਿਨੋਦ** — ਤਮਾਸ਼ੇ
**ਅਨੰਦੁ** — ਸੁਆਦ
**ਘੜੀਐ** — ਘੜੀ ਜਾਂਦੀ ਹੈ
**ਸੁਰਾ ਕੀ ਸੁਧਿ** — ਦੇਵਤਿਆਂ ਦੀ ਸੂਝ
**ਸੀਤੋ ਸੀਤਾ** — ਪੂਰਨ ਤੌਰ 'ਤੇ ਸੀਤਾ ਹੋਇਆ ਹੈ।
**ਪਾਹਾਰਾ** — ਸੁਨਿਆਰੇ ਦੀ ਦੁਕਾਨ
**ਵੇਦੁ** — ਗਿਆਨ
**ਖਲਾ** — ਧੌਂਕਣੀ, ਜਿਸ ਨਾਲ ਸੁਨਿਆਰੇ ਫੂਕ ਮਾਰ ਕੇ ਅੱਗ ਭਖਾਂਦੇ ਹਨ।
**ਨਦਰਿ** — ਮਿਹਰ ਦੀ ਨਜ਼ਰ
**ਨਿਹਾਲ** — ਪਰਸੰਨ

## ॥ ਸਲੋਕ ॥

**ਪਵਣੁ** — ਹਵਾ, ਸੁਆਸ, ਪ੍ਰਾਣ
**ਦਿਵਸੁ** — ਦਿਨ
**ਦਾਈ** — ਖਿਡਾਵੀ
**ਵਾਚੈ** — ਪਰਖਦਾ ਹੈ
**ਕੇ** — ਕਈ ਜੀਵ
**ਮਸਕਤਿ** — ਮਿਹਨਤ, ਘਾਲ ਕਮਾਈ

**ਮਹਤੁ** — ਵੱਡੀ
**ਦੁਇ** — ਦੋਵੇਂ
**ਦਾਇਆ** — ਖਿਡਾਵਾ
**ਹਦੂਰਿ** — ਅਕਾਲ ਪੁਰਖ ਦੀ ਹਜ਼ੂਰੀ ਵਿਚ
**ਕੇਤੀ ਛੁਟੀ** — ਮੁਕਤ ਹੋ ਗਈ, ਮਾਇਆ ਦੇ ਬੰਧਨਾਂ ਤੋਂ ਰਹਿਤ ਹੋ ਗਈ

## (ਅ) ਜਾਪੁ ਸਾਹਿਬ

**ਸਿਲੇਬਸ :** ਸੰਪੂਰਨ ਜਾਪੁ ਸਾਹਿਬ ਕੰਠ (ਯਾਦ) ਕਰਨਾ ਹੈ।

**ਨੋਟ :** ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਪਾਸੋਂ ਜਾਪੁ ਸਾਹਿਬ ਤੇ ਸਵੱਈਏ ਦੇ ਸ਼ੁੱਧ ਬਿਸਰਾਮਾਂ ਵਾਲੇ ਗੁਟਕੇ ਲੈ ਕੇ ਪੜ੍ਹੋ ਜੀ।

**ਪ੍ਰਸ਼ਨ 1. ਜਾਪੁ ਸਾਹਿਬ ਕਿਹੜੇ ਗੁਰੂ ਜੀ ਦੀ ਬਾਣੀ ਹੈ?**

**ਉੱਤਰ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ।

**ਪ੍ਰਸ਼ਨ 2. ਜਾਪੁ ਸਾਹਿਬ ਦਾ ਅਸਲ ਨਾਮ ਕੀ ਹੈ? ਜਾਪੁ ਸਾਹਿਬ ਕਿਉਂ ਕਹਿੰਦੇ ਹਨ?**

**ਉੱਤਰ :** ਅਸਲ ਨਾਮ 'ਜਾਪੁ' ਹੈ, ਸਤਿਕਾਰ ਵਜੋਂ ਜਾਪੁ ਸਾਹਿਬ ਕਹਿੰਦੇ ਹਾਂ।

**ਪ੍ਰਸ਼ਨ 3. ਅੰਮ੍ਰਿਤ ਤਿਆਰ ਕਰਨ ਵੇਲੇ ਜਾਪੁ ਸਾਹਿਬ ਦਾ ਪਾਠ ਕਿਸ ਬਾਣੀ ਮਗਰੋਂ ਕੀਤਾ ਜਾਂਦਾ ਹੈ?**

**ਉੱਤਰ :** ਜਪੁ ਜੀ ਸਾਹਿਬ ਦੇ ਪਾਠ ਤੋਂ ਬਾਅਦ।

**ਪ੍ਰਸ਼ਨ 4. ਹੇਠ ਲਿਖੀ ਤੁਕ ਤੋਂ ਅਗਲੀ ਤੁਕ ਲਿਖੋ :**
**ਕੋਟਿ ਇੰਦ੍ਰ ਇੰਦ੍ਰਾਣ ਸ਼ਾਹੁ ਸ਼ਾਹਾਣਿ ਗਣਿੱਜੈ॥**

**ਉੱਤਰ :** ਤ੍ਰਿਭਵਣ ਮਹੀਪ, ਸੁਰ ਨਰ ਅਸੁਰ,
ਨੇਤਿ ਨੇਤਿ ਬਨ ਤ੍ਰਿਣ ਕਹਤ॥

**ਪ੍ਰਸ਼ਨ 5. ਹੇਠ ਲਿਖੀ ਤੁਕ ਤੋਂ ਅਗਲੀ ਤੁਕ ਲਿਖੋ :**
**ਨਮੋ ਕਾਲ ਕਾਲੇ॥ ਨਮਸਤਸਤੁ ਦਿਆਲੇ॥**

**ਉੱਤਰ :** ਨਮਸਤੰ ਅਬਰਨੇ॥ ਨਮਸਤੰ ਅਮਰਨੇ॥

**ਨੋਟ :** ਇਸੇ ਤਰ੍ਹਾਂ ਪ੍ਰੀਖਿਆ ਵਿਚ ਹੋਰ ਤੁਕਾਂ ਵੀ ਜਾਪੁ ਸਾਹਿਬ ਵਿਚੋਂ ਪੁੱਛੀਆਂ ਜਾਣਗੀਆਂ।

## (ੲ) ਤ੍ਵ ਪ੍ਰਸਾਦਿ ਸਵੱਯੇ

## (ਸ੍ਰਾਵਗ ਸੁੱਧ ਸਮੂਹ ਸਿਧਾਨ ਕੇ...)

**ਸਿਲੇਬਸ :** ਇਹ ਦਸ ਸਵੱਈਏ ਕੰਠ (ਯਾਦ) ਕਰਨੇ ਹਨ।

**ਪ੍ਰਸ਼ਨ 1. ਹੇਠ ਲਿਖੀ ਤੁਕ ਤੋਂ ਅਗਲੀ ਤੁਕ ਲਿਖੋ—**
**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ,**
**ਕੋਊ ਨ ਦੇਖੀਅਤ ਪ੍ਰਾਨਪਤੀ ਕੇ॥**

**ਉੱਤਰ :** ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ,
ਏਕ ਰਤੀ ਬਿਨੁ, ਏਕ ਰਤੀ ਕੇ॥



**ਨੋਟ :** **ਇਸੇ ਤਰ੍ਹਾਂ 10 ਸਵੱਈਆਂ ਵਿਚੋਂ ਹੋਰ ਤੁਕਾਂ ਪ੍ਰੀਖਿਆ ਵਿਚ ਪੁੱਛੀਆਂ ਜਾਣਗੀਆਂ ਜਾਂ ਸਾਰਾ ਸਵੱਈਆ ਲਿਖਣ ਲਈ ਕਿਹਾ ਜਾ ਸਕਦਾ ਹੈ।**

**ਪ੍ਰਸ਼ਨ 2. ਇਹ ਸਵੱਈਏ ਕਿਸ ਗੁਰੂ ਸਾਹਿਬ ਦੇ ਰਚੇ ਹੋਏ ਹਨ?**

**ਉੱਤਰ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ।

**ਪ੍ਰਸ਼ਨ 3. ਇਹਨਾਂ ਸਵੱਈਆਂ ਦਾ ਪਾਠ ਨਿਤਨੇਮ ਕਰਨ ਵੇਲੇ ਕਿਸ ਬਾਣੀ ਦੇ ਮਗਰੋਂ ਕੀਤਾ ਜਾਂਦਾ ਹੈ?**

**ਉੱਤਰ :** ਜਾਪੁ ਸਾਹਿਬ ਮਗਰੋਂ।

**ਪ੍ਰਸ਼ਨ 4. ਅੰਮ੍ਰਿਤ ਸੰਚਾਰ ਕਰਨ ਸਮੇਂ ਕਿਹੜੇ ਦਸ ਸਵੱਈਏ ਪੜ੍ਹੇ ਜਾਂਦੇ ਹਨ?**

**ਉੱਤਰ :** "ਸ੍ਰਾਵਗ ਸੁੱਧ ਸਮੂਹ ਸਿਧਾਨ ਕੇ..." ਵਾਲੇ 10 ਸਵੱਈਏ।

## (ਸ) ਰਹਰਾਸਿ ਸਾਹਿਬ

**ਸਿਲੇਬਸ :** ਸੰਪੂਰਨ ਰਹਰਾਸਿ ਸਾਹਿਬ ਕੰਠ (ਯਾਦ) ਕਰਨੀ ਹੈ।

**ਪ੍ਰਸ਼ਨ 1. ਇਸ ਬਾਣੀ ਦਾ ਨਾਮ ਰਹਰਾਸਿ ਕਿਵੇਂ ਪ੍ਰਚੱਲਤ ਹੋਇਆ?**

**ਉੱਤਰ :** ਹੇਠ ਲਿਖੀ ਪੰਕਤੀ ਵਿਚ ਆਏ 'ਰਹਰਾਸਿ' ਪਦ ਤੋਂ :
ਗੁਰਮਤਿ ਨਾਮੁ, ਮੇਰਾ ਪ੍ਰਾਨ ਸਖਾਈ, ਹਰਿ ਕੀਰਤਿ ਹਮਰੀ ਰਹਰਾਸਿ॥

**ਪ੍ਰਸ਼ਨ 2. ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਵਿਚ ਇਸ ਬਾਣੀ ਦਾ ਕਿਹੜਾ ਸਰੂਪ ਦਰਜ ਹੈ?**

**ਉੱਤਰ :**
1. ਪੰਜ ਸ਼ਬਦ 'ਸੋ ਦਰੁ' ਦੇ, ਸਿਰਲੇਖ ਹੇਠ।
2. ਚਾਰ ਸ਼ਬਦ 'ਸੋ ਪੁਰਖੁ' ਦੇ, ਸਿਰਲੇਖ ਹੇਠ।
3. ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ .........ਤੋਂ ਦੁਸਟ ਦੋਖ ਤੇ ਲੇਹੁ ਬਚਾਈ ਤਕ)।
4. ਸਵੈਯਾ 'ਪਾਂਇ ਗਹੇ ਜਬ ਤੇ ਤੁਮਰੇ'।
5. ਦੋਹਰਾ 'ਸਗਲ ਦੁਆਰ ਕਉ ਛਾਡਿ ਕੈ'।
6. ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ।
7. ਮੁੰਦਾਵਣੀ।
8. ਸਲੋਕ, ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ'।

**ਪ੍ਰਸ਼ਨ 3. ਕੀ 'ਰਹਰਾਸਿ' ਨਾਮ ਗੁਰੂ ਅਰਜਨ ਦੇਵ ਜੀ ਦੇ ਸਮੇਂ ਪ੍ਰਚਲਤ ਸੀ?**

**ਉੱਤਰ :** ਨਹੀਂ।

**ਪ੍ਰਸ਼ਨ 4. ਹੇਠ ਲਿਖੇ ਸ਼ਬਦਾਂ ਦੀਆਂ ਰਹਾਉ ਵਾਲੀਆਂ ਤੁਕਾਂ ਲਿਖੋ—**
**1. ਹਰਿ ਕੇ ਜਨ, ਸਤਿਗੁਰ ਸਤ ਪੁਰਖਾ,**
**ਬਿਨਉ ਕਰਉ, ਗੁਰ ਪਾਸਿ॥**
**2. ਸੁਣਿ, ਵਡਾ ਆਖੈ ਸਭੁ ਕੋਇ॥**

**ਉੱਤਰ** : 1. ਮੇਰੇ ਮੀਤ ਗੁਰਦੇਵ, ਮੋ ਕਉ ਰਾਮ ਨਾਮੁ ਪਰਗਾਸਿ॥
ਗੁਰਮਤਿ ਨਾਮੁ, ਮੇਰਾ ਪ੍ਰਾਨ ਸਖਾਈ ਹਰਿ ਕੀਰਤਿ,
ਹਮਰੀ ਰਹਰਾਸਿ॥ ੧॥ ਰਹਾਉ॥
2. ਵਡੇ ਮੇਰੇ ਸਾਹਿਬਾ, ਗਹਿਰ ਗੰਭੀਰਾ, ਗੁਣੀ ਗਹੀਰਾ॥
ਕੋਇ ਨ ਜਾਣੈ, ਤੇਰਾ ਕੇਤਾ ਕੇਵਡੁ ਚੀਰਾ॥ ੧॥ ਰਹਾਉ॥

ਨੋਟ : **ਪ੍ਰੀਖਿਆ ਵਿਚ ਇਸ ਤਰ੍ਹਾਂ ਦੇ ਹੋਰ ਪ੍ਰਸ਼ਨ ਵੀ ਪੁੱਛੇ ਜਾ ਸਕਦੇ ਹਨ।**

**ਪ੍ਰਸ਼ਨ 5. ਰਹਰਾਸਿ ਵਿਚ ਆਏ ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ—**

| *ਸ਼ਬਦ* | | *ਉਚਾਰਨ* | *ਸ਼ਬਦ* | | *ਉਚਾਰਨ* |
|---|---|---|---|---|---|
| ਰਜਾਈ | — | ਰਜ਼ਾਈ | ਕੋਸਾ | — | ਕੋਸਾਂ |
| ਨਾਈ | — | ਨਾਈਂ | ਜੀਆ | — | ਜੀਆਂ |
| ਪਾਤਿਸਾਹੁ | — | ਪਾਤਸ਼ਾਹ | ਗਲਾ | — | ਗੱਲਾਂ |
| ਸੁਰਤੀ | — | ਸੁਰਤੀਂ | ਇਛਾ | — | ਇਛਾਂ |
| ਸਿਫਤੀ | — | ਸਿਫਤੀਂ | ਅਨਦੁ | — | ਅਨੰਦ |
| ਆਖਾ | — | ਆਖਾਂ | ਸਰਸੇ | — | ਸ-ਰਸੇ |
| ਜੀਵਾ | — | ਜੀਵਾਂ | ਪਇਆ | — | ਪਇਆਂ |
| ਸਰਧਾ | — | ਸ਼ਰਧਾ | | | |

**ਪ੍ਰਸ਼ਨ 6. ਪਉਣ ਪਾਣੀ ਬੈਸੰਤਰ ਆਦਿਕ ਅਚੇਤਨ ਪਦਾਰਥ ਕਿਸ ਤਰ੍ਹਾਂ ਪ੍ਰਭੂ ਦੀ ਸਿਫਤ ਸਲਾਹ ਦੇ ਗੀਤ ਗਾ ਰਹੇ ਹਨ?**

**ਉੱਤਰ** : ਪਰਮਾਤਮਾ ਦੀ ਰਜ਼ਾ ਵਿਚ ਤੁਰ ਕੇ।

**ਪ੍ਰਸ਼ਨ 7. 'ਆਖਾ ਜੀਵਾ, ਵਿਸਰੈ ਮਰਿ ਜਾਉ' ਵਾਲੇ ਸ਼ਬਦ ਵਿਚ ਕਿਸ ਮੌਤ ਅਤੇ ਜੀਵਨ ਦਾ ਜ਼ਿਕਰ ਕੀਤਾ ਗਿਆ ਹੈ?**

**ਉੱਤਰ** : ਆਤਮਿਕ ਮੌਤ ਅਤੇ ਆਤਮਿਕ ਜੀਵਨ ਦਾ।

**ਪ੍ਰਸ਼ਨ 8. 'ਗੁਣ ਏਹੋ, ਹੋਰੁ ਨਾਹੀ ਕੋਇ' ਤੁਕ ਦਾ ਕੀ ਅਰਥ ਹੈ?**

**ਉੱਤਰ** : ਪਰਮਾਤਮਾ ਵਿਚ ਇਹ ਸਭ ਤੋਂ ਵੱਡਾ ਗੁਣ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ।



**ਪ੍ਰਸ਼ਨ 9. 'ਕਾਹੇ ਰੇ ਮਨ, ਚਿਤਵਹਿ ਉਦਮੁ' ਵਾਲੇ ਸ਼ਬਦ ਵਿਚ ਕਿਸ ਗੱਲ ਤੋਂ ਵਰਜਿਆ ਗਿਆ ਹੈ ਤੇ ਕੀ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ?**

**ਉੱਤਰ** : ਚਿੰਤਾ ਕਰਨ ਤੋਂ ਵਰਜਿਆ ਗਿਆ ਹੈ ਅਤੇ ਉੱਦਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

**ਪ੍ਰਸ਼ਨ 10. 'ਊਡੇ ਊਡਿ ਆਵੈ, ਸੈ ਕੋਸਾ' ਵਾਲੀ ਤੁਕ ਵਿਚ ਜਦੋਂ ਕੂੰਜ ਉਡ ਕੇ ਸੈਂਕੜੇ ਕੋਹਾਂ 'ਤੇ ਆ ਜਾਂਦੀ ਹੈ ਤਾਂ ਪਿੱਛੇ ਉਸਦੇ ਬੱਚਿਆਂ ਦੇ ਪਾਲਣ ਦਾ ਵਸੀਲਾ ਕੀ ਬਣਦਾ ਹੈ?**

**ਉੱਤਰ** : ਕੂੰਜ ਆਪਣੇ ਬੱਚਿਆਂ ਦਾ ਧਿਆਨ, ਆਪਣੇ ਮਨ ਵਿਚ ਧਰਦੀ ਹੈ, ਤੇ ਇਸ ਯਾਦ ਨੂੰ, ਪ੍ਰਭੂ ਉਹਨਾਂ ਦੇ ਪਾਲਣ ਦਾ ਵਸੀਲਾ ਬਣਾਂਦਾ ਹੈ।

**ਪ੍ਰਸ਼ਨ 11. 'ਤੂ ਕਰਿ ਕਰਿ ਵੇਖਹਿ, ਜਾਣਹਿ ਸੋਇ' ਤੁਕ ਦੇ ਅਰਥ ਲਿਖੋ।**

**ਉੱਤਰ** : ਹੇ ਪ੍ਰਭੂ! ਜੀਵ ਪੈਦਾ ਕਰਕੇ ਉਹਨਾਂ ਦੀ ਸੰਭਾਲ ਵੀ ਤੂੰ ਹੀ ਕਰਦਾ ਹੈਂ, ਤੇ ਹਰੇਕ ਦੇ ਦਿਲ ਦੀ ਸਾਰ ਵੀ ਤੂੰ ਹੀ ਜਾਣਦਾ ਹੈਂ।

**ਪ੍ਰਸ਼ਨ 12. ਆਤਮਿਕ ਅਨੰਦ ਦੇ ਕੀ ਲੱਛਣ ਹਨ?**

**ਉੱਤਰ** : 1. ਭਟਕਣਾ ਦੂਰ ਹੋ ਜਾਂਦੀ ਹੈ।
2. ਸਾਰੇ ਚਿੰਤਾ-ਝੋਰੇ ਮਿਟ ਜਾਂਦੇ ਹਨ।
3. ਕੋਈ ਦੁੱਖ, ਰੋਗ, ਕਲੇਸ਼ ਮਨੁੱਖ ਉਤੇ ਜ਼ੋਰ ਨਹੀਂ ਪਾ ਸਕਦਾ।

**ਪ੍ਰਸ਼ਨ 13. ਆਤਮਿਕ ਅਨੰਦ ਦੀ ਅਵਸਥਾ ਕਿਵੇਂ ਪ੍ਰਾਪਤ ਹੁੰਦੀ ਹੈ?**

**ਉੱਤਰ** : ਸਤਿਗੁਰੂ ਦੀ ਬਾਣੀ ਤੋਂ।

**ਪ੍ਰਸ਼ਨ 14. 'ਸੰਤ ਸਾਜਨ ਭਏ ਸਰਸੇ' ਵਿਚ ਸਰਸੇ ਸ਼ਬਦ ਦਾ ਕੀ ਅਰਥ ਹੈ?**

**ਉੱਤਰ** : ਅਨੰਦ-ਭਰਪੂਰ।

**ਪ੍ਰਸ਼ਨ 15. 'ਵਾਜੇ ਪੰਚ ਸਬਦ, ਤਿਤੁ ਘਰਿ ਸਭਾਗੈ' ਤੋਂ ਕੀ ਭਾਵ ਹੈ?**

**ਉੱਤਰ** : ਹਿਰਦੇ ਰੂਪੀ ਘਰ ਵਿਚ ਪੂਰਨ ਖਿੜਾਉ, ਪੂਰਨ ਅਨੰਦ ਦਾ ਪੈਦਾ ਹੋ ਜਾਣਾ।

**ਪ੍ਰਸ਼ਨ 16. 'ਮੁੰਦਾਵਣੀ' ਸ਼ਬਦ ਦਾ ਕੀ ਅਰਥ ਹੈ?**

**ਉੱਤਰ** : ਮੁੰਦਣਾ ਭਾਵ ਮੁਹਰ ਛਾਪ ਲਾਉਣਾ।

**ਪ੍ਰਸ਼ਨ 17. 'ਥਾਲ ਵਿਚਿ ਤਿੰਨਿ ਵਸਤੂ ਪਈਓ' ਵਾਲੀ ਤੁਕ ਵਿਚ ਕਿਸ ਥਾਲ ਦਾ ਜ਼ਿਕਰ ਕੀਤਾ ਗਿਆ ਹੈ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਦਾ।

**ਪ੍ਰਸ਼ਨ 18. 'ਰਹਰਾਸਿ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਹੜੇ ਪੰਨੇ ਉੱਤੇ ਦਰਜ ਹੈ?**

**ਉੱਤਰ** : ਪੰਨਾ ਨੰਬਰ ੮ 'ਤੇ।

**ਪ੍ਰਸ਼ਨ 19. 'ਰਹਰਾਸਿ' ਸ਼ਬਦ ਦੇ ਕੀ ਅਰਥ ਹਨ?**

**ਉੱਤਰ** : ਰਾਹ ਦੀ ਪੂੰਜੀ।

**ਪ੍ਰਸ਼ਨ 20. ਵਿਛੁੜਿਆ ਦਾ ਉਚਾਰਨ ਬਿੰਦੀ ਸਹਿਤ ਵਿਛੁੜਿਆਂ ਕਰਨਾ ਸ਼ੁੱਧ ਹੈ ਜਾਂ ਅਸ਼ੁੱਧ?**

**ਉੱਤਰ** : ਅਸ਼ੁੱਧ।

**ਪ੍ਰਸ਼ਨ 21. 'ਹਮ ਦੇਖਾ ਤਹ ਡੂਬੀਅਲੇ' ਤੁਕ ਵਿਚ 'ਦੇਖਾ' ਪਦ ਦਾ ਉਚਾਰਨ ਤੇ ਅਰਥ ਦੱਸੋ।**

**ਉੱਤਰ** : ਉਚਾਰਨ ਬਿਨਾਂ ਬਿੰਦੀ ਤੋਂ 'ਦੇਖਾ' ਹੋਵੇਗਾ। ਦੇਖਾ ਦਾ ਅਰਥ ਹੈ—ਅਸਾਂ ਵੇਖਿਆ ਹੈ।

**ਪ੍ਰਸ਼ਨ 22. 'ਮੈਨੋ ਜੋਗੁ ਕੀਤੋਈ' ਵਿਚ ਮੈਨੋ ਦਾ ਉਚਾਰਨ ਮੈਨੂੰ ਕਰਨਾ ਸ਼ੁੱਧ ਹੈ ਜਾਂ ਅਸ਼ੁੱਧ?**

**ਉੱਤਰ** : ਅਸ਼ੁੱਧ।

**ਪ੍ਰਸ਼ਨ 23. 'ਨਿਰਗੁਣਿਆਰੇ' ਦਾ ਉਚਾਰਨ 'ਨਿਰਗੁਣਿਹਾਰੇ' ਕਰਨਾ ਸ਼ੁੱਧ ਹੈ ਜਾਂ ਅਸ਼ੁੱਧ?**

**ਉੱਤਰ** : ਅਸ਼ੁੱਧ।

**ਪ੍ਰਸ਼ਨ 24. 'ਸਤਿਗੁਰ ਸਜਣੁ' ਨੂੰ 'ਸਤਿਗੁਰ ਸਾਜਣ' ਪੜ੍ਹਨਾ ਸ਼ੁੱਧ ਹੈ ਜਾਂ ਅਸ਼ੁੱਧ?**

**ਉੱਤਰ** : ਅਸ਼ੁੱਧ।

**ਪ੍ਰਸ਼ਨ 25. 'ਜਿਸੁ ਦੇਹਿ ਸੁ ਪਾਵਏ' ਨੂੰ 'ਜਿਸ ਦੇਵਹਿ ਸੁ ਪਾਵਏ' ਪੜ੍ਹਨਾ ਸ਼ੁੱਧ ਹੈ ਜਾਂ ਅਸ਼ੁੱਧ?**

**ਉੱਤਰ** : ਅਸ਼ੁੱਧ।

## (ਹ) ਸੋਹਿਲਾ ਸਾਹਿਬ

**ਸਿਲੇਬਸ** : ਸੰਪੂਰਨ ਬਾਣੀ ਸੋਹਿਲਾ ਸਾਹਿਬ ਕੰਠ (ਯਾਦ) ਕਰਨੀ ਹੈ।

**ਪ੍ਰਸ਼ਨ 1.** ਹੇਠ ਲਿਖੇ ਸ਼ਬਦਾਂ ਦੀਆਂ ਰਹਾਉ ਵਾਲੀਆਂ ਤੁਕਾਂ ਲਿਖੋ।

(ੳ) ਜੈ ਘਰਿ ਕੀਰਤਿ ਆਖੀਐ, ਕਰਤੇ ਕਾ ਹੋਇ ਬੀਚਾਰੋ॥

(ਅ) ਛਿਅ ਘਰ, ਛਿਅ ਗੁਰ, ਛਿਅ ਉਪਦੇਸ॥



**(ੲ) ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ, ਜਨਕ ਮੋਤੀ॥**

**(ਸ) ਕਰਉ ਬੇਨੰਤੀ, ਸੁਣਹੁ ਮੇਰੇ ਮੀਤਾ, ਸੰਤ ਟਹਲ ਕੀ ਬੇਲਾ॥**

**(ਹ) ਕਾਮਿ ਕਰੋਧਿ, ਨਗਰੁ ਬਹੁ ਭਰਿਆ, ਮਿਲਿ ਸਾਧੂ ਖੰਡਲ ਖੰਡਾ ਹੇ॥**

**ਉੱਤਰ** : (ੳ) ਤੁਮ ਗਾਵਹੁ, ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ, ਜਿਤੁ ਸੋਹਿਲੈ ਸਦਾ ਸੁਖੁ ਹੋਇ॥ ੧॥ ਰਹਾਉ॥

(ਅ) ਬਾਬਾ, ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ, ਵਡਾਈ ਤੋਇ॥ ੧॥ ਰਹਾਉ॥

(ੲ) ਕੈਸੀ ਆਰਤੀ ਹੋਇ॥ ਭਵ ਖੰਡਨਾ, ਤੇਰੀ ਆਰਤੀ॥
ਅਨਹਤਾ ਸਬਦ, ਵਾਜੰਤ ਭੇਰੀ॥ ੧॥ ਰਹਾਉ॥

(ਸ) ਅਉਧ ਘਟੈ, ਦਿਨਸੁ ਰੈਣਾ ਰੇ॥
ਮਨ, ਗੁਰ ਮਿਲਿ ਕਾਜ ਸਵਾਰੇ॥ ੧॥ ਰਹਾਉ॥

(ਹ) ਕਰਿ ਸਾਧੂ ਅੰਜੁਲੀ, ਪੁਨੁ ਵਡਾ ਹੇ॥
ਕਰਿ ਡੰਡਉਤ, ਪੁਨੁ ਵਡਾ ਹੇ॥ ੧॥ ਰਹਾਉ॥

**ਪ੍ਰਸ਼ਨ 2. ਸੋਹਿਲਾ ਸਾਹਿਬ ਵਿਚ ਕਿਹੜੇ-ਕਿਹੜੇ ਗੁਰੂ ਸਾਹਿਬ ਜੀ ਦੀ ਬਾਣੀ ਦਰਜ ਹੈ?**

**ਉੱਤਰ** : (ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਰਾਮਦਾਸ ਜੀ (ੲ) ਗੁਰੂ ਅਰਜਨ ਦੇਵ ਜੀ।

**ਪ੍ਰਸ਼ਨ 3. ਕੀ ਸੋਹਿਲਾ ਬਾਣੀ ਦੇ ਪਾਠ ਕਰਨ ਤੋਂ ਬਾਅਦ ਹੋਰ ਵਿਹਲੀਆਂ ਗੱਲਾਂ ਕਰਨੀਆਂ ਠੀਕ ਹਨ?**

**ਉੱਤਰ** : ਨਹੀਂ।

**ਪ੍ਰਸ਼ਨ 4. ਸੋਹਿਲਾ ਬਾਣੀ ਦੇ ਪਾਠ ਕਰਨ ਤੋਂ ਬਾਅਦ ਵਿਹਲੀਆਂ ਗੱਲਾਂ ਕਰਨ ਨਾਲ ਕਿਸ ਉੱਦਮ ਵਿਚ ਭੰਗ ਪੈਂਦਾ ਹੈ?**

**ਉੱਤਰ** : ਅੰਮ੍ਰਿਤ ਵੇਲੇ ਉਠਣ ਦੇ ਉੱਦਮ ਵਿਚ।

**ਪ੍ਰਸ਼ਨ 5. 'ਪਾਹੁਚਾ' ਸ਼ਬਦ ਦਾ ਉਚਾਰਨ 'ਪਾਹੁੰਚਾ' ਕਰਨਾ ਸ਼ੁੱਧ ਹੈ ਜਾਂ ਅਸ਼ੁੱਧ।**

**ਉੱਤਰ** : ਅਸ਼ੁੱਧ।

**ਪ੍ਰਸ਼ਨ 6. 'ਮਾਹੁ' ਪਦ ਦੇ ਹ ਨੂੰ ਲੱਗੀ ਔਂਕੜ ਕਿਸ ਗੱਲ ਦੀ ਨਿਸ਼ਾਨੀ ਹੈ? ਉਚਾਰਨ ਵੀ ਦੱਸੋ।**

**ਉੱਤਰ** : ਇਕ ਵਚਨ-ਪੁਲਿੰਗ ਦੀ। ਉਚਾਰਨ ਹੈ 'ਮਾਹ'।

**ਪ੍ਰਸ਼ਨ 7. 'ਗਗਨ ਮੈ' ਵਿਚਲੇ 'ਮੈ' ਦਾ ਉਚਾਰਨ ਮੈਂ ਕਰਨਾ ਸ਼ੁੱਧ ਹੈ ਜਾਂ ਅਸ਼ੁੱਧ ?**

ਉੱਤਰ : ਅਸ਼ੁੱਧ।

**ਪ੍ਰਸ਼ਨ 8. 'ਹੋਇ ਜਾ ਤੇ' ਵਿਚ 'ਜਾ ਤੇ' ਦਾ ਉਚਾਰਨ ਇਕੱਠਾ ਕਰਨਾ ਹੈ ਜਾਂ ਵੱਖਰਾ-ਵੱਖਰਾ।**

ਉੱਤਰ : ਵੱਖਰਾ-ਵੱਖਰਾ।

**ਪ੍ਰਸ਼ਨ 9. ਸੋਹਿਲਾ ਸਾਹਿਬ ਬਾਣੀ ਦੇ ਹੇਠ ਲਿਖੇ ਪਦ-ਅਰਥ ਯਾਦ ਕਰੋ :**

**ਰਾਗੁ ਗਉੜੀ ਦੀਪਕੀ, ਮਹਲਾ ੧॥**

**ਜੈ ਘਰਿ** — ਜਿਸ ਘਰ ਵਿਚ, ਜਿਸ ਸਤਸੰਗ ਰੂਪੀ ਘਰ ਵਿਚ
**ਕੀਰਤਿ** — ਸਿਫਤਿ-ਸਲਾਹ
**ਸੋਹਿਲਾ** — ਪ੍ਰਭੂ ਪਤੀ ਨਾਲ ਮਿਲਣ ਦੀ ਤਾਂਘ ਦੇ ਸ਼ਬਦ
**ਵਾਰੀ** — ਸਦਕੇ
**ਦੇਖੈਗਾ** — ਸੰਭਾਲ ਕਰੇਗਾ
**ਦਾਨੈ ਕੀਮਤਿ** — ਦਾਨ ਦਾ ਮੁੱਲ, ਬਖਸ਼ਸ਼ਾਂ ਦਾ ਮੁੱਲ
**ਸੁਮਾਰੁ** — ਅੰਦਾਜ਼ਾ
**ਸੰਬਤਿ** — ਸਾਲ, ਵਰ੍ਹਾ
**ਸਾਹਾ** — ਵਿਆਹੇ ਜਾਣ ਦਾ ਦਿਨ
**ਪਾਹੁਚਾ** — ਸੱਦਾ, ਸਾਹੇ-ਚਿੱਠੀ
**ਸਦੜੇ** — ਸੱਦੇ

**ਰਾਗ ਆਸਾ, ਮः ੧॥**

**ਛਿਅ ਘਰ** — ਛੇ ਸ਼ਾਸਤਰ
**ਗੁਰੁ ਗੁਰੁ** — ਇਸ਼ਟ ਪ੍ਰਭੂ
**ਬਾਬਾ** — ਹੇ ਭਾਈ!
**ਤੋਇ** — ਤੇਰੀ
**ਇਕ ਵਿਸਾ** — ਅੱਖ ਦੇ 15 ਵਾਰੀ ਝਪਕਣ ਦਾ ਸਮਾਂ
15 **ਵਿਸੇ** — ਇਕ ਚਸਾ
30 **ਚਸੇ** — ਇਕ ਪਲ
60 **ਪਲ** — ਇਕ ਘੜੀ
**ਸਾਢੇ ਸੱਤ ਘੜੀਆਂ** — ਇਕ ਪਹਰ
**ਅੱਠ ਪਹਿਰ** — ਇਕ ਦਿਨ ਰਾਤ



**ਰਾਗ ਧਨਾਸਰੀ, ਮः ੧॥**

**ਗਗਨ ਮੈ** — ਗਗਨ ਮਯ, ਆਕਾਸ਼ ਰੂਪ
**ਰਵਿ** — ਸੂਰਜ
**ਦੀਪਕ** — ਦੀਵੇ
**ਜਨਕ** — ਜਾਣੋ, ਮਾਨੋ, ਜਿਵੇਂ
**ਮਲ ਆਨਲੋ** — ਮਲਯ ਪਹਾੜ ਵਲੋਂ ਆਉਣ ਵਾਲੀ ਹਵਾ
**ਬਨਰਾਇ** — ਬਨਸਪਤੀ
**ਫੂਲੰਤ** — ਫੁੱਲ ਦੇ ਰਹੀ ਹੈ
**ਭਵਖੰਡਨਾ** — ਹੇ ਜਨਮ ਮਰਨ ਕੱਟਣ ਵਾਲੇ
**ਅਨਹਤਾ** — ਜੋ ਬਿਨਾਂ ਵਜਾਏ ਵੱਜੇ, ਇਕ ਰਸ
**ਭੇਰੀ** — ਡੱਫ, ਨਗਾਰੇ
**ਸਹਸ** — ਹਜ਼ਾਰਾਂ
**ਤਵ** — ਤੇਰੇ
**ਨੈਨ** — ਅੱਖਾਂ
**ਨਨ** — ਕੋਈ ਨਹੀਂ
**ਮੂਰਤਿ** — ਸ਼ਕਲ
**ਨਨਾ** — ਕੋਈ ਨਹੀਂ
**ਪਦ** — ਪੈਰ
**ਬਿਮਲ** — ਸਾਫ਼
**ਗੰਧ** — ਨੱਕ
**ਚਲਤ** — ਕੌਤਕ, ਅਚਰਜ ਖੇਡ
**ਸਾਖੀ** — ਸਿੱਖਿਆ ਨਾਲ
**ਮਕਰੰਦ** — ਫੁੱਲਾਂ ਦਾ ਰਸ
**ਅਨਦਿਨੋ** — ਹਰ ਰੋਜ਼
**ਸਾਰਿੰਗ** — ਪਪੀਹਾ

**ਰਾਗ ਗਉੜੀ ਪੂਰਬੀ, ਮः ੪॥**

**ਨਗਰੁ** — ਸਰੀਰ ਨਗਰ
**ਸਾਧੂ** — ਗੁਰੂ
**ਖੰਡਲ ਖੰਡਾ ਹੇ** — ਤੋੜਿਆ ਹੈ
**ਪੂਰਬਿ ਲਿਖਤ** — ਪਿਛਲੇ ਕੀਤੇ ਕਰਮਾਂ ਦੇ ਲਿਖੇ ਹੋਏ ਸੰਸਕਾਰਾਂ ਅਨੁਸਾਰ

**ਮੰਡਲ ਮੰਡਾ** — ਜੜਿਆ ਹੈ
**ਅੰਜੁਲੀ** — ਦੋਵੇਂ ਹੱਥ ਜੋੜੇ ਹੋਏ
**ਪੁਨੁ** — ਭਲਾ ਕੰਮ
**ਡੰਡਉਤ** — ਲੰਮੇ ਪੈ ਕੇ ਨਮਸਕਾਰ
**ਸਾਕਤ** — ਰੱਬ ਨਾਲੋਂ ਟੁੱਟੇ ਹੋਏ ਮਨੁੱਖ
**ਸਾਦੁ** — ਸੁਆਦ
**ਜਮਕਾਲੁ** — (ਆਤਮਕ) ਮੌਤ
**ਸਮਾਣੇ** — ਲੀਨ, ਮਸਤ
**ਭਵ** — ਸੰਸਾਰ
**ਖੰਡਾ ਹੇ** — ਨਾਸ਼ ਕਰ ਲਿਆ ਹੈ
**ਸੋਭ** — ਸ਼ੋਭਾ
**ਖੰਡ ਬ੍ਰਹਮੰਡਾ** — ਸਾਰੇ ਜਗਤ ਵਿਚ
**ਮਸਕੀਨ** — ਆਜਿਜ਼
**ਰਾਖੁ** — ਰੱਖਿਆ ਕਰ
**ਅਧਾਰੁ** — ਆਸਰਾ
**ਮੰਡਾ** — ਮਿਲਿਆ

**ਰਾਗ ਗਉੜੀ ਪੂਰਬੀ, ਮ: ੫॥**

**ਕਰਉ** — ਕਰਉਂ, ਮੈਂ ਕਰਦਾ ਹਾਂ
**ਸੁਣਹੁ** — ਤੁਸੀਂ ਸੁਣੋ
**ਬੇਲਾ** — ਵੇਲਾ
**ਈਹਾ** — ਇਸ ਜਨਮ ਵਿਚ
**ਖਾਟਿ** — ਖੱਟ ਕੇ
**ਲਾਹਾ** — ਲਾਭ
**ਆਗੈ** — ਪਰਲੋਕ ਵਿਚ
**ਬਸਨੁ** — ਵੱਸਣਾ, ਵਸੋਂ
**ਸੁਹੇਲਾ** — ਸੌਖਾ
**ਅਉਧ** — ਉਮਰ
**ਰੈਣਾ** — ਰਾਤ
**ਸੰਸੇ ਮਹਿ** — ਤੌਖਲਿਆਂ ਵਿਚ
**ਬਿਹਾਝਹੁ** — ਵਣਜ ਕਰੋ
**ਨਿਜ ਘਰਿ** — ਆਪਣੇ ਹਿਰਦੇ ਵਿਚ
**ਮਹਲੁ** — ਟਿਕਾਣਾ (ਪਰਮਾਤਮਾ ਦਾ)



**ਸਹਜੇ** — ਆਤਮਕ ਅਡੋਲਤਾ ਵਿਚ
**ਅੰਤਰਜਾਮੀ** — ਹੇ ਦਿਲਾਂ ਦੀਆਂ ਜਾਣਨ ਵਾਲੇ
**ਪੁਰਖ** — ਹੇ ਸਭ ਵਿਚ ਵਿਆਪਕ
**ਬਿਧਾਤੇ** — ਹੇ ਸਿਰਜਨਹਾਰ
**ਪੂਰੇ** — ਪੂਰੀ ਕਰ
**ਮਾਗੈ** — ਮੰਗਦਾ ਹੈ
**ਧੂਰੇ** — ਚਰਨ ਧੂੜ

**ਪ੍ਰਸ਼ਨ 10. ਸੋਹਿਲਾ ਸਾਹਿਬ ਦੀ ਬਾਣੀ ਦੇ ਸ਼ਬਦਾਂ ਦੇ ਸਿਰਲੇਖ ਤਰਤੀਬਵਾਰ ਲਿਖੋ :**

**ਉੱਤਰ :** 1. ਰਾਗ ਗਉੜੀ ਦੀਪਕੀ, ਮਹਲਾ ੧॥
2. ਰਾਗ ਆਸਾ, ਮਹਲਾ ੧॥
3. ਰਾਗ ਧਨਾਸਰੀ, ਮਹਲਾ ੧॥
4. ਰਾਗ ਗਉੜੀ ਪੂਰਬੀ, ਮਹਲਾ ੪॥
5. ਰਾਗ ਗਉੜੀ ਪੂਰਬੀ, ਮਹਲਾ ੫॥

**ਪ੍ਰਸ਼ਨ 11. ਸੋਹਿਲਾ ਸਾਹਿਬ ਵਿਚ ਆਏ ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ :**

| | | | | | |
|---|---|---|---|---|---|
| **ਪਾਹੁਚਾ** | — | ਪਾਹੁਚਾ | **ਆਵੰਨਿ** | — | ਆਵੰਨ |
| **ਅਸੀਸੜੀਆ** | — | ਅਸੀਸੜੀਆਂ | **ਛਿਅ** | — | ਛੇ (ਲਾਂ ਦੀ ਅਵਾਜ਼ ਥੋੜ੍ਹੀ ਲਮਕਾ ਕੇ) |
| **ਚਸਿਆ** | — | ਚਸਿਆਂ | | | |
| **ਘੜੀਆ** | — | ਘੜੀਆਂ | | | |
| **ਪਹਰਾ** | — | ਪਹਰਾਂ | **ਥਿਤੀ** | — | ਥਿਤੀਂ |
| **ਵਾਰੀ** | — | ਵਾਰੀਂ | **ਮਾਹੁ** | — | ਮਾਹ |
| **ਗਗਨ ਮੈ** | — | ਗਗਨ ਮੈ | **ਨਾਇ** | — | ਨਾਇਂ |
| **ਚੁਭੈ** | — | ਚੁਭੈ | **ਚਲਹਿ** | — | ਚਲਹਿਂ |
| **ਪਾਵਹਿ** | — | ਪਾਵਹਿਂ | **ਕਰਉ** | — | ਕਰਉਂ |
| **ਸੁਣਹੁ** | — | ਸੁਣੋ | **ਦਿਨਸੁ** | — | ਦਿਨਸ |
| **ਈਹਾ** | — | ਈਹਾਂ | **ਮਾਗੈ** | — | ਮਾਂਗੈ |

**ਪ੍ਰਸ਼ਨ 12. ਸੋਹਿਲਾ ਸਾਹਿਬ ਦੀਆਂ ਹੇਠ ਲਿਖੀਆਂ ਤੁਕਾਂ ਅਤੇ ਸਿਰਲੇਖਾਂ ਨੂੰ ਲੱਗੇ ਅਰਧ ਬਿਸਰਾਮ (,) ਧਿਆਨ ਨਾਲ ਯਾਦ ਕਰੋ—**

**1. ਤੇਰੇ, ਦਾਨੈ ਕੀਮਤਿ ਨਾ ਪਵੈ, ਤਿਸੁ ਦਾਤੇ ਕਵਣੁ ਸੁਮਾਰੁ॥**

**2. ਬਾਬਾ, ਜੈ ਘਰਿ, ਕਰਤੇ ਕੀਰਤਿ ਹੋਇ॥**

**3. ਸਦਣਹਾਰਾ ਸਿਮਰੀਐ, ਨਾਨਕ, ਸੇ ਦਿਹ ਆਵੰਨਿ॥**

**4. ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ,**
**ਸਹਸ ਤਵ ਗੰਧ, ਇਵ ਚਲਤ ਮੋਹੀ॥**

**5. ਹਰਿ ਚਰਣ ਕਵਲ ਮਕਰੰਦ, ਲੋਭਿਤ ਮਨੋ,**
**ਅਨਦਿਨੋੁ ਮੋਹਿ ਆਹੀ ਪਿਆਸਾ॥**

**6. ਜਿਉ ਜਿਉ ਚਲਹਿ, ਚੁਭੈ, ਦੁਖੁ ਪਾਵਹਿ,**
**ਜਮਕਾਲੁ ਸਹਹਿ ਸਿਰਿ ਡੰਡਾ ਹੇ॥**

**7. ਰਾਗੁ ਗਉੜੀ ਪੂਰਬੀ, ਮਹਲਾ ੪॥**

**8. ਰਾਗ ਗਉੜੀ ਦੀਪਕੀ, ਮਹਲਾ ੧॥**

**9. ਰਾਗ ਗਉੜੀ ਪੂਰਬੀ, ਮਹਲਾ ੫॥**

## (ਕ) ਕੰਠ (ਯਾਦ) ਕਰਨ ਲਈ ਸ਼ਬਦ

**ਹੇਠ ਲਿਖੇ ਸ਼ਬਦ ਕੰਠ ਕਰਨੇ ਹਨ। ਪ੍ਰੀਖਿਆ ਵਿਚ ਇਹਨਾਂ ਸ਼ਬਦਾਂ ਵਿਚੋਂ ਅਗਲੀਆਂ ਪਿਛਲੀਆਂ ਤੁਕਾਂ ਜਾਂ ਪੂਰੇ ਸ਼ਬਦ ਲਿਖਣ ਲਈ ਕਿਹਾ ਜਾ ਸਕਦਾ ਹੈ।**

### 1. ਸੋਰਠਿ, ਮਹਲਾ ੫॥ (੬੧੭)

ਕਾਮ ਕ੍ਰੋਧ ਲੋਭ ਝੂਠ ਨਿੰਦਾ, ਇਨ ਤੇ ਆਪਿ ਛਡਾਵਹੁ॥
ਇਹ ਭੀਤਰ ਤੇ ਇਨ ਕਉ ਡਾਰਹੁ, ਆਪਨ ਨਿਕਟਿ ਬੁਲਾਵਹੁ॥੧॥
**ਅਪੁਨੀ ਬਿਧਿ ਆਪਿ ਜਨਾਵਹੁ॥**
**ਹਰਿ ਜਨ ਮੰਗਲ ਗਾਵਹੁ॥੧॥ ਰਹਾਉ॥**
ਬਿਸਰੁ ਨਾਹੀ ਕਬਹੂ ਹੀਏ ਤੇ, ਇਹ ਬਿਧਿ ਮਨ ਮਹਿ ਪਾਵਹੁ॥
ਗੁਰੁ ਪੂਰਾ ਭੇਟਿਓ ਵਡਭਾਗੀ, ਜਨ ਨਾਨਕ ਕਤਹਿ ਨ ਧਾਵਹੁ॥੨॥੩॥੩੧॥

### 2. ਸੋਰਠਿ, ਮਹਲਾ ੫॥ (੬੧੩)

ਹਮ ਮੈਲੇ, ਤੁਮ ਊਜਲ ਕਰਤੇ, ਹਮ ਨਿਰਗੁਨ ਤੂ ਦਾਤਾ॥
ਹਮ ਮੂਰਖ, ਤੁਮ ਚਤੁਰ ਸਿਆਣੇ, ਤੂ ਸਰਬ ਕਲਾ ਕਾ ਗਿਆਤਾ॥੧॥
ਮਾਧੋ ਹਮ ਐਸੇ, ਤੂ ਐਸਾ॥
ਹਮ ਪਾਪੀ, ਤੁਮ ਪਾਪ ਖੰਡਨ, ਨੀਕੋ ਠਾਕੁਰ ਦੇਸਾ॥ ਰਹਾਉ॥
ਤੁਮ ਸਭ ਸਾਜੇ, ਸਾਜਿ ਨਿਵਾਜੇ, ਜੀਉ ਪਿੰਡੁ ਦੇ ਪ੍ਰਾਨਾ॥
ਨਿਰਗੁਨੀਆਰੇ, ਗੁਨੁ ਨਹੀ ਕੋਈ, ਤੁਮ ਦਾਨੁ ਦੇਹੁ ਮਿਹਰਵਾਨਾ॥੨॥



ਤੁਮ ਕਰਹੁ ਭਲਾ, ਹਮ ਭਲੋ ਨ ਜਾਨਹ, ਤੁਮ ਸਦਾ ਸਦਾ ਦਇਆਲਾ॥
ਤੁਮ ਸੁਖਦਾਈ ਪੁਰਖ ਬਿਧਾਤੇ, ਤੁਮ ਰਾਖਹੁ ਅਪੁਨੇ ਬਾਲਾ॥੩॥
ਤੁਮ ਨਿਧਾਨ, ਅਟਲ ਸੁਲਿਤਾਨ, ਜੀਅ ਜੰਤ ਸਭਿ ਜਾਚੈ॥
ਕਹੁ ਨਾਨਕ ਹਮ ਇਹੈ ਹਵਾਲਾ, ਰਾਖੁ ਸੰਤਨ ਕੈ ਪਾਛੈ॥੪॥ ੬॥ ੧੭॥

### 3. ਧਨਾਸਰੀ, ਮਹਲਾ ੫ (੬੭੭)

ੴ ਸਤਿਗੁਰ ਪ੍ਰਸਾਦਿ॥
ਘਰਿ ਬਾਹਰਿ ਤੇਰਾ ਭਰਵਾਸਾ, ਤੂ ਜਨ ਕੈ ਹੈ ਸੰਗਿ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ, ਨਾਮੁ ਜਪਉ ਹਰਿ ਰੰਗਿ॥ ੧॥
**ਜਨ ਕਉ ਪ੍ਰਭ ਅਪਨੇ ਕਾ ਤਾਣੁ॥**
**ਜੋ ਤੂ ਕਰਹਿ ਕਰਾਵਹਿ ਸੁਆਮੀ,**
**ਸਾ ਮਸਲਤਿ ਪਰਵਾਣੁ॥ ਰਹਾਉ॥**
ਪਤਿ ਪਰਮੇਸਰੁ ਗਤਿ ਨਾਰਾਇਣੁ, ਧਨੁ ਗੁਪਾਲ ਗੁਣ ਸਾਖੀ॥
ਚਰਨ ਸਰਨ ਨਾਨਕ ਦਾਸ, ਹਰਿ ਹਰਿ, ਸੰਤੀ ਇਹ ਬਿਧਿ ਜਾਤੀ॥੨॥੧॥੨੫॥

### 4. ਮਾਝ, ਮਹਲਾ ੫॥ (੧੦੩)

**ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ॥**
**ਤੂੰ ਮੇਰਾ ਬੰਧਪੁ, ਤੂੰ ਮੇਰਾ ਭ੍ਰਾਤਾ॥**
**ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ॥ ੧॥**
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ ਜੀਉ॥ ੨॥
ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ॥ ੩॥
ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ , ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ॥ ੪॥ ੨੪॥ ੩੧॥

### 5. ਗੋਂਡ, ਮਹਲਾ ੫॥ (੮੬੪)

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥੧॥
**ਗੁਰੁ ਪਰਮੇਸਰੁ ਏਕੋ ਜਾਣੁ॥**
**ਜੋ ਤਿਸੁ ਭਾਵੈ ਸੋ ਪਰਵਾਣੁ॥੧॥ ਰਹਾਉ॥**
ਗੁਰ ਚਰਣੀ ਜਾ ਕਾ ਮਨੁ ਲਾਗੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥
ਗੁਰ ਕੀ ਸੇਵਾ ਪਾਏ ਮਾਨੁ॥ ਗੁਰ ਊਪਰਿ ਸਦਾ ਕੁਰਬਾਨੁ॥੨॥

ਗੁਰ ਕਾ ਦਰਸਨੁ ਦੇਖਿ ਨਿਹਾਲ॥ ਗੁਰ ਕੇ ਸੇਵਕ ਕੀ ਪੂਰਨ ਘਾਲ॥
ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ॥ ੩॥
ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ॥
ਕਹੁ ਨਾਨਕ ਜਾ ਕੇ ਪੂਰੇ ਭਾਗ॥ ਗੁਰ ਚਰਣੀ ਤਾ ਕਾ ਮਨੁ ਲਾਗ॥ ੪॥ ੬॥ ੮॥

### 6. ਸੋਰਠਿ, ਮਹਲਾ ੫॥ (੬੩੦)

ਸਰਬ ਸੁਖਾ ਕਾ ਦਾਤਾ ਸਤਿਗੁਰੁ, ਤਾ ਕੀ ਸਰਨੀ ਪਾਈਐ॥
ਦਰਸਨੁ ਭੇਟਤ ਹੋਤ ਅਨੰਦਾ, ਦੂਖੁ ਗਇਆ ਹਰਿ ਗਾਈਐ॥ ੧॥
**ਹਰਿ ਰਸੁ ਪੀਵਹੁ ਭਾਈ॥**
**ਨਾਮੁ ਜਪਹੁ, ਨਾਮੋ ਆਰਾਧਹੁ,**
**ਗੁਰ ਪੂਰੇ ਕੀ ਸਰਨਾਈ॥ ੧॥ ਰਹਾਉ॥**
ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ, ਸੋਈ ਪੂਰਨੁ ਭਾਈ॥
ਨਾਨਕ ਕੀ ਬੇਨੰਤੀ ਪ੍ਰਭ ਜੀ, ਨਾਮਿ ਰਹਾ ਲਿਵ ਲਾਈ॥ ੨॥ ੨੫॥ ੮੯॥

### 7. ਰਾਮਕਲੀ, ਮਹਲਾ ੫॥ (੯੦੧)

**ਗੁਰੁ ਪੂਰਾ, ਮੇਰਾ ਗੁਰੁ ਪੂਰਾ॥**
**ਰਾਮ ਨਾਮੁ ਜਪਿ ਸਦਾ ਸੁਹੇਲੇ,**
**ਸਗਲ ਬਿਨਾਸੇ ਰੋਗ ਕੂਰਾ॥ ੧॥ ਰਹਾਉ॥**
**ਏਕੁ ਅਰਾਧਹੁ ਸਾਚਾ ਸੋਇ॥ ਜਾ ਕੀ ਸਰਨਿ ਸਦਾ ਸੁਖੁ ਹੋਇ॥ ੧॥**
ਨੀਦ ਸੁਹੇਲੀ ਨਾਮ ਕੀ ਲਾਗੀ ਭੂਖ॥ ਹਰਿ ਸਿਮਰਤ ਬਿਨਸੇ ਸਭ ਦੂਖ॥ ੨॥
ਸਹਜਿ ਅਨੰਦ ਕਰਹੁ ਮੇਰੇ ਭਾਈ॥ ਗੁਰਿ ਪੂਰੈ ਸਭ ਚਿੰਤ ਮਿਟਾਈ॥ ੩॥
ਆਠ ਪਹਰ ਪ੍ਰਭ ਕਾ ਜਪੁ ਜਾਪਿ॥ ਨਾਨਕ ਰਾਖਾ ਹੋਆ ਆਪਿ॥ ੪॥ ੨॥ ੫੮॥

### 8. ਆਸਾ, ਕਬੀਰ ਜੀਉ (੪੮੪)

ਅੰਤਰਿ ਮੈਲੁ, ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ, ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥ ੧॥
**ਪੂਜਹੁ ਰਾਮੁ ਏਕੁ ਹੀ ਦੇਵਾ॥**
**ਸਾਚਾ ਨਾਵਣੁ ਗੁਰ ਕੀ ਸੇਵਾ॥ ੧॥ ਰਹਾਉ॥**
ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ॥ ੨॥
ਮਨਹੁ ਕਠੋਰੁ ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ॥ ੩॥
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ, ਤਹਾ ਬਸੈ ਨਿਰੰਕਾਰਾ॥
ਕਹਿ ਕਬੀਰ ਨਰ ਤਿਸਹਿ ਧਿਆਵਹੁ, ਬਾਵਰਿਆ ਸੰਸਾਰਾ॥ ੪॥ ੪॥ ੩੭॥



### 9. ਆਸਾ, ਸੇਖ ਫਰੀਦ ਜੀਉ ਕੀ ਬਾਣੀ (੪੮੮)

ੴ ਸਤਿਗੁਰ ਪ੍ਰਸਾਦਿ॥
ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ, ਮੁਖਿ ਹੋਰੁ ਸਿ ਕਾਂਢੇ ਕਚਿਆ॥ ੧॥
**ਰਤੇ ਇਸਕ ਖੁਦਾਇ, ਰੰਗਿ ਦੀਦਾਰ ਕੇ॥**
**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥ ੧॥ ਰਹਾਉ॥**
ਆਪਿ ਲੀਏ ਲੜਿ ਲਾਇ, ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ, ਆਏ ਸਫਲੁ ਸੇ॥ ੨॥
ਪਰਵਦਗਾਰ ਅਪਾਰ, ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ, ਚੁੰਮਾ ਪੈਰ ਮੂੰ॥ ੩॥
ਤੇਰੀ ਪਨਹ ਖੁਦਾਇ, ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ, ਦੀਜੈ ਬੰਦਗੀ॥ ੪॥ ੧॥

### 10. ਸਲੋਕੁ, ਮਃ ੫, ਰਾਮਕਲੀ ਕੀ ਵਾਰ, ਮਹਲਾ ੫ (੯੬੧)

**ਕਰਿ ਕਿਰਪਾ ਕਿਰਪਾਲ, ਆਪੇ ਬਖਸਿ ਲੈ॥**
**ਸਦਾ ਸਦਾ ਜਪੀ ਤੇਰਾ ਨਾਮੁ, ਸਤਿਗੁਰ ਪਾਇ ਪੈ॥**
ਮਨ ਤਨ ਅੰਤਰਿ ਵਸੁ, ਦੂਖਾ ਨਾਸੁ ਹੋਇ॥
ਹਥ ਦੇਇ ਆਪਿ ਰਖੁ, ਵਿਆਪੈ ਭਉ ਨ ਕੋਇ॥
ਗੁਣ ਗਾਵਾ ਦਿਨੁ ਰੈਣਿ, ਏਤੈ ਕੰਮਿ ਲਾਇ॥
ਸੰਤ ਜਨਾ ਕੈ ਸੰਗਿ ਹਉਮੈ ਰੋਗੁ ਜਾਇ॥
ਸਰਬ ਨਿਰੰਤਰਿ ਖਸਮੁ, ਏਕੋ ਰਵਿ ਰਹਿਆ॥
ਗੁਰ ਪਰਸਾਦੀ ਸਚੁ, ਸਚੋ ਸਚੁ ਲਹਿਆ॥
ਦਇਆ ਕਰਹੁ ਦਇਆਲ, ਅਪਣੀ ਸਿਫਤਿ ਦੇਹੁ॥
ਦਰਸਨੁ ਦੇਖਿ ਨਿਹਾਲ, ਨਾਨਕ ਪ੍ਰੀਤਿ ਏਹ॥ ੧॥

**ਪ੍ਰਸ਼ਨ : "ਜਾਗਤ ਜੋਤ ਜਪੈ ਨਿਸਬਾਸੁਰ..." ਵਾਲਾ ਸਵੱਈਆ ਪੂਰਾ ਲਿਖੋ ਤੇ ਅਰਥ ਵੀ ਲਿਖੋ।**

**ਉੱਤਰ :** **ਜਾਗਤ ਜੋਤਿ ਜਪੈ ਨਿਸਬਾਸੁਰ,**
**ਏਕ ਬਿਨਾ ਮਨ ਨੈਕ ਨ ਆਨੈ॥**
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮੱਟ ਭੂਲ ਨ ਮਾਨੈ॥

ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ॥

*(੩੩ ਸਵੱਈਏ, ਪਾਤਸ਼ਾਹੀ ੧੦)*

— ਜੋ ਮਨੁੱਖ ਆਪਣੇ ਮਨ ਵਿਚ ਦਿਨ ਰਾਤ ਪ੍ਰਭੂ ਦਾ ਧਿਆਨ ਧਰਦਾ ਹੈ।

— ਜੋ ਇਕ ਪ੍ਰਭੂ ਨੂੰ ਛੱਡ ਕੇ ਹੋਰ ਕਿਸੇ ਨੂੰ ਥੋੜ੍ਹਾ ਜਿੰਨਾ ਵੀ ਮਨ ਵਿਚ ਨਹੀਂ ਲਿਆਉਂਦਾ।

— ਜੋ ਪ੍ਰਭੂ ਉੱਪਰ ਪੂਰਨ ਵਿਸ਼ਵਾਸ ਕਰਦਾ ਹੈ ਅਤੇ ਉਸ ਨਾਲ ਪੱਕਾ ਪਿਆਰ ਪਾਉਂਦਾ ਹੈ।

— ਜੋ ਭੁੱਲ ਕੇ ਵੀ ਕਦੀ ਵਰਤ ਨਹੀਂ ਰੱਖਦਾ, ਕਬਰਾਂ, ਮੜ੍ਹੀਆਂ ਤੇ ਮੱਠਾਂ ਦੀ ਪੂਜਾ ਨਹੀਂ ਕਰਦਾ।

— ਜੋ ਤੀਰਥ ਯਾਤਰਾ, ਵਿਖਾਵੇ ਦੇ ਦਾਨ, ਵਹਿਮਾਂ-ਭਰਮਾਂ ਵਾਲੀ ਦਇਆ ਤੇ ਸਰੀਰ ਨੂੰ ਕਸ਼ਟ ਦੇਣ ਵਾਲੀ ਤਪ ਸਾਧਨਾ ਨੂੰ ਨਹੀਂ ਮੰਨਦਾ। ਕੇਵਲ ਪ੍ਰਭੂ ਨਾਲ ਪਿਆਰ ਪਾਉਣਾ ਹੀ ਆਪਣਾ ਜੀਵਨ ਮਨੋਰਥ ਸਮਝਦਾ ਹੈ।

— ਜਿਸ ਦੇ ਮਨ ਵਿਚ ਪ੍ਰਭੂ ਦੇ ਪੂਰਨ ਗਿਆਨ ਦੀ ਜੋਤਿ ਭਾਵ ਗਿਆਨ ਦਾ ਚਾਨਣ ਲਟ ਲਟ ਜਗਦਾ ਹੋਵੇ, ਉਹ ਮਨੁੱਖ ਹੀ ਸ਼ੁੱਧ ਆਦਰਸ਼ਕ ਇਨਸਾਨ ਹੈ। ਅਜਿਹਾ ਧਰਮੀ ਮਨੁੱਖ ਹੀ ਪੂਰਨ ਖਾਲਸਾ ਅਖਵਾ ਸਕਦਾ ਹੈ।

## (ਖ) ਗੁਰਬਾਣੀ ਦਾ ਸ਼ੁੱਧ ਉਚਾਰਣ

**ਪ੍ਰਸ਼ਨ 1. ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਪੁ ਜੀ ਸਾਹਿਬ ਦਾ ਸ਼ੁੱਧ ਪਾਠ ਕਿਸ ਸਿੱਖ ਨੇ ਸਰਵਣ ਕਰਾਇਆ ਸੀ?**

ਉੱਤਰ : ਭਾਈ ਗੋਪਾਲਾ ਜੀ ਨੇ।

**ਪ੍ਰਸ਼ਨ 2. "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ" ਤੁਕ ਵਿਚ ਪੜ੍ਹਨ ਵਾਲੇ ਸੰਬੰਧਿਤ ਸਿੱਖ ਨੇ ਕੀ ਗ਼ਲਤੀ ਕੀਤੀ ਸੀ ਜਿਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਤਾੜਨਾ ਕੀਤੀ ਸੀ?**

ਉੱਤਰ : ਸਿੱਖ ਨੇ 'ਕੈ' ਨੂੰ 'ਕੇ' ਪੜ੍ਹ ਦਿੱਤਾ ਸੀ।



**ਪ੍ਰਸ਼ਨ 3. ਆਕਾਰ, ਦਾਤਾਰ ਸਾਲਾਹਣ, ਸਾਧਾਰੁ, ਰਾਜਾਨ, ਸਾਲਾਹ, ਪਾਤਾਲ, ਆਗਾਸ, ਵਾਪਾਰ, ਆਸੀਸ, ਗਾਵਾਰ, ਆਦੇਸ ਆਦਿ ਸ਼ਬਦਾਂ ਦੇ ਉਚਾਰਨ ਵੇਲੇ ਆਮ ਕਰਕੇ ਕੀ ਗ਼ਲਤੀ ਕੀਤੀ ਜਾਂਦੀ ਹੈ?**

ਉੱਤਰ : ਪਹਿਲੇ ਅੱਖਰ ਨੂੰ ਲੱਗਾ ਕੰਨਾ ਉਚਾਰਨ ਵੇਲੇ ਨਹੀਂ ਉਚਾਰਿਆ ਜਾਂਦਾ।

**ਪ੍ਰਸ਼ਨ 4. ਸੁਣਿਐ ਸ਼ਬਦ ਦਾ ਉਚਾਰਨ ਅਣਗਹਿਲੀ ਨਾਲ ਕਈ ਵਾਰ ਸੁਣੀਐ ਕੀਤਾ ਜਾਂਦਾ ਹੈ, ਇਸ ਵਿਚ ਕਿਸ ਪ੍ਰਕਾਰ ਦੀ ਗ਼ਲਤੀ ਹੈ?**

ਉੱਤਰ : 'ਸੁਣਿਐ' ਵਿਚ 'ਣ' ਨੂੰ ਸਿਹਾਰੀ ਲੱਗੀ ਹੈ ਪਰ ਪਾਠ ਕਰਨ ਲੱਗਿਆਂ ਅਸੀਂ 'ਣ' ਨੂੰ ਬਿਹਾਰੀ ਲਾ ਕੇ 'ਸੁਣੀਐ' ਪਾਠ ਕਰ ਜਾਂਦੇ ਹਾਂ ਜੋ ਸਿਹਾਰੀ ਨੂੰ ਬਿਹਾਰੀ ਵਿਚ ਬਦਲਣ ਵਾਲੀ ਗ਼ਲਤੀ ਹੈ।

**ਪ੍ਰਸ਼ਨ 5. 'ਵੀਚਾਰ' ਨੂੰ 'ਵਿਚਾਰ' ਪੜ੍ਹਨ ਵਿਚ ਕਿਸ ਪ੍ਰਕਾਰ ਦੀ ਗ਼ਲਤੀ ਕੀਤੀ ਜਾਂਦੀ ਹੈ?**

ਉੱਤਰ : ਬਿਹਾਰੀ ਨੂੰ ਸਿਹਾਰੀ ਵਿਚ ਬਦਲਣ ਵਾਲੀ ਗ਼ਲਤੀ ਹੈ।

**ਪ੍ਰਸ਼ਨ 6. 'ਮੰਨੈ' ਸ਼ਬਦ ਨੂੰ 'ਮੰਨੇ' ਪੜ੍ਹਨ ਵਿਚ ਕਿਸ ਪ੍ਰਕਾਰ ਦੀ ਗ਼ਲਤੀ ਕੀਤੀ ਜਾਂਦੀ ਹੈ?**

ਉੱਤਰ : 'ਦੁਲਾਵਾਂ' ਨੂੰ 'ਇਕ ਲਾਂ' ਵਿਚ ਬਦਲਣ ਦੀ ਗ਼ਲਤੀ ਹੈ।

**ਪ੍ਰਸ਼ਨ 7. 'ਅਨਿਕ' ਨੂੰ 'ਅਨਕ' ਪੜ੍ਹਨ ਵਿਚ ਕਿਸ ਪ੍ਰਕਾਰ ਦੀ ਗ਼ਲਤੀ ਹੈ?**

ਉੱਤਰ : 'ਅਨਿਕ' ਸ਼ਬਦ ਵਿਚ 'ਨ' ਨੂੰ ਸਿਹਾਰੀ ਹੈ ਜਿਸ ਨੂੰ ਅਨਕ ਪੜ੍ਹਨ ਸਮੇਂ ਸਿਹਾਰੀ ਛੱਡ ਦੇਣ ਦੀ ਗ਼ਲਤੀ ਹੈ।

**ਪ੍ਰਸ਼ਨ 8. 'ਠਾਕੁਰ' ਨੂੰ 'ਠਾਕਰ' ਉਚਾਰਨ ਵਿਚ ਕਿਸ ਪ੍ਰਕਾਰ ਦੀ ਗ਼ਲਤੀ ਹੈ?**

ਉੱਤਰ : 'ਠਾਕੁਰ' ਸ਼ਬਦ ਵਿਚ 'ਕ' ਅੱਖਰ ਨੂੰ ਲੱਗੀ ਔਂਕੜ ਛੱਡ ਦੇਣ ਦੀ ਗ਼ਲਤੀ ਹੈ।

**ਪ੍ਰਸ਼ਨ 9. 'ਪ੍ਰਤਿਪਾਲ' ਸ਼ਬਦ ਦਾ ਉਚਾਰਨ 'ਪਰਿਤਪਾਲ' ਕਰਨ ਵਿਚ ਕਿਸ ਪ੍ਰਕਾਰ ਦੀ ਗ਼ਲਤੀ ਹੈ?**

ਉੱਤਰ : 'ਪ੍ਰਤਿਪਾਲ' ਸ਼ਬਦ ਵਿਚ ਸਿਹਾਰੀ 'ਤ' ਅੱਖਰ ਨਾਲ ਹੈ 'ਰ' ਅੱਖਰ ਨਾਲ ਨਹੀਂ।

**ਪ੍ਰਸ਼ਨ 10. 'ਦਇਆਲ' ਸ਼ਬਦ ਨੂੰ 'ਦਿਆਲ' ਪੜ੍ਹਨ ਵਿਚ ਕੀ ਗ਼ਲਤੀ ਹੈ?**

ਉੱਤਰ : 'ਦਇਆਲ' ਸ਼ਬਦ ਵਿਚ ਸਿਹਾਰੀ 'ੲ' ਅੱਖਰ ਨੂੰ ਹੈ 'ਦ' ਅੱਖਰ ਨੂੰ ਨਹੀਂ।

**ਪ੍ਰਸ਼ਨ 11. ॥੧॥ ਰਹਾਉ॥ ਦਾ ਉਚਾਰਨ ਕਈ ਪਾਠੀ 'ਇਕ ਰਹਾਉ' ਕਰਦੇ ਹਨ। ਇਸ ਵਿਚ ਕੀ ਗ਼ਲਤੀ ਹੈ?**

**ਉੱਤਰ** : ਸ਼ਬਦਾਂ ਦੇ ਅੰਦਰ ਅਤੇ ਅੰਤ ਵਿਚ ਦਿੱਤੇ ਗਏ ਅੰਕਾਂ ਦਾ ਉਚਾਰਨ ਨਹੀਂ ਕੀਤਾ ਜਾਂਦਾ ਇਸ ਲਈ 'ਇਕ ਰਹਾਉ' ਪੜ੍ਹਨਾ ਗ਼ਲਤ ਹੈ। ਸ਼ੁੱਧ ਉਚਾਰਨ 'ਰਹਾਉ' ਹੀ ਹੈ।

**ਪ੍ਰਸ਼ਨ 12. ਜਿਹ ਨੂੰ ਜਹਿ ਪੜ੍ਹਨ ਵਿਚ ਕੀ ਗ਼ਲਤੀ ਹੈ?**

**ਉੱਤਰ** : ਸਿਹਾਰੀ 'ਜ' ਅੱਖਰ ਨੂੰ ਹੈ, 'ਹ' ਅੱਖਰ ਨੂੰ ਨਹੀਂ।

**ਪ੍ਰਸ਼ਨ 13. 'ਅੰਮ੍ਰਿਤ' ਸ਼ਬਦ ਨੂੰ 'ਅੰਮਿਰਤ' ਪੜ੍ਹਨ ਵਿਚ ਕੀ ਗ਼ਲਤੀ ਹੈ?**

**ਉੱਤਰ** : ਸਿਹਾਰੀ ਪੈਰ ਵਾਲੇ 'ਰ' ਅੱਖਰ ਨਾਲ ਹੈ, 'ਮ' ਅੱਖਰ ਨਾਲ ਨਹੀਂ। ਸ਼ੁੱਧ ਪਾਠ ਹੈ 'ਅੰਮਰਿਤ'।

**ਪ੍ਰਸ਼ਨ 14. 'ਏ ਮਨ ਮੇਰਿਆ' ਵਿਚ 'ਮਨ' ਨੂੰ 'ਮਨਾ' ਪੜ੍ਹਨ ਵਿਚ ਕੀ ਗ਼ਲਤੀ ਹੈ?**

**ਉੱਤਰ** : ਮਨ ਦੇ 'ਨ' ਨੂੰ ਕੰਨਾ ਵਾਧੂ ਲਾ ਦਿੱਤਾ ਹੈ।

**ਪ੍ਰਸ਼ਨ 15. 'ਜਿਸੁ ਦੇਹਿ ਸੁ ਪਾਵਏ' ਵਿਚ 'ਦੇਹਿ' ਨੂੰ 'ਦੇਵਹਿ' ਪੜ੍ਹਨ ਵਿਚ ਕੀ ਗ਼ਲਤੀ ਹੈ?**

**ਉੱਤਰ** : 'ਦੇਹਿ' ਸ਼ਬਦ ਵਿਚ 'ਵ' ਅੱਖਰ ਨਹੀਂ ਹੈ ਜੋ ਆਪਣੇ ਕੋਲੋਂ ਵਾਧੂ ਲਾ ਦਿੱਤਾ ਹੈ।

**ਪ੍ਰਸ਼ਨ 16. 'ਕਰਉ ਬੇਨੰਤੀ ਸੁਣਹੁ ਮੇਰੇ ਮੀਤਾ'' ਵਿਚ 'ਬੇਨੰਤੀ' ਨੂੰ 'ਬੇਨਤੀ' ਪੜ੍ਹ ਜਾਣ ਵਿਚ ਕੀ ਗ਼ਲਤੀ ਹੈ?**

**ਉੱਤਰ** : 'ਨ' ਅੱਖਰ ਉਪਰ ਲੱਗੀ ਹੋਈ ਟਿੱਪੀ ਨਹੀਂ ਬੁਲਾਈ ਗਈ।

**ਪ੍ਰਸ਼ਨ 17. 'ਤੁਮ ਤੇ ਹੋਇ ਸੁ ਆਗਿਆਕਾਰੀ' ਤੁਕ ਵਿਚ ਕਈ 'ਤੁਮ ਸੇ ਹੋਇ' ਪੜ੍ਹ ਜਾਂਦੇ ਹਨ? ਇਸ ਵਿਚ ਕੀ ਗ਼ਲਤੀ ਹੈ?**

**ਉੱਤਰ** : 'ਤੇ' ਨੂੰ 'ਸੇ' ਗ਼ਲਤੀ ਨਾਲ ਪੜ੍ਹਨਾ।

**ਪ੍ਰਸ਼ਨ 18. ''ਜਿਨ ਨਾਨਕੁ ਸਤਿਗੁਰ ਪੂਜਿਆ'' ਵਿਚ ਜਿਨ ਨੂੰ ਕਈ 'ਜਨ' ਪੜ੍ਹ ਜਾਂਦੇ ਹਨ ਇਸ ਵਿਚ ਕੀ ਗ਼ਲਤੀ ਹੈ?**

**ਉੱਤਰ** : 'ਜ' ਅੱਖਰ ਨੂੰ ਲੱਗੀ ਹੋਈ ਸਿਹਾਰੀ ਨਹੀਂ ਬੁਲਾਈ ਗਈ।

**ਪ੍ਰਸ਼ਨ 19. ਹੇਠ ਲਿਖੀਆਂ ਤੁਕਾਂ ਵਿਚ ਲੱਗੇ ਅਰਧ ਬਿਸਰਾਮਾਂ ਨੂੰ ਧਿਆਨ ਨਾਲ ਯਾਦ ਕਰੋ :**

**ਉੱਤਰ** :
1. ਗੁਰਾ, ਇਕ ਦੇਹਿ ਬੁਝਾਈ॥ *(ਜਪੁ ਜੀ ਸਾਹਿਬ)*
2. ਗੁਰੁ ਈਸਰੁ, ਗੁਰੁ ਗੋਰਖੁ ਬਰਮਾ,
   ਗੁਰੁ ਪਾਰਬਤੀ ਮਾਈ॥ *(ਜਪੁ ਜੀ ਸਾਹਿਬ)*



3. ਕੇਤੀਆ ਕਰਮ ਭੂਮੀ, ਮੇਰ ਕੇਤੇ,
   ਕੇਤੇ ਧੂ ਉਪਦੇਸ॥ *(ਜਪੁ ਜੀ ਸਾਹਿਬ)*
4. ਦੀਨ ਦਇਆਲ ਦਇਆ ਨਿਧਿ,
   ਦੋਖਨ ਦੇਖਤ ਹੈ, ਪਰ ਦੇਤ ਨ ਹਾਰੈ॥ *(ਤ੍ਵਪ੍ਰਸਾਦਿ ਸਵੱਯੈ)*
5. ਸਾਧ ਸਮੂਹ ਪ੍ਰਸੰਨ ਫਿਰੈਂ ਜਗ,
   ਸਤ੍ਰ ਸਭੈ ਅਵਲੋਕ ਚਪੈਂਗੇ॥ *(ਤ੍ਵਪ੍ਰਸਾਦਿ ਸਵੱਯੈ)*

**ਪ੍ਰਸ਼ਨ 20. ''ਸਦਾ ਅਨੰਦੁ ਨ ਹੋਵੀ ਸੋਗ'' ਤੁਕ ਵਿਚ 'ਨ' ਦਾ ਸ਼ੁੱਧ ਉਚਾਰਨ ਕੀ ਹੈ?**

**ਉੱਤਰ** : 'ਨਾ'

**ਪ੍ਰਸ਼ਨ 21. ''ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ'' ਤੁਕ ਵਿਚ 'ਤ' ਦਾ ਸ਼ੁੱਧ ਉਚਾਰਨ ਕੀ ਹੈ?**

**ਉੱਤਰ** : 'ਤਾ'

**ਪ੍ਰਸ਼ਨ 22. ਮਃ ੩, ਮਃ ੪ ਦਾ ਸ਼ੁੱਧ ਉਚਾਰਨ ਕੀ ਹੈ?**

**ਉੱਤਰ** : ਮਹਿਲਾ ਤੀਜਾ, ਮਹਿਲਾ ਚੌਥਾ।

ਪਰਚਾ—ਦੂਜਾ ਅੰਕ—100

# ਸਿੱਖ ਇਤਿਹਾਸ

## (ੳ) ਸੰਖੇਪ ਜੀਵਨ—ਦਸ ਗੁਰੂ ਸਾਹਿਬਾਨ

| ਗੁਰੂ ਸਾਹਿਬ ਦਾ ਨਾਮ | ਗੁਰਗੱਦੀ ਅਸਥਾਨ | ਗੁਰੂ ਬਣਨ ਸਮੇਂ ਉਮਰ | ਕੁੱਲ ਉਮਰ |
|---|---|---|---|
| ਗੁਰੂ ਨਾਨਕ ਦੇਵ ਜੀ | ਧੁਰ ਦਰਗਾਹੋਂ | ਜਨਮ ਤੋਂ ਹੀ ਗੁਰੂ | 70 ਸਾਲ, 5 ਮਹੀਨੇ |
| ਗੁਰੂ ਅੰਗਦ ਦੇਵ ਜੀ | ਕਰਤਾਰਪੁਰ (ਪਾਕਿਸਤਾਨ) | 35½ ਸਾਲ | 48 ਸਾਲ |
| ਗੁਰੂ ਅਮਰਦਾਸ ਜੀ | ਖਡੂਰ ਸਾਹਿਬ | ਲਗਭਗ 73 ਸਾਲ | 95 ਸਾਲ, 4 ਮਹੀਨੇ |
| ਗੁਰੂ ਰਾਮਦਾਸ ਜੀ | ਗੋਇੰਦਵਾਲ ਸਾਹਿਬ | 40 ਸਾਲ | 47 ਸਾਲ |
| ਗੁਰੂ ਅਰਜਨ ਦੇਵ ਜੀ | ਅੰਮ੍ਰਿਤਸਰ | 18 ਸਾਲ, 4 ਮਹੀਨੇ | 43 ਸਾਲ |
| ਗੁਰੂ ਹਰਿਗੋਬਿੰਦ ਜੀ | ਅੰਮ੍ਰਿਤਸਰ | 11 ਸਾਲ | 48 ਸਾਲ, 9 ਮਹੀਨੇ |
| ਗੁਰੂ ਹਰਿਰਾਇ ਜੀ | ਕੀਰਤਪੁਰ ਸਾਹਿਬ | 14 ਸਾਲ | 31 ਸਾਲ, 9 ਮਹੀਨੇ |
| ਗੁਰੂ ਹਰਿਕ੍ਰਿਸ਼ਨ ਜੀ | ਕੀਰਤਪੁਰ ਸਾਹਿਬ | 5 ਸਾਲ, 3 ਮਹੀਨੇ | 7 ਸਾਲ, 9 ਮਹੀਨੇ |
| ਗੁਰੂ ਤੇਗ ਬਹਾਦਰ ਜੀ | ਬਾਬਾ ਬਕਾਲਾ | 43 ਸਾਲ | 54 ਸਾਲ, 7 ਮਹੀਨੇ |
| ਗੁਰੂ ਗੋਬਿੰਦ ਸਿੰਘ ਜੀ | ਅਨੰਦਪੁਰ ਸਾਹਿਬ | 9 ਸਾਲ | 41 ਸਾਲ, 9½ ਮਹੀਨੇ |





## (ੳ) ਸੰਖੇਪ ਇਤਿਹਾਸ—ਦਸ ਗੁਰੂ ਸਾਹਿਬਾਨ

### 1. ਗੁਰੂ ਨਾਨਕ ਦੇਵ ਜੀ

**ਪ੍ਰਸ਼ਨ 1. ਜਨੇਊ ਵਾਲੀ ਸਾਖੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?**

ਉੱਤਰ : ਇਸ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਕੋਈ ਬੰਦਾ ਉੱਚਾ ਜਾਂ ਨੀਵਾਂ ਨਹੀਂ। ਉੱਚਾ ਉਹ ਹੈ ਜੋ ਨੇਕ ਤੇ ਚੰਗੇ ਕੰਮ ਕਰੇ ਤੇ ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰੇ। ਕੇਵਲ ਜਨੇਊ ਪਾਉਣ ਨਾਲ ਹੀ ਮਨੁੱਖ ਧਰਮੀ ਨਹੀਂ ਬਣ ਸਕਦਾ।

**ਪ੍ਰਸ਼ਨ 2. ਗੁਰੂ ਜੀ ਵਲੋਂ 'ਨਾ ਕੋਈ ਹਿੰਦੂ, ਨਾ ਮੁਸਲਮਾਨ' ਨਾਹਰਾ ਲਗਾਉਣ ਤੋਂ ਕੀ ਭਾਵ ਸੀ?**

ਉੱਤਰ : ਗੁਰੂ ਜੀ ਦਾ ਇਹ ਨਾਹਰਾ ਲਾਉਣ ਤੋਂ ਭਾਵ ਲੋਕਾਂ ਨੂੰ ਇਹ ਸਮਝਾਉਣਾ ਸੀ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡ ਕੇ ਪਰਮਾਤਮਾ ਨੂੰ ਸਾਰੀ ਲੋਕਾਈ ਵਿਚ ਦੇਖੋ।

**ਪ੍ਰਸ਼ਨ 3. ਜਦੋਂ ਗੁਰੂ ਨਾਨਕ ਦੇਵ ਜੀ ਜਗਨਨਾਥ ਪੁਰੀ ਦੇ ਮੰਦਰ ਪਹੁੰਚੇ ਤਾਂ ਉਥੇ ਆਰਤੀ ਕਿਵੇਂ ਕੀਤੀ ਜਾ ਰਹੀ ਸੀ?**

ਉੱਤਰ : ਉਥੇ ਸੁਨਹਿਰੀ ਥਾਲ ਵਿਚ ਹੀਰੇ ਮੋਤੀ ਤੇ ਲਾਲ ਜੜੇ ਹੋਏ ਸਨ ਤੇ ਇਸ ਵਿਚ ਚਹੁੰ ਵੱਟੀਆਂ ਵਾਲਾ ਦੀਵਾ ਬਲ ਰਿਹਾ ਸੀ। ਦੀਵੇ ਦੇ ਕੋਲ ਧੂਪ ਧੁਖ ਰਹੀ ਸੀ ਤੇ ਇਕ ਪਾਸੇ ਚਾਂਦੀ ਦੀ ਥਾਲੀ ਵਿਚ ਸੰਦਲ ਬੂਰ ਪਿਆ ਸੀ। ਮੂਰਤੀ ਨੂੰ ਚੌਰ ਹੋ ਰਿਹਾ ਸੀ। ਢੋਲਕੀ ਛੈਣੇ ਵੱਜ ਰਹੇ ਸਨ ਤੇ ਥਾਲੀ ਨੂੰ ਮੂਰਤੀ ਦੇ ਉੱਪਰ ਹੇਠਾਂ, ਖੱਬੇ ਸੱਜੇ ਤੇ ਗੋਲ ਚੱਕਰ ਵਿਚ ਘੁਮਾ ਕੇ ਆਰਤੀ ਕੀਤੀ ਜਾ ਰਹੀ ਸੀ।

**ਪ੍ਰਸ਼ਨ 4. ਜਗਨਨਾਥ ਪੁਰੀ ਵਿਚ ਜਦੋਂ ਲੋਕਾਂ ਨੇ ਗੁਰੂ ਜੀ ਨੂੰ ਆਰਤੀ ਵਿਚ ਸ਼ਾਮਲ ਨਾ ਹੋਣ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਕੀ ਉੱਤਰ ਦਿੱਤਾ?**

ਉੱਤਰ : ਗੁਰੂ ਜੀ ਨੇ ਕਿਹਾ ਕਿ ਮੈਂ ਤਾਂ ਜਗਤ ਦੇ ਮਾਲਕ 'ਪਰਮਾਤਮਾ' ਦੀ ਸੱਚੀ ਆਰਤੀ ਕਰ ਰਿਹਾ ਸੀ। ਤੁਸੀਂ ਆਪ ਉਸ ਸੱਚੀ ਆਰਤੀ ਵਿਚ ਸ਼ਾਮਲ ਨਹੀਂ ਹੋਏ।

**ਪ੍ਰਸ਼ਨ 5. ਗੁਰੂ ਜੀ ਨੇ ਮੂਰਤੀ ਦੀ ਆਰਤੀ ਦਾ ਖੰਡਨ ਕਰਦਿਆਂ ਕਿਹੜਾ ਸ਼ਬਦ ਉਚਾਰਿਆ?**

ਉੱਤਰ : "ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ॥"

**ਪ੍ਰਸ਼ਨ 6. ਉਪਰੋਕਤ ਤੁਕਾਂ (ਸ਼ਬਦ) ਕਿਸ ਰਾਗ ਵਿਚ ਦਰਜ ਹਨ?**

ਉੱਤਰ : ਧਨਾਸਰੀ ਰਾਗ ਵਿਚ।

**ਪ੍ਰਸ਼ਨ 7. ਇਸ ਸਾਖੀ ਤੋਂ ਕੀ ਸਿੱਖਿਆ ਮਿਲਦੀ ਹੈ?**

ਉੱਤਰ : ਮੂਰਤੀ ਪੂਜਾ ਛੱਡ ਕੇ ਸਾਨੂੰ ਰੱਬ ਦਾ ਸਿਮਰਨ ਕਰਨਾ ਚਾਹੀਦਾ ਹੈ।

**ਪ੍ਰਸ਼ਨ 8. ਅੱਜਕਲ੍ਹ ਕਈ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਥਾਲਾਂ ਵਿਚ ਦੀਵੇ ਬਾਲ ਕੇ ਆਰਤੀ ਉਤਾਰੀ ਜਾਂਦੀ ਹੈ ਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਕੀ ਇਹ ਠੀਕ ਹੈ?**

ਉੱਤਰ : ਨਹੀਂ ਜੀ।

**ਪ੍ਰਸ਼ਨ 9. 'ਭਾਈ ਲਾਲੋ' ਵਾਲੀ ਸਾਖੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?**

ਉੱਤਰ : 'ਭਾਈ ਲਾਲੋ' ਵਾਲੀ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਅਸੀਂ ਵੀ ਭਾਈ ਲਾਲੋ ਵਾਂਗ ਸੱਚੇ ਸਿੱਖ ਬਣਨਾ ਹੈ। ਧਰਮ ਦੀ ਸੱਚੀ-ਸੁੱਚੀ ਕਿਰਤ ਕਰਨੀ ਹੈ। ਮਿਹਨਤ ਕਰਕੇ ਹੱਕ ਦੀ ਕਮਾਈ ਕਰਨੀ ਹੈ।

**ਪ੍ਰਸ਼ਨ 10. ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ?**

ਉੱਤਰ : ਅਕਾਲ ਪੁਰਖ ਆਪ ਸੀ।

## 2. ਗੁਰੂ ਅੰਗਦ ਦੇਵ ਜੀ

**ਪ੍ਰਸ਼ਨ 1. ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂਮਲ ਜੀ ਕਿਸ ਗੱਲ ਵਿਚ ਮਾਹਰ ਸਨ?**

ਉੱਤਰ : ਹਿਸਾਬ ਔਰ ਵਹੀ ਖਾਤੇ ਦੇ।

**ਪ੍ਰਸ਼ਨ 2. ਬੀਬੀ ਵਿਰਾਈ ਜੀ ਕੌਣ ਸਨ ਤੇ ਭਾਈ ਲਹਿਣਾ ਜੀ ਦੇ ਕੀ ਲਗਦੇ ਸਨ?**

ਉੱਤਰ : ਬੀਬੀ ਵਿਰਾਈ ਚੌਧਰੀ ਤਖ਼ਤ ਮਲ ਦੀ ਧੀ ਸੀ, ਜਿਸ ਨੂੰ ਬਾਬਾ ਫੇਰੂ ਮਲ ਜੀ ਆਪਣੀ ਸਕੀ ਭੈਣ ਮੰਨਦੇ ਸਨ। ਇਸ ਲਈ ਬੀਬੀ ਵਿਰਾਈ ਜੀ ਭਾਈ ਲਹਿਣਾ ਜੀ ਦੇ ਭੂਆ ਜੀ ਲਗਦੇ ਸਨ।

**ਪ੍ਰਸ਼ਨ 3. ਭਾਈ ਲਹਿਣਾ ਜੀ ਦੀ ਘਾਲੀ ਘਾਲ ਬਾਰੇ ਸੱਤਾ ਤੇ ਬਲਵੰਡ ਜੀ ਨੇ ਜੋ ਵਾਰ ਲਿਖੀ ਹੈ ਉਸ ਵਿਚ ਕੀ ਲਿਖਿਆ ਹੈ?**

ਉੱਤਰ : ਪਏ ਕਬੂਲ ਖਸੰਮ ਨਾਲ ਜਾ ਘਾਲ ਮਰਦੀ ਘਾਲੀ॥

**ਪ੍ਰਸ਼ਨ 4. 'ਬਲਵੰਡ ਖੀਵੀ ਨੇਕ ਜਨ, ਜਿਸ ਬਹੁਤੀ ਛਾਉ ਪਤ੍ਰਾਲੀ' ਦਾ ਕੀ ਅਰਥ ਹੈ?**

ਉੱਤਰ : ਬਲਵੰਡ ਜੀ ਕਹਿੰਦੇ ਹਨ ਕਿ ਮਾਤਾ ਖੀਵੀ ਜੀ ਇਕ ਨੇਕ ਔਰਤ ਹਨ ਜਿਸਦੀ ਸਿੱਖ ਸੇਵਕਾਂ ਲਈ ਛਾਂ ਬਹੁਤ ਸੰਘਣੀ ਹੈ।



**ਪ੍ਰਸ਼ਨ 5. ਆਪ ਜੀ ਦੀ ਕੁੱਲ ਬਾਣੀ ਕਿੰਨੀ ਹੈ?**

ਉੱਤਰ : 63 ਸਲੋਕ।

**ਪ੍ਰਸ਼ਨ 6. ਇਹ ਸਲੋਕ ਕਿੰਨੀਆਂ ਵਾਰਾਂ ਵਿਚ ਦਰਜ ਹਨ?**

ਉੱਤਰ : 9 ਵਾਰਾਂ ਵਿਚ ਢੁਕਵੀਆਂ ਥਾਵਾਂ 'ਤੇ ਦਰਜ ਹਨ।

**ਪ੍ਰਸ਼ਨ 7. "ਪੂਜਾ ਦੇ ਧਾਨ" ਬਾਰੇ ਆਪ ਜੀ ਦੇ ਕੀ ਵੀਚਾਰ ਹਨ?**

ਉੱਤਰ : ਗੁਰੂ ਜੀ ਪੂਜਾ ਦੇ ਧਾਨ ਨੂੰ ਗ੍ਰਿਹਸਤੀ ਵਾਸਤੇ 'ਕੱਚਾ ਪਾਰਾ' ਦੱਸਦੇ ਹਨ।

**ਪ੍ਰਸ਼ਨ 8. ਆਪ ਜੀ ਨੇ ਮੱਲ ਅਖਾੜੇ ਕਿਉਂ ਕਾਇਮ ਕੀਤੇ?**

ਉੱਤਰ : ਕਿਉਂਕਿ 'ਸਰੀਰਕ ਕਸਰਤ' ਸਰੀਰ ਨੂੰ ਅਰੋਗ ਤੇ ਮਜ਼ਬੂਤ ਬਣਾਉਣ ਵਿਚ ਬਹੁਤ ਸਹਾਈ ਹੁੰਦੀ ਹੈ। ਮੱਲ ਅਖਾੜਿਆਂ ਵਿਚ ਸਰੀਰਕ ਕਸਰਤ ਦੀ ਸਿਖਲਾਈ ਦਿੱਤੀ ਜਾਂਦੀ ਹੈ। ਗੁਰੂ ਜੀ ਚਾਹੁੰਦੇ ਸਨ ਕਿ ਸਿੱਖ ਸਰੀਰਕ ਕਸਰਤ ਕਰਕੇ ਬਲਵਾਨ ਬਣਨ।

**ਪ੍ਰਸ਼ਨ 9. ਆਪ ਜੀ ਨੇ ਚੌਧਰੀ ਮਲੂਕਾ ਨੂੰ ਕੀ ਉਪਦੇਸ਼ ਤੇ ਤਾੜਨਾ ਕੀਤੀ ਸੀ?**

ਉੱਤਰ : ਚੌਧਰੀ ਮਲੂਕਾ ਨੂੰ ਸ਼ਰਾਬ ਨਾ ਪੀਣ ਦਾ ਉਪਦੇਸ਼ ਦਿੱਤਾ ਸੀ, ਤੇ ਇਹ ਤਾੜਨਾ ਕੀਤੀ ਸੀ ਕਿ ਜੇ ਤੂੰ ਸ਼ਰਾਬ ਪੀਏਂਗਾ ਤਾਂ ਮਿਰਗੀ ਦੀ ਬੀਮਾਰੀ ਤੈਨੂੰ ਫਿਰ ਚੰਬੜ ਜਾਵੇਗੀ।

**ਪ੍ਰਸ਼ਨ 10. 'ਭਾਈ ਮਾਹਣੇ' ਨੂੰ ਆਪ ਜੀ ਨੇ ਕੀ ਉਪਦੇਸ਼ ਦਿੱਤਾ ਸੀ?**

ਉੱਤਰ : ਸੇਵਾਦਾਰ ਨੂੰ ਕਦੀ ਵੀ ਖਰ੍ਹਵਾ ਨਹੀਂ ਹੋਣਾ ਚਾਹੀਦਾ ਸਗੋਂ ਉਸ ਦੀ ਬੋਲੀ ਮਿਠਾਸ ਤੇ ਨਿਮਰਤਾ ਵਾਲੀ ਹੋਣੀ ਚਾਹੀਦੀ ਹੈ।

## 3. ਗੁਰੂ ਅਮਰਦਾਸ ਜੀ

**ਪ੍ਰਸ਼ਨ 1. ਗੁਰੂ ਜੀ ਨੇ ਕਿਹੜੇ-ਕਿਹੜੇ ਸਮਾਜ ਸੁਧਾਰ ਕੀਤੇ?**

ਉੱਤਰ : 1. ਸਤੀ ਦੀ ਰਸਮ ਦਾ ਵਿਰੋਧ ਕੀਤਾ 2. ਘੁੰਡ ਕੱਢਣ ਦੇ ਰਿਵਾਜ ਨੂੰ ਬੰਦ ਕਰਾਇਆ 3. ਮਰਨ ਪਿਛੋਂ ਕੀਤੀਆਂ ਜਾਣ ਵਾਲੀਆਂ ਭੈੜੀਆਂ ਰਸਮਾਂ ਦੂਰ ਕੀਤੀਆਂ 4. ਸੁਚ, ਭਿੱਟ ਤੇ ਜਾਤ-ਪਾਤ ਦੇ ਵਹਿਮ-ਭਰਮ ਨੂੰ ਦੂਰ ਕੀਤਾ।

**ਪ੍ਰਸ਼ਨ 2. ਬਾਈ ਮੰਜੀਆਂ ਤੋਂ ਬਿਨਾਂ ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਦੇ ਜੋ ਛੋਟੇ ਕੇਂਦਰ ਸਥਾਪਿਤ ਕੀਤੇ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਸੀ, ਉਨ੍ਹਾਂ ਦੀ ਗਿਣਤੀ ਕਿੰਨੀ ਸੀ?**

ਉੱਤਰ : 'ਪੀਹੜੇ' ਕਿਹਾ ਜਾਂਦਾ ਸੀ, ਜਿਨ੍ਹਾਂ ਦੀ ਗਿਣਤੀ 52 ਸੀ।

**ਪ੍ਰਸ਼ਨ 3. ਸਿੱਖਾਂ ਵਾਸਤੇ ਰਿਸ਼ਤਾ ਕਰਦੇ ਸਮੇਂ ਜਾਤ-ਪਾਤ ਪੁੱਛਣੀ ਗੁਰਮਤਿ ਹੈ ਜਾਂ ਮਨਮਤ?**

ਉੱਤਰ : ਮਨਮਤ।

**ਪ੍ਰਸ਼ਨ 4. ਗੋਇੰਦਵਾਲ ਕਦੋਂ ਵਸਾਇਆ ਗਿਆ?**

ਉੱਤਰ : 1546 ਈਸਵੀ ਵਿਚ।

**ਪ੍ਰਸ਼ਨ 5. ਗੁਰੂ ਅਮਰਦਾਸ ਜੀ ਦੇ ਜੀਵਨ ਤੋਂ ਕੀ ਪ੍ਰੇਰਣਾ ਮਿਲਦੀ ਹੈ?**

ਉੱਤਰ : ਗੁਰੂ ਦੀ ਸੇਵਾ ਤੋਂ ਹੀ ਸਭ ਕੁਝ ਪ੍ਰਾਪਤ ਹੁੰਦਾ ਹੈ। ਤੀਰਥ ਇਸ਼ਨਾਨ ਨਾਲ ਮਨ ਦੀ ਸ਼ਾਂਤੀ ਨਹੀਂ ਮਿਲਦੀ।

## 4. ਗੁਰੂ ਰਾਮਦਾਸ ਜੀ

**ਪ੍ਰਸ਼ਨ 1. ਸੰਤੋਖਸਰ ਸਰੋਵਰ ਦੀ ਖੁਦਾਈ ਲਈ (ਗੁਰੂ) ਰਾਮਦਾਸ ਜੀ ਨਾਲ ਕਿਹੜੇ ਸਿੱਖ ਗਏ?**

ਉੱਤਰ : ਬਾਬਾ ਬੁੱਢਾ ਜੀ।

**ਪ੍ਰਸ਼ਨ 2. 'ਗੁਰੂ ਕੇ ਚੱਕ' ਦੀ ਨੀਂਹ ਕਦੋਂ ਰੱਖੀ ਗਈ?**

ਉੱਤਰ : ਸੰਨ 1574 ਵਿਚ।

**ਪ੍ਰਸ਼ਨ 3. ਅੰਮ੍ਰਿਤਸਰ ਸਰੋਵਰ ਦੀ ਨੀਂਹ ਕਦੋਂ ਰੱਖੀ ਗਈ?**

ਉੱਤਰ : ਸੰਨ 1577 ਵਿਚ।

**ਪ੍ਰਸ਼ਨ 4. ਅੰਮ੍ਰਿਤਸਰ ਦੇ ਪਹਿਲੇ ਦੋ ਨਾਮ ਦੱਸੋ।**

ਉੱਤਰ : 1. ਗੁਰੂ ਕਾ ਚੱਕ
2. ਚੱਕ ਰਾਮਦਾਸ ਜਾਂ ਰਾਮਦਾਸਪੁਰਾ

**ਪ੍ਰਸ਼ਨ 5. ਜਦੋਂ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਿੱਤੀ ਤੇ ਉਨ੍ਹਾਂ ਅੱਗੇ ਮੱਥਾ ਟੇਕਿਆ ਤਾਂ ਗੁਰੂ ਰਾਮਦਾਸ ਜੀ ਨੇ ਕੀ ਕਿਹਾ?**

ਉੱਤਰ : ਗੁਰੂ ਰਾਮਦਾਸ ਜੀ ਨੇ ਕਿਹਾ, "ਪਾਤਸ਼ਾਹ! ਤੂੰ ਆਪ ਜਾਣਦਾ ਹੈਂ, ਮੈਂ ਲਾਹੌਰ ਦੀਆਂ ਗਲੀਆਂ ਵਿਚ ਕੱਖਾਂ ਵਾਂਗ ਰੁਲਣ ਵਾਲਾ ਸੀ। ਮੇਰੀ ਯਤੀਮ ਦੀ ਬਾਂਹ ਫੜਨ ਲਈ ਕੋਈ ਤਿਆਰ ਨਹੀਂ ਸੀ। ਪਾਤਸ਼ਾਹ! ਇਹ ਤੇਰੀ ਹੀ ਮਿਹਰ ਹੈ ਕਿ ਮੇਰੇ ਵਰਗੇ ਕੀੜੇ ਨੂੰ ਪਿਆਰ ਨਾਲ ਤੱਕਿਆ ਤੇ ਮੈਨੂੰ ਅੱਜ ਅਰਸ਼ਾਂ ਤੇ ਅਪੜਾ ਦਿੱਤਾ ਹੈ।"



**ਪ੍ਰਸ਼ਨ 6. 'ਗੁਰੂ ਕੇ ਚੱਕ' ਵਿਚ ਗੁਰੂ ਜੀ ਨੇ ਵੱਸੋਂ ਵਸਾਉਣ ਲਈ ਕੀ ਕੀਤਾ?**

ਉੱਤਰ : ਗੁਰੂ ਜੀ ਨੇ ਵੱਖ-ਵੱਖ ਥਾਵਾਂ ਤੋਂ ਵੱਖ-ਵੱਖ ਕਿੱਤਿਆਂ ਵਾਲੇ ਬੰਦੇ ਮੰਗਵਾ ਕੇ ਇਥੇ ਵਸਾਏ। ਇਥੇ ਹਰ ਤਰ੍ਹਾਂ ਦਾ ਕਾਰ-ਵਿਹਾਰ ਹੋਣ ਲੱਗਾ।

**ਪ੍ਰਸ਼ਨ 7. ਬਾਬਾ ਪ੍ਰਿਥੀ ਚੰਦ ਜੀ ਕਿਹੋ ਜਿਹੇ ਸੁਭਾਅ ਦੇ ਮਾਲਕ ਸਨ?**

ਉੱਤਰ : ਬਾਬਾ ਪ੍ਰਿਥੀ ਚੰਦ ਜੀ ਕੰਮ-ਕਾਜ ਵਿਚ ਨਿਪੁੰਨ, ਆਮਦਨ ਖਰਚ ਦਾ ਹਿਸਾਬ ਰੱਖਣ ਵਿਚ ਮਾਹਿਰ, ਆਏ ਗਏ ਦੀ ਸੇਵਾ-ਸੰਭਾਲ ਕਰਨ ਵਾਲੇ, ਚੁਸਤ ਤੇ ਦੁਨਿਆਵੀ ਕਾਰ-ਵਿਹਾਰ ਦੇ ਬੜੇ ਯੋਗ ਪ੍ਰਬੰਧਕ ਸਨ, ਪਰ ਆਤਮਕ ਗੁਣਾਂ ਤੋਂ ਸੱਖਣੇ ਸਨ।

**ਪ੍ਰਸ਼ਨ 8. 'ਮਹਾਦੇਵ ਜੀ' ਦਾ ਸੁਭਾਅ ਕਿਸ ਤਰ੍ਹਾਂ ਦਾ ਸੀ?**

ਉੱਤਰ : 'ਮਹਾਦੇਵ' ਜੀ ਰਮਤੇ ਸੁਭਾਅ ਦੇ ਮਾਲਕ ਤੇ ਉਪਰਾਮ ਰਹਿਣ ਵਾਲੇ ਸਨ।

## 5. ਗੁਰੂ ਅਰਜਨ ਦੇਵ ਜੀ

**ਪ੍ਰਸ਼ਨ 1. ਉਸ ਗੁਰੂ ਸਾਹਿਬ ਦਾ ਨਾਮ ਦੱਸੋ, ਜਿਨ੍ਹਾਂ ਦੇ ਪਿਤਾ, ਨਾਨਾ, ਸਪੁੱਤਰ, ਪੋਤਰਾ, ਪੜਪੋਤਰਾ ਸਭ ਗੁਰੂ ਹੋਏ?**

ਉੱਤਰ : ਗੁਰੂ ਅਰਜਨ ਦੇਵ ਜੀ।

**ਪ੍ਰਸ਼ਨ 2. ਉਸ ਸਿੱਖ ਬੀਬੀ ਦਾ ਨਾਂ ਦੱਸੋ, ਜਿਹੜੀ ਇਕ ਗੁਰੂ ਦੀ ਪਤਨੀ, ਇਕ ਗੁਰੂ ਦੀ ਬੇਟੀ, ਇਕ ਗੁਰੂ ਦੀ ਮਾਂ ਤੇ ਇਕ ਗੁਰੂ ਦੀ ਦਾਦੀ ਤੇ ਇਕ ਗੁਰੂ ਦੀ ਪੜਦਾਦੀ ਸਨ।**

ਉੱਤਰ : ਬੀਬੀ ਭਾਨੀ ਜੀ।

**ਪ੍ਰਸ਼ਨ 3. ਗੁਰੂ ਜੀ ਕਿੰਨੇ ਮਹੀਨੇ ਲਾਹੌਰ ਵਿਚ ਸੇਵਾ ਕਰਦੇ ਰਹੇ?**

ਉੱਤਰ : 8 ਮਹੀਨੇ।

**ਪ੍ਰਸ਼ਨ 4. ਭਾਈ ਗੁਰਦਾਸ ਜੀ ਨੇ ਕਿਸ ਸਰੋਵਰ ਦੇ ਕੰਢੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਦੀ ਸੇਵਾ ਕੀਤੀ ਸੀ?**

ਉੱਤਰ : ਰਾਮਸਰ ਸਰੋਵਰ ਦੇ ਕੰਢੇ।

**ਪ੍ਰਸ਼ਨ 5. ਕਿਹੜੇ ਦੋ ਜਨੂੰਨੀ ਮੁਸਲਮਾਨਾਂ ਨੇ ਗੁਰੂ ਅਰਜਨ ਦੇਵ ਜੀ ਵਿਰੁੱਧ ਜਹਾਂਗੀਰ ਦੇ ਕੰਨ ਭਰੇ?**

ਉੱਤਰ : 1. ਸ਼ੇਖ ਅਹਿਮਦ ਸਰਹੰਦੀ।
2. ਸ਼ੇਖ ਫਰੀਦ ਬੁਖਾਰੀ।

**ਪ੍ਰਸ਼ਨ 6. ਜਹਾਂਗੀਰ ਨੇ ਗੁਰੂ ਜੀ ਉਪਰ ਕਿਸ ਬਾਗ਼ੀ ਦੀ ਸਹਾਇਤਾ ਕਰਨ ਦਾ ਦੋਸ਼ ਲਗਾਇਆ?**

ਉੱਤਰ : ਬਾਗ਼ੀ ਖੁਸਰੋ ਦੀ ਸਹਾਇਤਾ ਕਰਨ ਦਾ।

**ਪ੍ਰਸ਼ਨ 7. ਸ਼ਹੀਦ ਕਰਨ ਸਮੇਂ ਗੁਰੂ ਜੀ ਨੂੰ ਕਿਹੜੇ ਤਸੀਹੇ ਦਿੱਤੇ ਗਏ?**

ਉੱਤਰ : 1. ਉਬਲਦੇ ਪਾਨੀ ਦੀ ਦੇਗ ਵਿਚ ਬਿਠਾਇਆ।
2. ਨੰਗੇ ਪਿੰਡੇ 'ਤੇ ਸੜਦੀ ਰੇਤ ਪਾਈ ਗਈ।
3. ਲੋਹ ਉੱਤੇ ਬਿਠਾ ਕੇ ਥੱਲੇ ਅੱਗ ਦਾ ਭਾਂਬੜ ਬਾਲਿਆ ਗਿਆ।
4. ਉਨ੍ਹਾਂ ਦੇ ਸਰੀਰ ਨੂੰ ਰਾਵੀ ਦੇ ਠੰਢੇ ਪਾਨੀ ਵਿਚ ਰੋੜ੍ਹ ਦਿੱਤਾ ਗਿਆ।

**ਪ੍ਰਸ਼ਨ 8. ਗੁਰੂ ਜੀ ਨੇ 'ਭਾਈ ਮੰਝ ਜੀ' ਨੂੰ ਸਿੱਖੀ ਧਾਰਨ ਕਰਨ ਲਈ ਕੀ ਕਿਹਾ?**

ਉੱਤਰ : ਗੁਰੂ ਜੀ ਨੇ ਕਿਹਾ ਕਿ, "ਆਪਣੇ ਘਰ ਜਾ ਕੇ ਪੀਰਖਾਨਾ ਢਾਹ ਦੇ। ਸਖੀ ਸਰਵਰੀਆਂ ਦੀ ਪੂਜਾ ਛੱਡ ਕੇ ਸਿੱਖੀ ਤੋਂ ਉਲਟ ਸਾਰੇ ਕੰਮ ਕਰਨੇ ਬੰਦ ਕਰ ਦੇ ਤਾਂ ਹੀ ਤੂੰ ਸਿੱਖ ਬਣ ਸਕਦਾ ਹੈਂ।"

**ਪ੍ਰਸ਼ਨ 9. ਭਾਈ ਮੰਝ ਜੀ ਦੀ ਸਾਖੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?**

ਉੱਤਰ : ਇਸ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਿੱਖ ਬਣਨ ਵਾਸਤੇ ਦੇਵੀ-ਦੇਵਤਿਆਂ ਦੀ ਪੂਜਾ, ਪੀਰਾਂ ਦੀ ਪੂਜਾ ਛੱਡਣੀ ਪੈਂਦੀ ਹੈ ਅਤੇ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਣਾਉਣਾ ਪੈਂਦਾ ਹੈ।

**ਪ੍ਰਸ਼ਨ 10. ਗੁਰਬਾਣੀ ਦੇ ਕਿਹੜੇ ਫੁਰਮਾਨ ਰਾਹੀਂ ਭਾਈ ਕਲਿਆਣਾ ਜੀ ਨੇ ਮੰਡੀ ਦੇ ਰਾਜੇ ਨੂੰ ਵਰਤ ਨਾ ਰੱਖਣ ਦੀ ਸਿੱਖਿਆ ਦਿੱਤੀ?**

ਉੱਤਰ : ਅੰਨ ਨ ਖਾਹਿ ਦੇਹੀ ਦੁਖੁ ਦੀਜੈ॥
ਬਿਨੁ ਗੁਰ ਗਿਆਨ, ਤ੍ਰਿਪਤਿ ਨਹੀ ਥੀਜੈ॥ *(ਰਾਮਕਲੀ, ਮਹਲਾ ੧)*

**ਪ੍ਰਸ਼ਨ 11. ਅਨਪੜ੍ਹ ਤੇ ਵਹਿਮੀ ਲੋਕ ਸੀਤਲਾ ਦਾ ਇਲਾਜ ਕਰਨ ਦੀ ਥਾਂ ਕੀ ਕਰਦੇ ਹਨ?**

ਉੱਤਰ : ਵਹਿਮੀ ਤੇ ਅਨਪੜ੍ਹ ਲੋਕ ਇਸਨੂੰ ਬੀਮਾਰੀ ਨਹੀਂ ਕਹਿੰਦੇ ਸਗੋਂ ਸੀਤਲਾ ਮਾਤਾ ਕਹਿੰਦੇ ਹਨ। ਉਹ ਬਿਮਾਰ ਕੋਲ ਬੈਠ ਕੇ ਦੇਵੀ ਮਾਤਾ ਦੀਆਂ ਭੇਟਾ ਗਾਉਂਦੇ ਹਨ। ਪਾਣੀ ਦੇ ਛੱਪੜਾਂ ਨੇੜੇ ਦੇਵੀ ਦੇ ਮੰਦਰ ਬਣਾਉਂਦੇ ਹਨ। ਉਨ੍ਹਾਂ ਮੰਦਰਾਂ ਤੋਂ ਮਿੱਟੀ ਲਿਆਉਂਦੇ ਹਨ, ਜਿਸਨੂੰ ਉਹ ਸੀਤਲਾ ਦਾ ਪ੍ਰਸ਼ਾਦ ਕਹਿੰਦੇ ਹਨ ਤੇ ਗਿੱਲੀ ਕਰਕੇ ਬਿਮਾਰ ਦੇ ਦਾਨਿਆਂ 'ਤੇ ਲਗਾਉਂਦੇ ਹਨ।



## 6. ਗੁਰੂ ਹਰਿਗੋਬਿੰਦ ਸਾਹਿਬ ਜੀ

**ਪ੍ਰਸ਼ਨ 1. ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਿੱਖਾਂ ਦੇ ਹਿਰਦੇ ਵਿਚ ਰਾਜਸੀ ਠਾਠ ਤੇ ਬੀਰ ਰਸ ਪੈਦਾ ਕਰਨ ਲਈ ਕੀ ਕੰਮ ਹੁੰਦੇ ਸਨ?**

ਉੱਤਰ : ਅਕਾਲ ਤਖ਼ਤ ਦੇ ਸਾਹਮਣੇ ਕਸਰਤਾਂ ਹੁੰਦੀਆਂ, ਸ਼ਸਤਰਾਂ ਦੇ ਅਭਿਆਸ ਹੁੰਦੇ ਅਤੇ ਢਾਡੀ, ਯੋਧਿਆਂ ਦੀਆਂ ਵਾਰਾਂ ਗਾ ਕੇ ਬੀਰ ਰਸ ਪੈਦਾ ਕਰਦੇ ਸਨ। ਗੁਰੂ ਜੀ ਆਪ ਬੀਰ ਰਸ ਭਰਪੂਰ ਵਖਿਆਨ ਦਿੰਦੇ ਸਨ।

**ਪ੍ਰਸ਼ਨ 2. ਸ਼ਾਹਜਹਾਨ ਵੇਲੇ ਕਿਹੜੀ ਬਾਉਲੀ ਨੂੰ ਪੂਰ ਕੇ ਮਸੀਤ ਬਣਾਈ ਗਈ?**

ਉੱਤਰ : ਲਾਹੌਰ ਦੇ ਡੱਬੀ ਬਾਜ਼ਾਰ ਵਿਚ ਬਣਾਈ ਬਾਉਲੀ ਨੂੰ।

**ਪ੍ਰਸ਼ਨ 3. ਗੁਰੂ ਕੇ ਸਿੱਖ ਗਰੀਬ ਘਾਹੀ ਨੇ ਜਹਾਂਗੀਰ ਅੱਗੇ ਭੇਟਾ ਰੱਖ ਕੇ ਵਾਪਸ ਕਿਉਂ ਚੁੱਕ ਲਈ?**

ਉੱਤਰ : ਉਸਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਪਹਿਲਾਂ ਕਦੇ ਦਰਸ਼ਨ ਨਹੀਂ ਕੀਤੇ ਸਨ। ਜਦੋਂ ਉਸਨੂੰ ਪਤਾ ਲੱਗਾ ਕਿ ਜਿਸ ਅੱਗੇ ਉਸਨੇ ਮੱਥਾ ਟੇਕਿਆ ਹੈ ਉਹ ਸੱਚਾ ਪਾਤਸ਼ਾਹ ਨਹੀਂ, ਸਗੋਂ ਬਾਦਸ਼ਾਹ ਜਹਾਂਗੀਰ ਹੈ, ਤਾਂ ਉਸਨੇ ਭੇਟਾ ਵਾਪਸ ਚੁੱਕ ਲਈ।

**ਪ੍ਰਸ਼ਨ 4. 'ਸੱਚਾ ਪਾਤਸ਼ਾਹ' ਵਾਲੀ (ਗਰੀਬ ਘਾਹੀ ਵਾਲੀ) ਸਾਖੀ ਤੋਂ ਕੀ ਸਿੱਖਿਆ ਮਿਲਦੀ ਹੈ?**

ਉੱਤਰ : ਸਿੱਖ, ਆਪਣੇ ਗੁਰੂ ਦੇ ਮੁਕਾਬਲੇ, ਰਾਜਿਆਂ ਨੂੰ ਵੀ ਕੁਝ ਨਹੀਂ ਸਮਝਦੇ ਅਤੇ ਸੰਸਾਰਕ ਪ੍ਰਾਪਤੀਆਂ ਦੇ ਲਾਲਚ ਵਿਚ ਗੁਰੂ ਦਾ ਪੱਲਾ ਨਹੀਂ ਛੱਡਦੇ। ਸਿਖਾਂ ਦੀ ਸ਼ਰਧਾ, ਪ੍ਰੇਮ ਅਤੇ ਸਤਿਕਾਰ ਕੇਵਲ ਆਪਣੇ ਗੁਰੂ ਲਈ ਹੁੰਦਾ ਹੈ। ਸਿੱਖ ਆਪਣੇ ਗੁਰੂ ਦੇ ਹੁਕਮਾਂ ਵਿਚ ਚੱਲ ਕੇ ਗੁਰੂ ਦੀਆਂ ਮਿਹਰਾਂ ਦੇ ਪਾਤਰ ਬਣਦੇ ਹਨ।

**ਪ੍ਰਸ਼ਨ 5. 'ਭਾਈ ਤਿਲਕਾ ਜੀ' ਦੇ ਜੀਵਨ ਤੋਂ ਕੀ ਸਿੱਖਿਆ ਮਿਲਦੀ ਹੈ?**

ਉੱਤਰ : ਗੁਰੂ ਦਾ ਸਿੱਖ ਨਰਕ ਸੁਰਗ ਦੀ ਇੱਛਾ ਨਹੀਂ ਕਰਦਾ ਤੇ ਗੁਰੂ ਦੀ ਸਿੱਖਿਆ 'ਤੇ ਚੱਲਣਾ ਹੀ ਆਪਣਾ ਜੀਵਨ ਮਨੋਰਥ ਸਮਝਦਾ ਹੈ।

## 7. ਗੁਰੂ ਹਰਿਰਾਇ ਜੀ

**ਪ੍ਰਸ਼ਨ 1. ਸੰਨ 1646 ਵਿਚ ਜਦੋਂ ਪੰਜਾਬ ਵਿਚ ਕਾਲ ਪੈ ਗਿਆ ਤਾਂ ਕਿਹੜੇ ਗੁਰੂ ਸਾਹਿਬ ਨੇ ਲੋਕਾਂ ਦੀ ਮਦਦ ਕੀਤੀ?**

**ਉੱਤਰ** : ਗੁਰੂ ਹਰਿਰਾਇ ਜੀ ਨੇ।

**ਪ੍ਰਸ਼ਨ 2. ਗੁਰੂ ਹਰਿਰਾਇ ਜੀ ਦੇ ਫੂਲ ਤੇ ਸੰਦਲੀ ਨੂੰ ਕੀਤੇ ਬਚਨਾਂ ਸਦਕਾ ਕਿਹੜੀਆਂ ਰਿਆਸਤਾਂ ਹੋਂਦ ਵਿਚ ਆਈਆਂ?**

**ਉੱਤਰ** : ਪਟਿਆਲਾ, ਨਾਭਾ ਤੇ ਜੀਂਦ ਦੀਆਂ ਰਿਆਸਤਾਂ।

**ਪ੍ਰਸ਼ਨ 3. ਜਦੋਂ ਦਾਰਾ ਸ਼ਿਕੋਹ (ਜੋ ਕਿ ਸ਼ਾਹਜਹਾਨ ਦਾ ਪੁੱਤਰ ਸੀ) ਬੀਮਾਰ ਹੋ ਗਿਆ ਤਾਂ ਕਿਹੜੀਆਂ ਦਵਾਈਆਂ ਨਾਲ ਉਸਦਾ ਇਲਾਜ ਹੋਇਆ? ਇਹ ਦਵਾਈਆਂ ਕਿਥੋਂ ਮਿਲੀਆਂ?**

**ਉੱਤਰ** : (ੳ) ਉਸਦਾ ਇਲਾਜ ਖਾਸ ਵਜ਼ਨ ਦੇ ਲੌਂਗ, ਹਰੀੜਾਂ ਤੇ ਰਾਜਮੋਤੀ ਨਾਲ ਹੋਇਆ। (ਅ) ਗੁਰੂ ਹਰਿਰਾਇ ਜੀ ਪਾਸੋਂ।

**ਪ੍ਰਸ਼ਨ 4. ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾ ਕੇ ਕਿਧਰ ਵੱਲ ਭੱਜਾ ਤੇ ਕਿਹੜੇ ਸਥਾਨ 'ਤੇ ਗੁਰੂ ਹਰਿਰਾਇ ਜੀ ਨੂੰ ਮਿਲਿਆ?**

**ਉੱਤਰ** : ਦਾਰਾ ਸ਼ਿਕੋਹ ਲਾਹੌਰ ਵੱਲ ਨੱਠਾ ਤੇ ਗੋਇੰਦਵਾਲ ਦੇ ਸਥਾਨ 'ਤੇ ਗੁਰੂ ਜੀ ਨੂੰ ਮਿਲਿਆ।

**ਪ੍ਰਸ਼ਨ 5. ਬਾਬਾ ਰਾਮਰਾਇ ਜੀ ਨੇ ਔਰੰਗਜ਼ੇਬ ਦੇ ਸਾਹਮਣੇ ਗੁਰਬਾਣੀ ਦੀ ਕਿਹੜੀ ਤੁਕ ਬਦਲੀ ਤੇ ਕੀ ਤਬਦੀਲੀ ਕੀਤੀ?**

**ਉੱਤਰ** : ਬਾਬਾ ਰਾਮਰਾਇ ਨੇ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਵਿਚ 'ਮਿਟੀ ਮੁਸਲਮਾਨ ਕੀ' ਨੂੰ ਬਦਲ ਕੇ 'ਮਿਟੀ ਬੇਈਮਾਨ ਕੀ' ਦੱਸਿਆ।

**ਪ੍ਰਸ਼ਨ 6. ਗੁਰੂ ਹਰਿਰਾਇ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕਿਹੜੀਆਂ ਤਿੰਨ ਬਖਸ਼ਸ਼ਾਂ ਕਾਇਮ ਕੀਤੀਆਂ?**

**ਉੱਤਰ** : 1. ਸੁਥਰੇ ਸ਼ਾਹੀ 2. ਭਗਤ ਭਗਵਾਨ 3. ਭਾਈ ਫੇਰੂ ਜੀ।

## 8. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

**ਪ੍ਰਸ਼ਨ 1. ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਦੇ ਕਿਸ ਸਪੁੱਤਰ ਨੂੰ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ?**

**ਉੱਤਰ** : ਸ਼ਹਿਜ਼ਾਦਾ ਮੁਅੱਜ਼ਮ ਨੂੰ।



**ਪ੍ਰਸ਼ਨ 2. ਗੁਰੂ ਜੀ ਦੇ 'ਬਾਬਾ ਵਸੇ ਗ੍ਰਾਮ ਬਕਾਲੇ' ਦੇ ਹੁਕਮ ਤੋਂ ਕੀ ਭਾਵ ਸੀ?**

**ਉੱਤਰ** : ਇਸ ਤੋਂ ਭਾਵ ਸੀ ਕਿ ਉਨ੍ਹਾਂ ਪਿਛੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਮਹਾਂਪੁਰਖ ਪਿੰਡ ਬਕਾਲੇ ਵਿਚ ਹੈ।

**ਪ੍ਰਸ਼ਨ 3. ਕਿਹੜੀ ਨਦੀ ਦੇ ਕੰਢੇ ਗੁਰੂ ਜੀ ਦਾ ਸਸਕਾਰ ਕੀਤਾ ਗਿਆ ਤੇ ਉਥੇ ਅੱਜਕਲ੍ਹ ਕਿਹੜਾ ਗੁਰਦੁਆਰਾ ਹੈ?**

**ਉੱਤਰ** : ਜਮੁਨਾ ਦੇ ਕੰਢੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਉਥੇ ਗੁਰਦੁਆਰਾ 'ਬਾਲਾ ਸਾਹਿਬ' ਹੈ।

## 9. ਗੁਰੂ ਤੇਗ ਬਹਾਦਰ ਸਾਹਿਬ ਜੀ

**ਪ੍ਰਸ਼ਨ 1. ਗੁਰੂ ਤੇਗ ਬਹਾਦਰ ਜੀ ਨੇ ਕਿਹੜੇ-ਕਿਹੜੇ ਹਿੰਦੂ ਤੀਰਥਾਂ ਅਤੇ ਨਗਰਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ?**

**ਉੱਤਰ** : ਕੁਰੂਕਸ਼ੇਤਰ, ਮਥਰਾ, ਆਗਰਾ, ਕਾਨਪੁਰ, ਅਲਾਹਾਬਾਦ, ਪ੍ਰਯਾਗ ਤੇ ਕਾਂਸ਼ੀ ਵਿਖੇ ਪ੍ਰਚਾਰ ਕੀਤਾ।

**ਪ੍ਰਸ਼ਨ 2. ਗੁਰੂ ਜੀ ਨੇ ਆਸਾਮ ਵਿਖੇ ਕਿਹੜੇ ਦੋ ਰਾਜਿਆਂ ਦੀ ਸੁਲਾਹ ਕਰਵਾਈ?**

**ਉੱਤਰ** : ਗੁਰੂ ਜੀ ਨੇ ਅਹੋਮੀ ਕਬੀਲੇ ਦੇ ਸਰਦਾਰ 'ਰਾਜਾ ਚਕ੍ਰ ਧਵਜ' ਤੇ 'ਰਾਜਾ ਰਾਮ ਸਿੰਘ' ਦੀ ਸੁਲਾਹ ਕਰਵਾਈ।

**ਪ੍ਰਸ਼ਨ 3. ਕਸ਼ਮੀਰ ਦੇ ਕਿਸ ਗਵਰਨਰ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਉਨ੍ਹਾਂ 'ਤੇ ਜ਼ੁਲਮ ਕੀਤਾ?**

**ਉੱਤਰ** : ਸ਼ੇਰ ਅਫਗਾਨ ਨੇ (ਇਫ਼ਤਖ਼ਾਰ ਖਾਨ)।

**ਪ੍ਰਸ਼ਨ 4. ਗੁਰੂ ਜੀ ਨੇ ਦਿੱਲੀ ਪਹੁੰਚ ਕੇ ਭਾਈ ਜੈਤਾ ਤੇ ਗੁਰਦਿੱਤਾ ਜੀ ਦੀ ਕੀ ਡਿਊਟੀ ਲਗਾਈ?**

**ਉੱਤਰ** : ਉਹ ਸ਼ਹਿਰ ਵਿਚ ਰਹਿਣ ਤੇ ਜੋ ਗੁਰੂ ਜੀ ਨਾਲ ਬੀਤੇ ਉਸ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰੀ ਰਿਪੋਰਟ ਪਹੁੰਚਾਉਣ।

**ਪ੍ਰਸ਼ਨ 5. ਕਿਹੜੇ ਸਿੱਖ ਨੇ ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ?**

**ਉੱਤਰ** : ਭਾਈ ਲੱਖੀ ਸ਼ਾਹ ਵਣਜਾਰੇ ਨੇ।

**ਪ੍ਰਸ਼ਨ 6. ਕਿਹੜੇ ਤਿੰਨ ਸਿੱਖ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪੁੱਜੇ ਸਨ?**

**ਉੱਤਰ** : ਭਾਈ ਜੈਤਾ ਜੀ, ਭਾਈ ਊਦਾ ਜੀ ਅਤੇ ਭਾਈ ਨਾਨੂ ਜੀ।

**ਪ੍ਰਸ਼ਨ 7. ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਲਿਆਉਣ ਵਾਲੇ ਸਿੰਘਾਂ ਨੂੰ ਕੀ ਕਹਿ ਕੇ ਸਨਮਾਨਿਆ?**

**ਉੱਤਰ** : 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਸਨਮਾਨਿਆ।

**ਪ੍ਰਸ਼ਨ 8. ਗੁਰੂ ਜੀ ਦੇ ਸੀਸ ਦਾ ਸਸਕਾਰ ਕਿਥੇ ਕੀਤਾ ਗਿਆ, ਉਥੇ ਅੱਜਕਲ੍ਹ ਕਿਹੜਾ ਗੁਰਦੁਆਰਾ ਹੈ?**

**ਉੱਤਰ** : ਅਨੰਦਪੁਰ ਸਾਹਿਬ ਵਿਖੇ। ਉਥੇ ਗੁਰਦੁਆਰਾ, ਸੀਸ ਗੰਜ ਸੁਸ਼ੋਭਿਤ ਹੈ।

## 10. ਗੁਰੂ ਗੋਬਿੰਦ ਸਿੰਘ ਜੀ

**ਪ੍ਰਸ਼ਨ 1. ਨਾਹਨ ਵਿਖੇ ਗੁਰੂ ਜੀ ਨੇ ਕਿਹੜੇ-ਕਿਹੜੇ ਰਾਜਿਆਂ ਦੀ ਸੁਲਾਹ ਕਰਵਾਈ?**

**ਉੱਤਰ** : ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਤੇ ਸਿਰੀ ਨਗਰ ਦੇ ਰਾਜੇ ਫਤਹਿ ਸ਼ਾਹ ਦੀ ਸੁਲਾਹ ਕਰਵਾਈ।

**ਪ੍ਰਸ਼ਨ 2. ਪਾਉਂਟਾ ਸਾਹਿਬ ਵਿਖੇ ਗੁਰੂ ਜੀ ਨੇ ਕਿਹੜੀਆਂ-ਕਿਹੜੀਆਂ ਬਾਣੀਆਂ ਰਚੀਆਂ?**

**ਉੱਤਰ** : ਗੁਰੂ ਜੀ ਨੇ ਇਥੇ 'ਜਾਪੁ ਸਾਹਿਬ', 'ਸਵੱਈਏ' ਤੇ 'ਅਕਾਲ ਉਸਤਤ' ਬਾਣੀਆਂ ਰਚੀਆਂ।

**ਪ੍ਰਸ਼ਨ 3. ਭੰਗਾਣੀ ਦਾ ਯੁੱਧ ਕਦੋਂ ਹੋਇਆ?**

**ਉੱਤਰ** : 15 ਅਪ੍ਰੈਲ, 1687 ਈਃ ਨੂੰ।

**ਪ੍ਰਸ਼ਨ 4. ਭੰਗਾਣੀ ਦਾ ਯੁੱਧ ਕਿਥੇ ਹੋਇਆ?**

**ਉੱਤਰ** : ਭੰਗਾਣੀ ਦਾ ਯੁੱਧ ਪਾਉਂਟੇ ਤੋਂ 7 ਕਿਲੋਮੀਟਰ ਦੂਰ ਜਮਨਾ ਤੇ ਗਿਰੀ ਨਦੀ ਦੇ ਵਿਚਕਾਰ 'ਭੰਗਾਣੀ' ਦੇ ਸਥਾਨ 'ਤੇ ਹੋਇਆ।

**ਪ੍ਰਸ਼ਨ 5. ਕਿਸ ਸਿੱਖ ਨੇ ਮੋਟੇ ਸੋਟੇ ਨਾਲ ਹਯਾਤ ਖ਼ਾਂ ਦਾ ਸਿਰ ਫੇਹਿਆ?**

**ਉੱਤਰ** : ਮਹੰਤ ਕ੍ਰਿਪਾਲ ਦਾਸ ਜੀ ਨੇ।

**ਪ੍ਰਸ਼ਨ 6. ਭੰਗਾਣੀ ਦੇ ਯੁੱਧ ਵਿਚ ਪੀਰ ਬੁੱਧੂ ਸ਼ਾਹ ਦੇ ਕਿੰਨੇ ਪੁੱਤਰ ਤੇ ਭਰਾ ਸ਼ਹੀਦ ਹੋਏ?**

**ਉੱਤਰ** : ਦੋ ਪੁੱਤਰ ਤੇ ਇਕ ਭਰਾ ਸ਼ਹੀਦ ਹੋਏ।

**ਪ੍ਰਸ਼ਨ 7. ਯੁੱਧ ਦੇ ਬਾਅਦ ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਭੇਟ ਵਜੋਂ ਕੀ ਦਿੱਤਾ?**

**ਉੱਤਰ** : ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਇਕ ਕਟਾਰ, ਇਕ ਸੁੰਦਰ ਪੁਸ਼ਾਕ, ਇਕ ਆਪਣੇ ਹੱਥੀਂ ਲਿਖਿਆ ਹੁਕਮਨਾਮਾ ਭੇਟ ਵਜੋਂ ਦਿੱਤਾ। ਇਕ



ਕੰਘਾ ਜਿਹੜਾ ਗੁਰੂ ਜੀ ਵਰਤ ਕੇ ਹਟੇ ਹੀ ਸਨ, ਜਿਸ ਵਿਚ ਉਨ੍ਹਾਂ ਦੇ ਕੇਸ ਅੜੇ ਹੋਏ ਸਨ, ਪੀਰ ਜੀ ਨੇ ਮੰਗ ਕੇ ਲਿਆ।

**ਪ੍ਰਸ਼ਨ 8. ਭਾਈ ਨੰਦ ਲਾਲ ਜੀ ਗੁਰੂ ਜੀ ਦੇ ਸਿੱਖ ਕਦੋਂ ਬਣੇ ਤੇ ਉਨ੍ਹਾਂ ਕਿਹੜੀ ਵਿਸਾਖੀ 'ਤੇ ਅੰਮ੍ਰਿਤ ਛਕਿਆ?**

**ਉੱਤਰ** : ਭਾਈ ਨੰਦ ਲਾਲ ਜੀ 1682 ਈਃ ਵਿਚ ਗੁਰੂ ਜੀ ਦੇ ਸਿੱਖ ਬਣੇ ਤੇ ਉਨ੍ਹਾਂ 1699 ਦੀ ਵਿਸਾਖੀ ਨੂੰ ਅੰਮ੍ਰਿਤ ਛਕਿਆ।

**ਪ੍ਰਸ਼ਨ 9. ਬ੍ਰਾਹਮਣ ਨੂੰ ਦਾਨ ਦੇਣ ਦੇ ਕੌਤਕ ਨੂੰ ਰਚਣ ਪਿਛੇ ਗੁਰੂ ਜੀ ਦੀ ਕੀ ਭਾਵਨਾ ਸੀ?**

**ਉੱਤਰ** : ਗੁਰੂ ਜੀ ਦੇਖਣਾ ਚਾਹੁੰਦੇ ਸਨ ਕਿ ਸਿੱਖ ਗੁਰਮਤਿ ਅਸੂਲਾਂ ਵਿਚ ਕਿੰਨੇ ਕੁ ਪੱਕੇ ਹਨ।

**ਪ੍ਰਸ਼ਨ 10. ਦਸਮ ਗੁਰੂ ਜੀ ਨੇ ਦਾਨ ਲੈਣ ਆਏ ਪੰਡਤ ਨੂੰ ਕੀ-ਕੀ ਦਿੱਤਾ?**

**ਉੱਤਰ** : ਮਾਂਹ ਦੀ ਦਾਲ, ਸਰ੍ਹੋਂ ਦਾ ਤੇਲ, ਲੋਹਾ ਆਦਿ।

**ਪ੍ਰਸ਼ਨ 11. 'ਸ਼ਨੀ ਦੇਵਤੇ ਦਾ ਖੰਡਨ' ਨਾਮ ਦੀ ਸਾਖੀ ਤੋਂ ਕੀ ਸਿੱਖਿਆ ਮਿਲਦੀ ਹੈ?**

**ਉੱਤਰ** : ਅਸੀਂ ਗੁਰੂ ਦੀ ਸਿੱਖਿਆ ਨੂੰ ਦ੍ਰਿੜ੍ਹਤਾ ਨਾਲ ਅਪਣਾਉਣਾ ਹੈ ਅਤੇ ਬ੍ਰਾਹਮਣੀ ਕਰਮ-ਕਾਂਡਾਂ ਦੇ ਜਾਲ ਵਿਚ ਨਹੀਂ ਫਸਣਾ; ਕਿਸੇ ਅਖੌਤੀ ਦੇਵੀ-ਦੇਵਤੇ ਨੂੰ ਨਹੀਂ ਮੰਨਣਾ, ਕੇਵਲ ਇਕ ਅਕਾਲ ਪੁਰਖ ਦੀ ਭਗਤੀ ਕਰਨੀ ਹੈ। ਸਾਡੇ ਲਈ ਸਾਰੇ ਦਿਨ ਬਰਾਬਰ ਹਨ।

**ਪ੍ਰਸ਼ਨ 12. 'ਚਰਨ-ਪਾਹੁਲ' ਨੂੰ ਹੋਰ ਕੀ ਕਿਹਾ ਜਾਂਦਾ ਸੀ?**

**ਉੱਤਰ** : ਚਰਨ-ਅੰਮ੍ਰਿਤ।

**ਪ੍ਰਸ਼ਨ 13. ਮੁਕਤਸਰ ਦੀ ਜੰਗ ਕਦੋਂ ਹੋਈ?**

**ਉੱਤਰ** : 8 ਮਈ, 1705 ਈਃ ਨੂੰ।

**ਪ੍ਰਸ਼ਨ 14. ਮੁਕਤਸਰ ਦੀ ਜੰਗ ਦੇ ਸ਼ਹੀਦਾਂ ਦਾ ਜਿਥੇ ਸਸਕਾਰ ਕੀਤਾ ਗਿਆ, ਉਥੇ ਅੱਜਕਲ੍ਹ ਕਿਹੜਾ ਗੁਰਦੁਆਰਾ ਹੈ?**

**ਉੱਤਰ** : ਗੁਰਦੁਆਰਾ ਸ਼ਹੀਦ ਗੰਜ।

**ਪ੍ਰਸ਼ਨ 15. ਸਾਬੋ ਕੀ ਤਲਵੰਡੀ ਵਿਖੇ ਗੁਰੂ ਜੀ ਨੇ ਕਿਸ ਸਿੱਖ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਈ?**

**ਉੱਤਰ** : ਭਾਈ ਮਨੀ ਸਿੰਘ ਜੀ ਪਾਸੋਂ।

**ਪ੍ਰਸ਼ਨ 16. ਭਾਈ ਮਨੀ ਸਿੰਘ ਜੀ ਪਾਸੋਂ ਤਿਆਰ ਕਰਵਾਈ ਬੀੜ ਵਿਚ ਹੋਰ ਕਿਹੜੇ ਗੁਰੂ ਸਾਹਿਬ ਦੀ ਬਾਣੀ ਸ਼ਾਮਲ ਕੀਤੀ ਗਈ?**

**ਉੱਤਰ** : ਗੁਰੂ ਤੇਗ ਬਹਾਦਰ ਸਾਹਿਬ ਜੀ ਦੀ।

**ਪ੍ਰਸ਼ਨ 17. ਗੁਰੂ ਜੀ ਨਾਲ ਵਾਪਰੀਆਂ ਘਟਨਾਵਾਂ (ਮੁਸੀਬਤਾਂ) ਦਾ ਹਾਲ ਸੁਣ ਕੇ ਚੌਧਰੀ ਡੱਲੇ ਨੇ ਕੀ ਕਿਹਾ?**

ਉੱਤਰ : ਉਸਨੇ ਕਿਹਾ, "ਸੱਚੇ ਪਾਤਸ਼ਾਹ! ਮੇਰੇ ਕੋਲ ਤਾਕਤਵਰ ਨੌਜੁਆਨ ਹਨ ਜੇ ਤੁਸੀਂ ਮੈਨੂੰ ਉਸ ਵੇਲੇ ਯਾਦ ਕਰਦੇ ਤਾਂ ਮੇਰੇ ਯੋਧੇ ਮੁਗਲਾਂ ਦਾ ਮੂੰਹ ਭੰਨ ਸੁੱਟਦੇ ਤੇ ਆਪ ਨੂੰ ਇੰਨੇ ਕਸ਼ਟ ਨਾ ਸਹਿਣੇ ਪੈਂਦੇ।"

**ਪ੍ਰਸ਼ਨ 18. ਗੁਰੂ ਜੀ ਵਲੋਂ ਬੰਦੂਕ ਦਾ ਨਿਸ਼ਾਨਾ ਪਰਖਣ ਲਈ, ਆਪਣੇ ਆਪ ਨੂੰ ਪੇਸ਼ ਕਰਨ ਵਾਲੇ ਸਿੱਖਾਂ ਦੇ ਨਾਂ ਦੱਸੋ।**

ਉੱਤਰ : ਭਾਈ ਵੀਰ ਸਿੰਘ ਜੀ ਤੇ ਭਾਈ ਧੀਰ ਸਿੰਘ ਜੀ।

**ਪ੍ਰਸ਼ਨ 19. ਇਨ੍ਹਾਂ ਦੋਹਾਂ ਸਿੱਖਾਂ ਦਾ ਆਪਸ ਵਿਚ ਕੀ ਰਿਸ਼ਤਾ ਸੀ?**

ਉੱਤਰ : ਪਿਉ-ਪੁੱਤਰ ਦਾ।

**ਪ੍ਰਸ਼ਨ 20. ਗੁਰੂ ਜੀ ਦੱਖਣ ਵੱਲ ਕਦੋਂ ਗਏ?**

ਉੱਤਰ : ਅਕਤੂਬਰ 1706 ਈਸਵੀ ਨੂੰ।

**ਪ੍ਰਸ਼ਨ 21. ਔਰੰਗਜ਼ੇਬ ਦੀ ਮੌਤ ਕਦੋਂ ਹੋਈ?**

ਉੱਤਰ : 3 ਮਾਰਚ, 1707 ਈ: ਨੂੰ।

**ਪ੍ਰਸ਼ਨ 22. ਗੁਰੂ ਜੀ ਨੇ ਬਹਾਦਰ ਸ਼ਾਹ ਦੀ ਮਦਦ ਲਈ ਕਿਸ ਦੀ ਕਮਾਨ ਹੇਠਾਂ ਜਥਾ ਭੇਜਿਆ?**

ਉੱਤਰ : ਭਾਈ ਦਇਆ ਸਿੰਘ ਤੇ ਧਰਮ ਸਿੰਘ ਦੀ ਕਮਾਨ ਹੇਠਾਂ ਜਥਾ ਭੇਜਿਆ।

**ਪ੍ਰਸ਼ਨ 23. ਕਿਸ ਸਮੇਂ ਤੋਂ ਲੈ ਕੇ ਕਿਸ ਸਮੇਂ ਤੱਕ ਗੁਰੂ ਜੀ ਬਹਾਦਰ ਸ਼ਾਹ ਨਾਲ ਰਹੇ?**

ਉੱਤਰ : ਸੰਨ 1707 ਤੋਂ 1708 ਤੱਕ।

**ਪ੍ਰਸ਼ਨ 24. ਗੁਰੂ ਜੀ 'ਤੇ ਛੁਰੇ ਨਾਲ ਵਾਰ ਕਰਨ ਵਾਲੇ ਪਠਾਣ ਕਿਸਨੇ ਭੇਜੇ?**

ਉੱਤਰ : ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ।

ਨੋਟ : **ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਕਾਲਜ ਦੁਆਰਾ ਪ੍ਰਕਾਸ਼ਿਤ ਪੁਸਤਕ 'ਸੰਖੇਪ ਜੀਵਨ—ਦਸ ਗੁਰੂ ਸਾਹਿਬਾਨ' ਪੜ੍ਹੋ ਜੀ।**



## (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**ਪ੍ਰਸ਼ਨ 1. ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਨੂੰ ਕਿਵੇਂ ਸੰਭਾਲਦੇ ਸਨ?**

ਉੱਤਰ : ਇਕ ਪੋਥੀ ਵਿਚ ਲਿਖ ਲੈਂਦੇ ਸਨ।

**ਪ੍ਰਸ਼ਨ 2. ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਪੋਥੀ ਕਿਸ ਨੂੰ ਦਿੱਤੀ ਸੀ?**

ਉੱਤਰ : ਗੁਰੂ ਅੰਗਦ ਦੇਵ ਜੀ ਨੂੰ।

**ਪ੍ਰਸ਼ਨ 3. ਗੁਰੂ ਅੰਗਦ ਦੇਵ ਜੀ ਦੁਆਰਾ ਉਚਾਰੀ ਬਾਣੀ ਦਾ ਵੇਰਵਾ ਦਿਉ?**

ਉੱਤਰ : ਗੁਰੂ ਅੰਗਦ ਦੇਵ ਜੀ ਨੇ ਕੇਵਲ 63 ਸਲੋਕ ਹੀ ਉਚਾਰੇ ਹਨ।

**ਪ੍ਰਸ਼ਨ 4. ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਹੜੇ-ਕਿਹੜੇ ਸਤਿਗੁਰਾਂ ਦੀ ਬਾਣੀ ਹੈ?**

ਉੱਤਰ : 6 ਸਤਿਗੁਰਾਂ ਦੀ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ।

**ਪ੍ਰਸ਼ਨ 5. ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਭਗਤਾਂ ਦੀ ਬਾਣੀ ਹੈ?**

ਉੱਤਰ : 15 ਭਗਤਾਂ ਦੀ।

**ਪ੍ਰਸ਼ਨ 6. ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਭੱਟਾਂ ਦੀ ਬਾਣੀ ਹੈ?**

ਉੱਤਰ : 11 ਭੱਟਾਂ ਦੀ।

**ਪ੍ਰਸ਼ਨ 7. ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਗੁਰਸਿੱਖਾਂ ਦੀ ਬਾਣੀ ਹੈ?**

ਉੱਤਰ : ਤਿੰਨ ਗੁਰਸਿੱਖਾਂ ਦੀ।

**ਪ੍ਰਸ਼ਨ 8. ਗੁਰੂ ਸਾਹਿਬ ਦੀ ਬਾਣੀ ਕਿੰਨੇ ਰਾਗਾਂ ਵਿਚ ਹੈ?**

ਉੱਤਰ : 31 ਰਾਗਾਂ ਵਿਚ।

**ਪ੍ਰਸ਼ਨ 9. ਉਹ ਕਿਹੜਾ ਰਾਗ ਹੈ ਜਿਸ ਵਿਚ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹੀ ਬਾਣੀ ਉਚਾਰਨ ਕੀਤੀ ਹੈ?**

ਉੱਤਰ : ਜੈਜਾਵੰਤੀ ਰਾਗ।

**ਪ੍ਰਸ਼ਨ 10. ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ ਕਿੰਨੀਆਂ ਵਾਰਾਂ ਹਨ?**

ਉੱਤਰ : 22 ਵਾਰਾਂ।

**ਪ੍ਰਸ਼ਨ 11. ਗੁਰੂ ਸਾਹਿਬਾਨ ਨੇ ਕਿੰਨੀਆਂ ਵਾਰਾਂ ਉਚਾਰੀਆਂ ਹਨ?**

ਉੱਤਰ : 21 ਵਾਰਾਂ।

**ਪ੍ਰਸ਼ਨ 12. 'ਸੱਤੇ ਬਲਵੰਡ' ਦੀ ਵਾਰ ਕਿਹੜੇ ਰਾਗ ਵਿਚ ਹੈ?**

**ਉੱਤਰ** : ਰਾਮਕਲੀ ਰਾਗ ਵਿਚ।

**ਪ੍ਰਸ਼ਨ 13. ਜਿਹੜੇ ਸਲੋਕ ਵਾਰਾਂ ਵਿਚ ਦਰਜ ਕਰਨ ਤੋਂ ਬਚ ਗਏ, ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਸ ਸਿਰਲੇਖ ਹੇਠ ਲਿਖਿਆ ਗਿਆ?**

**ਉੱਤਰ** : 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ।

**ਪ੍ਰਸ਼ਨ 14. 'ਆਦਿ ਬੀੜ' ਦਾ ਕੀ ਅਰਥ ਹੈ?**

**ਉੱਤਰ** : ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸਰੂਪ ਜਿਸ ਦੀ ਲਿਖਾਈ ਭਾਈ ਗੁਰਦਾਸ ਜੀ ਨੇ ਕੀਤੀ ਸੀ।

**ਪ੍ਰਸ਼ਨ 15. ਗੁਰੂ ਅਰਜਨ ਦੇਵ ਜੀ ਨੇ 'ਆਦਿ ਬੀੜ' ਦੀ ਲਿਖਾਈ ਕਿਸ ਕੋਲੋਂ ਕਰਵਾਈ ਸੀ?**

**ਉੱਤਰ** : ਭਾਈ ਗੁਰਦਾਸ ਜੀ ਕੋਲੋਂ।

**ਪ੍ਰਸ਼ਨ 16. ਭਾਈ ਗੁਰਦਾਸ ਜੀ ਨੇ 'ਆਦਿ ਬੀੜ' ਕਿੰਨੇ ਸਮੇਂ ਵਿਚ ਲਿਖ ਲਈ ਸੀ?**

**ਉੱਤਰ** : ਲਗਪਗ ਡੇਢ ਸਾਲ ਵਿਚ।

**ਪ੍ਰਸ਼ਨ 17. ਭਾਈ ਗੁਰਦਾਸ ਜੀ ਦੁਆਰਾ ਲਿਖਤ ਬੀੜ ਦੇ ਕੁੱਲ ਕਿੰਨੇ ਪੱਤਰੇ ਸਨ?**

**ਉੱਤਰ** : 974 ਪੱਤਰੇ।

**ਪ੍ਰਸ਼ਨ 18. ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਿੱਥੇ ਤੇ ਕਦੋਂ ਕੀਤਾ ਗਿਆ ਸੀ?**

**ਉੱਤਰ** : ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਵਿਖੇ ਭਾਦਰੋਂ ਸੁਦੀ ੧, ਸੰਮਤ ੧੬੬੧ ਨੂੰ।

**ਪ੍ਰਸ਼ਨ 19. ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਪਹਿਲਾ ਤੇ ਆਖ਼ਰੀ ਰਾਗ ਕਿਹੜਾ ਹੈ?**

**ਉੱਤਰ** : ਸਭ ਤੋਂ ਪਹਿਲਾ ਸਿਰੀ ਰਾਗ ਅਤੇ ਸਭ ਤੋਂ ਆਖ਼ਰੀ ਜੈਜਾਵੰਤੀ ਰਾਗ।

**ਪ੍ਰਸ਼ਨ 20. ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਕਿਹੜੀ 'ਬਾਣੀ' ਹੈ?**

**ਉੱਤਰ** : ਜਪੁ ਜੀ ਸਾਹਿਬ।

**ਪ੍ਰਸ਼ਨ 21. ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ (ਆਦਿ ਬੀੜ) ਲਿਖੀ ਗਈ ਸੀ, ਹੁਣ ਉੱਥੇ ਕਿਹੜਾ ਗੁਰਦੁਆਰਾ ਹੈ?**

**ਉੱਤਰ** : ਗੁਰਦੁਆਰਾ ਰਾਮਸਰ।



**ਪ੍ਰਸ਼ਨ 22. 'ਅਨੰਦੁ ਸਾਹਿਬ' ਬਾਣੀ ਕਿਸ ਗੁਰੂ ਜੀ ਨੇ ਉਚਾਰੀ ਹੈ?**

**ਉੱਤਰ** : ਗੁਰੂ ਅਮਰਦਾਸ ਜੀ ਨੇ।

**ਪ੍ਰਸ਼ਨ 23. 'ਸੁਖਮਨੀ ਸਾਹਿਬ' ਬਾਣੀ ਕਿਹੜੇ ਗੁਰੂ ਜੀ ਨੇ ਉਚਾਰੀ ਹੈ?**

**ਉੱਤਰ** : ਸ੍ਰੀ ਗੁਰੂ ਅਰਜਨ ਦੇਵ ਜੀ ਨੇ।

**ਪ੍ਰਸ਼ਨ 24. ਤੁਖਾਰੀ ਰਾਗ ਵਿਚਲਾ 'ਬਾਰਹਮਾਹਾ' ਕਿਸਨੇ ਉਚਾਰਿਆ ਹੈ?**

**ਉੱਤਰ** : ਸ੍ਰੀ ਗੁਰੂ ਨਾਨਕ ਦੇਵ ਜੀ ਨੇ।

**ਪ੍ਰਸ਼ਨ 25. ਮਾਝ ਰਾਗ ਵਿਚ 'ਬਾਰਹਮਾਹਾ' ਕਿਸ ਨੇ ਉਚਾਰਿਆ ਹੈ?**

**ਉੱਤਰ** : ਗੁਰੂ ਅਰਜਨ ਦੇਵ ਜੀ ਨੇ।

**ਪ੍ਰਸ਼ਨ 26. 'ਸਦੁ' ਨਾਮ ਦੀ ਬਾਣੀ ਕਿਸ ਨੇ ਲਿਖੀ ਹੈ?**

**ਉੱਤਰ** : ਬਾਬਾ ਸੁੰਦਰ ਜੀ ਨੇ।

**ਪ੍ਰਸ਼ਨ 27. 'ਓਅੰਕਾਰੁ' ਨਾਮ ਦੀ ਬਾਣੀ ਕਿਸ ਨੇ ਉਚਾਰੀ ਹੈ?**

**ਉੱਤਰ** : ਗੁਰੂ ਨਾਨਕ ਦੇਵ ਜੀ ਨੇ।

**ਪ੍ਰਸ਼ਨ 28. 'ਸਿਧ ਗੋਸਟਿ' ਕਿਸ ਨੇ ਉਚਾਰੀ ਹੈ?**

**ਉੱਤਰ** : ਗੁਰੂ ਨਾਨਕ ਦੇਵ ਜੀ ਨੇ।

**ਪ੍ਰਸ਼ਨ 29. ਕਿਨ੍ਹਾਂ ਦੋ ਭਗਤਾਂ ਦੇ ਸਲੋਕਾਂ ਦੇ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ?**

**ਉੱਤਰ** : ਭਗਤ ਕਬੀਰ ਜੀ ਤੇ ਬਾਬਾ ਫ਼ਰੀਦ ਜੀ।

## (ੲ) ਖ਼ੂਨ ਸ਼ਹੀਦਾਂ ਦਾ

| | *ਸ਼ਹੀਦ ਦਾ ਨਾਂ* | *ਮਿਤੀ* |
|---|---|---|
| 1. | ਭਾਈ ਮਤੀ ਦਾਸ ਜੀ | 11 ਨਵੰਬਰ, ਸੰਨ 1675 |
| 2. | ਭਾਈ ਦਇਆਲਾ ਜੀ | 11 ਨਵੰਬਰ, ਸੰਨ 1675 |
| 3. | ਭਾਈ ਸਤੀ ਦਾਸ ਜੀ | 11 ਨਵੰਬਰ, ਸੰਨ 1675 |
| 4. | ਬਾਬਾ ਅਜੀਤ ਸਿੰਘ ਜੀ | 22 ਦਸੰਬਰ, ਸੰਨ 1704 |
| 5. | ਬਾਬਾ ਜੁਝਾਰ ਸਿੰਘ ਜੀ | 22 ਦਸੰਬਰ, ਸੰਨ 1704 |
| 6. | ਬਾਬਾ ਜ਼ੋਰਾਵਰ ਸਿੰਘ ਜੀ | 27 ਦਸੰਬਰ, ਸੰਨ 1704 |
| 7. | ਬਾਬਾ ਫ਼ਤਹਿ ਸਿੰਘ ਜੀ | 27 ਦਸੰਬਰ, ਸੰਨ 1704 |
| 8. | ਭਾਈ ਉਦੈ ਸਿੰਘ ਜੀ | 21 ਦਸੰਬਰ, ਸੰਨ 1704 |
| 9. | ਬਾਬਾ ਬੰਦਾ ਸਿੰਘ ਜੀ | 9 ਜੂਨ, ਸੰਨ 1716 |
| 10. | ਭਾਈ ਤਾਰਾ ਸਿੰਘ ਜੀ (ਵਾਂ) | ਸੰਨ 1726 |

| | | |
|---|---|---|
| 11. | ਭਾਈ ਮਨੀ ਸਿੰਘ ਜੀ | ਸੰਨ 1738 |
| 12. | ਭਾਈ ਬੋਤਾ ਸਿੰਘ ਜੀ | ਸੰਨ 1739 |
| 13. | ਭਾਈ ਗਰਜਾ ਸਿੰਘ ਜੀ | ਸੰਨ 1739 |
| 14. | ਭਾਈ ਮਤਾਬ ਸਿੰਘ ਜੀ | ਸੰਨ 1745 |
| 15. | ਭਾਈ ਤਾਰੂ ਸਿੰਘ ਜੀ | 1 ਜੁਲਾਈ, ਸੰਨ 1745 |
| 16. | ਭਾਈ ਸੁਬੇਗ ਸਿੰਘ ਜੀ | ਸੰਨ 1746 |
| 17. | ਭਾਈ ਸ਼ਾਹਬਾਜ਼ ਸਿੰਘ ਜੀ | ਸੰਨ 1746 |
| 18. | ਭਾਈ ਸੁੱਖਾ ਸਿੰਘ ਜੀ | ਦਸੰਬਰ, ਸੰਨ 1751 |
| 19. | ਬਾਬਾ ਦੀਪ ਸਿੰਘ ਜੀ | 11 ਨਵੰਬਰ, ਸੰਨ 1757 |

## 1. ਭਾਈ ਮਤੀ ਦਾਸ ਜੀ

**ਪ੍ਰਸ਼ਨ 1. ਸ਼ਹੀਦ ਕਰਨ ਤੋਂ ਪਹਿਲਾਂ ਕਾਜ਼ੀਆਂ ਨੇ ਭਾਈ ਮਤੀ ਦਾਸ ਜੀ ਨੂੰ ਸੁਖ-ਸਾਧਨਾਂ ਦੇ ਲਾਲਚ, ਮੁਸਲਮਾਨ ਬਣ ਕੇ ਬਹਿਸ਼ਤਾਂ ਵਿਚ ਜਾਣ ਦੇ ਲਾਲਚ ਅਤੇ ਮੌਤ ਦੇ ਡਰਾਵੇ ਦਿੱਤੇ ਤਾਂ ਆਪ ਨੇ ਅੱਗੋਂ ਕੀ ਉੱਤਰ ਦਿੱਤਾ?**

**ਉੱਤਰ :** ਆਪ ਦਾ ਉੱਤਰ ਸੀ—(ੳ) ਕਿਉਂ ਆਪਣਾ ਵਕਤ ਜ਼ਾਇਆ ਕਰਦੇ ਹੋ। ਮੈਂ ਤਾਂ ਸਿੱਖੀ ਸਿਦਕ ਤੋਂ ਸੈਂਕੜੇ ਬਹਿਸ਼ਤ ਵਾਰ ਸਕਦਾ ਹਾਂ। (ਅ) ਜੋ ਸੱਚਾ-ਸੁੱਚਾ ਧਰਮ ਗੁਰੂ ਨੇ ਮੈਨੂੰ ਬਖਸ਼ਿਆ ਹੈ, ਉਹ ਮੈਨੂੰ ਆਪਣੀ ਜਾਨ ਤੋਂ ਕਿਤੇ ਵੱਧ ਪਿਆਰਾ ਹੈ।

## 2. ਭਾਈ ਦਇਆਲਾ ਜੀ

**ਪ੍ਰਸ਼ਨ 1. "ਤੇਰੀ ਮਤੀ ਦਾਸ ਜੀ ਤੋਂ ਵੀ ਵੱਧ ਮੰਦੀ ਦਸ਼ਾ ਕੀਤੀ ਜਾਵੇਗੀ।" ਕਾਜ਼ੀ ਦੇ ਦਿੱਤੇ ਗਏ ਇਸ ਡਰਾਵੇ ਦਾ ਉੱਤਰ ਭਾਈ ਦਇਆਲਾ ਜੀ ਨੇ ਕੀ ਦਿੱਤਾ ਸੀ?**

**ਉੱਤਰ :** ਭਾਈ ਦਇਆਲਾ ਜੀ ਨੇ ਕਿਹਾ, "ਭਾਈ ਮਤੀ ਦਾਸ ਜੀ ਨੂੰ ਮਰਿਆ ਨਾ ਸਮਝੋ, ਸਗੋਂ ਉਹ ਤਾਂ ਮੌਤ ਨੂੰ ਮਖੌਲ ਕਰਕੇ ਸੋਹਣੇ ਪੂਰਨੇ ਪਾ ਕੇ ਹਮੇਸ਼ਾਂ ਲਈ ਜੀਅ ਪਿਆ ਹੈ ਤੇ ਪ੍ਰਭੂ ਦੇ ਦਰ 'ਤੇ ਕਬੂਲ ਹੋ ਗਿਆ ਹੈ। ਮੈਨੂੰ ਵੀ ਮੇਰੇ ਵੀਰ ਕੋਲ ਜਲਦੀ ਪਹੁੰਚਾਉ।"

**ਪ੍ਰਸ਼ਨ 2. ਭਾਈ ਸਾਹਿਬ ਦੀ ਸ਼ਹੀਦੀ ਤੋਂ ਨੌਜਵਾਨਾਂ ਨੂੰ ਕੀ ਸਿੱਖਿਆ ਮਿਲਦੀ ਹੈ?**

**ਉੱਤਰ :** ਨੌਜੁਆਨਾਂ ਨੂੰ ਚਾਹੀਦਾ ਹੈ ਕਿ ਉਹ ਨਾਸਤਿਕਤਾ ਦੇ ਝੁੱਲ ਰਹੇ ਝੱਖੜਾਂ ਵਿਚ ਸਿੱਖੀ ਦੇ ਰੰਗ ਨੂੰ ਕਦੇ ਵੀ ਫਿੱਕਾ ਨਾ ਪੈਣ ਦੇਣ।



## 3. ਵੱਡੇ ਸਾਹਿਬਜ਼ਾਦੇ

**ਪ੍ਰਸ਼ਨ 1. ਬਾਬਾ ਅਜੀਤ ਸਿੰਘ ਜੀ ਦਾ ਜਨਮ ਕਦੋਂ ਹੋਇਆ ਸੀ?**

**ਉੱਤਰ :** 7 ਜਨਵਰੀ, ਸੰਨ 1687 ਨੂੰ।

**ਪ੍ਰਸ਼ਨ 2. ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਕਦੋਂ ਛੱਡਿਆ?**

**ਉੱਤਰ :** 20 ਅਤੇ 21 ਦਸੰਬਰ, ਸੰਨ 1704 ਦੀ ਵਿਚਲੀ ਰਾਤ ਨੂੰ।

**ਪ੍ਰਸ਼ਨ 3. ਚਮਕੌਰ ਦੀ ਜੰਗ ਕਦੋਂ ਹੋਈ?**

**ਉੱਤਰ :** 22 ਦਸੰਬਰ, ਸੰਨ 1704 ਨੂੰ।

## 4. ਛੋਟੇ ਸਾਹਿਬਜ਼ਾਦੇ

**ਪ੍ਰਸ਼ਨ 1. ਨਵਾਬ ਵਜ਼ੀਰ ਖ਼ਾਨ ਦੁਆਰਾ ਦਿੱਤੇ ਗਏ ਲਾਲਚ ਤੇ ਡਰਾਵੇ ਦਾ ਛੋਟੇ ਸਾਹਿਬਜ਼ਾਦਿਆਂ ਨੇ ਕੀ ਜੁਆਬ ਦਿੱਤਾ?**

**ਉੱਤਰ :** ਉਨ੍ਹਾਂ ਨੇ ਉੱਤਰ ਦਿੱਤਾ, "ਓਇ ਸੂਬਿਆ! ਸਾਨੂੰ ਸਿੱਖੀ ਜਾਨਾਂ ਤੋਂ ਵੱਧ ਪਿਆਰੀ ਏ, ਦੁਨੀਆਂ ਦਾ ਕੋਈ ਵੀ ਲਾਲਚ ਤੇ ਛਲਾਵਾ ਸਾਨੂੰ ਸਿੱਖੀ ਸਿਦਕ ਤੋਂ ਡੁਲਾ ਨਹੀਂ ਸਕਦਾ।"

**ਪ੍ਰਸ਼ਨ 2. ਜਦ ਨਵਾਬ ਨੇ ਬੱਚਿਆਂ ਨੂੰ ਕਿਹਾ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ ਤੇ ਕਿੱਥੇ ਜਾਵੋਗੇ ਤਾਂ ਬੱਚਿਆਂ ਨੇ ਅੱਗੋਂ ਕੀ ਜੁਆਬ ਦਿੱਤਾ ਸੀ?**

**ਉੱਤਰ :** ਬੱਚਿਆਂ ਦਾ ਜੁਆਬ ਸੀ, "ਅਸੀਂ ਵੱਡੇ ਹੋ ਕੇ ਸਿੱਖਾਂ ਨੂੰ ਇਕੱਤਰ ਕਰਾਂਗੇ ਤੇ ਤੁਹਾਡੇ ਜ਼ੁਲਮ ਦੇ ਖ਼ਾਤਮੇ ਲਈ ਜੰਗ ਕਰਾਂਗੇ। ਅਸੀਂ ਤਦ ਤੱਕ ਲੜਾਂਗੇ ਜਦ ਤੱਕ ਜ਼ਾਲਮਾਂ ਦਾ ਖ਼ਾਤਮਾ ਨਹੀਂ ਕਰ ਲੈਂਦੇ ਜਾਂ ਖੁਦ ਸ਼ਹੀਦ ਨਹੀਂ ਹੋ ਜਾਂਦੇ।

**ਪ੍ਰਸ਼ਨ 3. ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਲਈ ਕਿਹੜੇ ਦੋ ਪਠਾਣਾਂ ਨੇ ਨਵਾਬ ਦੇ ਹੁਕਮ ਦੀ ਤਾਮੀਲ ਕਰਨੀ ਮੰਨ ਲਈ ਸੀ?**

**ਉੱਤਰ :** ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ।

## 5. ਭਾਈ ਉਦੈ ਸਿੰਘ ਜੀ

**ਪ੍ਰਸ਼ਨ 1. ਭਾਈ ਉਦੈ ਸਿੰਘ ਜੀ ਨੇ ਰਾਜਾ ਕੇਸਰੀ ਚੰਦ ਨੂੰ ਕੀ ਵੰਗਾਰ ਪਾਈ ਸੀ?**

**ਉੱਤਰ :** ਆਪ ਨੇ ਕਿਹਾ ਕਿ, "ਜੇ ਉਸ ਵਿਚ ਹਿੰਮਤ ਹੈ ਤਾਂ ਉਹ ਸਿੱਧਾ ਉਨ੍ਹਾਂ ਨਾਲ ਲੋਹਾ ਲਵੇ ਤੇ ਸਾਹਮਣੇ ਆ ਕੇ ਦੋ ਹੱਥ ਕਰੇ।"

**ਪ੍ਰਸ਼ਨ 2. ਜਦ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਸਭ ਤੋਂ ਅੱਗੇ-ਅੱਗੇ ਕੌਣ ਸਨ?**

**ਉੱਤਰ** : 1. ਭਾਈ ਉਦੈ ਸਿੰਘ ਜੀ।
2. ਭਾਈ ਦਇਆ ਸਿੰਘ ਜੀ।
3. ਭਾਈ ਆਲਮ ਸਿੰਘ ਜੀ।

## 6. ਬਾਬਾ ਬੰਦਾ ਸਿੰਘ ਬਹਾਦਰ

**ਪ੍ਰਸ਼ਨ 1. ਬਾਬਾ ਬੰਦਾ ਸਿੰਘ ਜੀ ਨੂੰ ਸ਼ਹੀਦ ਕਰਨ ਵਾਲੇ ਬਾਦਸ਼ਾਹ ਦਾ ਕੀ ਨਾਮ ਸੀ?**

**ਉੱਤਰ** : ਫਰੁਖਸੀਅਰ।

**ਪ੍ਰਸ਼ਨ 2. ਬਾਬਾ ਬੰਦਾ ਸਿੰਘ ਜੀ ਨੂੰ ਕਿਵੇਂ ਸ਼ਹੀਦ ਕੀਤਾ ਗਿਆ?**

**ਉੱਤਰ** : ਸਭ ਤੋਂ ਪਹਿਲਾਂ ਉਨ੍ਹਾਂ ਦੇ 4 ਸਾਲਾਂ ਦੇ ਬੱਚੇ ਦਾ ਕਲੇਜਾ ਕੱਢ ਕੇ ਉਨ੍ਹਾਂ ਦੇ ਮੂੰਹ ਵਿਚ ਤੁੰਨਿਆ ਗਿਆ। ਉਹ ਨਾ ਡੋਲੇ ਤਾਂ ਗਰਮ ਜੰਬੂਰਾਂ ਨਾਲ ਉਹਨਾਂ ਦੇ ਸਰੀਰ ਦਾ ਮਾਸ ਨੋਚਿਆ ਗਿਆ। ਹੱਥ-ਪੈਰ ਵੱਢ ਦਿੱਤੇ। ਅਖੀਰ ਵਿਚ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ।

## 7. ਭਾਈ ਮਨੀ ਸਿੰਘ ਜੀ

**ਪ੍ਰਸ਼ਨ 1. ਪੁਸਤਕ 'ਸ਼ਹੀਦ ਬਿਲਾਸ' ਅਨੁਸਾਰ ਭਾਈ ਮਨੀ ਸਿੰਘ ਜੀ ਦੀ ਜਨਮ ਤਰੀਕ ਕਿਹੜੀ ਹੈ?**

**ਉੱਤਰ** : 10 ਮਾਰਚ, ਸੰਨ 1644.

**ਪ੍ਰਸ਼ਨ 2. ਭਾਈ ਮਨੀ ਸਿੰਘ ਜੀ ਦੇ ਮਾਤਾ-ਪਿਤਾ ਦਾ ਨਾਮ ਦੱਸੋ।**

**ਉੱਤਰ** : ਪਿਤਾ—ਮਾਈ ਦਾਸ ਜੀ। ਮਾਤਾ—ਮਧਰੀ ਬਾਈ ਜੀ।

**ਪ੍ਰਸ਼ਨ 3. ਆਪ ਜੀ ਦਾ ਵਿਆਹ ਕਿਸ ਨਾਲ ਹੋਇਆ ਸੀ?**

**ਉੱਤਰ** : ਬੀਬੀ ਸੀਤੋ ਜੀ ਨਾਲ।

**ਪ੍ਰਸ਼ਨ 4. ਬੀਬੀ ਸੀਤੋ ਜੀ ਦੇ ਪਿਤਾ ਜੀ ਦਾ ਕੀ ਨਾਮ ਸੀ?**

**ਉੱਤਰ** : ਭਾਈ 'ਲਖੀ ਰਾਇ' ਜੀ।

**ਪ੍ਰਸ਼ਨ 5. ਭਾਈ ਲਖੀ ਰਾਇ ਜੀ ਕੌਣ ਸਨ?**

**ਉੱਤਰ** : ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਧੜ ਦਾ ਸਸਕਾਰ ਆਪਣੇ ਘਰ ਨੂੰ ਅੱਗ ਲਗਾ ਕੇ ਕੀਤਾ ਸੀ।

**ਪ੍ਰਸ਼ਨ 6. ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਕੌਣ ਸਨ?**

**ਉੱਤਰ** : ਭਾਈ ਬਲੂ ਜੀ।



**ਪ੍ਰਸ਼ਨ 7. ਆਪ ਜੀ ਦੇ ਦਾਦਾ ਜੀ ਨੇ ਕਿਹੜੇ ਗੁਰੂ ਸਾਹਿਬ ਦੇ ਸਮੇਂ ਕਿਵੇਂ ਸ਼ਹੀਦੀ ਪਾਈ ਸੀ?**

**ਉੱਤਰ** : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ, ਤੁਰਕਾਂ ਨਾਲ ਜੰਗ ਕਰਦੇ ਹੋਏ।

**ਪ੍ਰਸ਼ਨ 8. ਭਾਈ ਮਨੀ ਸਿੰਘ ਜੀ ਨੇ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕਿੰਨੇ ਸਾਲ ਦੀ ਉਮਰ ਵਿਚ ਕੀਤੇ?**

**ਉੱਤਰ** : 13 ਸਾਲ ਦੀ ਉਮਰ ਵਿਚ।

**ਪ੍ਰਸ਼ਨ 9. ਗੁਰੂ ਹਰਿਰਾਇ ਜੀ ਨੇ ਆਪ ਜੀ ਨੂੰ ਵੇਖ ਕੇ ਕੀ ਫੁਰਮਾਇਆ ਸੀ?**

**ਉੱਤਰ** : ਗੁਰੂ ਜੀ ਨੇ ਫੁਰਮਾਇਆ ਕਿ ਇਹ ਬਾਲਕ ਗੁਣਾਂ ਨਾਲ ਭਰਪੂਰ ਸਾਰੇ ਜਗਤ ਵਿਚ ਪ੍ਰਸਿੱਧੀ ਹਾਸਲ ਕਰੇਗਾ।

**ਪ੍ਰਸ਼ਨ 10. ਆਪ ਜੀ ਨੇ ਕਿਹੜੇ-ਕਿਹੜੇ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਸਨ?**

**ਉੱਤਰ** : ਗੁਰੂ ਹਰਿਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ।

**ਪ੍ਰਸ਼ਨ 11. ਭੰਗਾਣੀ ਦੇ ਯੁੱਧ ਵਿਚ, ਭਾਈ ਮਨੀ ਸਿੰਘ ਜੀ ਦੇ ਕਿਹੜੇ ਭਰਾ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ?**

**ਉੱਤਰ** : ਭਾਈ ਹਰੀ ਚੰਦ ਜੀ ਨੇ।

**ਪ੍ਰਸ਼ਨ 12. ਗੁਰੂ ਗੋਬਿੰਦ ਸਿੰਘ ਜੀ ਨੇ ਆਪ ਦੇ ਸਿਦਕ ਨੂੰ ਦੇਖ ਕੇ ਆਪ ਨੂੰ ਕਿਹੜੀ ਉਪਾਧੀ ਬਖਸ਼ੀ ਸੀ?**

**ਉੱਤਰ** : ਦੀਵਾਨ ਦੀ।

**ਪ੍ਰਸ਼ਨ 13. ਅਨੰਦਪੁਰ ਸਾਹਿਬ ਆਪ ਜੀ ਕੀ ਸੇਵਾ ਕਰਦੇ ਸਨ?**

**ਉੱਤਰ** : ਹਰ ਰੋਜ਼ ਸੰਗਤਾਂ ਨੂੰ ਗੁਰਬਾਣੀ ਦੀ ਕਥਾ ਸੁਣਾਉਂਦੇ ਸਨ।

**ਪ੍ਰਸ਼ਨ 14. ਗੁਰੂ ਤੇਗ ਬਹਾਦਰ ਜੀ ਨੇ ਆਪ ਜੀ ਦੀ ਅਨੰਦਪੁਰ ਸਾਹਿਬ ਕੀ ਸੇਵਾ ਲਾਈ ਸੀ?**

**ਉੱਤਰ** : ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਤੇ ਕਰਵਾਉਣ ਦੀ।

**ਪ੍ਰਸ਼ਨ 15. ਆਪ ਜੀ ਨੇ ਅੰਮ੍ਰਿਤਸਰ ਵਿਖੇ ਕਿਹੜੀ ਮਰਯਾਦਾ ਨੂੰ ਬੰਦ ਕਰਕੇ ਕਿਹੜੀ ਮਰਯਾਦਾ ਚਲਾਈ ਸੀ?**

**ਉੱਤਰ** : ਸੋਢੀਆਂ ਦੀ ਚਲਾਈ ਮਰਯਾਦਾ ਨੂੰ ਬੰਦ ਕਰਕੇ ਗੁਰ-ਮਰਯਾਦਾ ਚਲਾਈ ਸੀ।

**ਪ੍ਰਸ਼ਨ 16. ਅਨੰਦਪੁਰ ਸਾਹਿਬ ਦੀ ਪਹਿਲੀ ਜੰਗ ਵਿਚ ਪਹਾੜੀ ਰਾਜਿਆਂ ਦਾ ਮੁਕਾਬਲਾ ਆਪ ਜੀ ਦੇ ਕਿਹੜੇ ਸਪੁੱਤਰਾਂ ਨੇ ਕੀਤਾ ਸੀ?**

ਉੱਤਰ : ਭਾਈ ਬਚਿੱਤਰ ਸਿੰਘ ਜੀ ਤੇ ਭਾਈ ਉਦੈ ਸਿੰਘ ਜੀ ਨੇ।

**ਪ੍ਰਸ਼ਨ 17. ਅਨੰਦਪੁਰ ਦਾ ਕਿਲ੍ਹਾ ਖਾਲੀ ਹੋਣ ਮਗਰੋਂ ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲਾਂ ਨੂੰ ਕਿੱਥੇ ਲੈ ਗਏ ਸਨ?**

ਉੱਤਰ : ਦਿੱਲੀ।

**ਪ੍ਰਸ਼ਨ 18. ਮੁਕਤਸਰ ਦੀ ਜੰਗ ਤੋਂ ਬਾਅਦ ਆਪ ਜੀ ਗੁਰੂ ਕੇ ਮਹਿਲਾਂ ਨੂੰ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਕਿਸ ਅਸਥਾਨ 'ਤੇ ਪੁੱਜੇ ਸਨ?**

ਉੱਤਰ : ਸਾਬੋ ਕੀ ਤਲਵੰਡੀ।

**ਪ੍ਰਸ਼ਨ 19. ਦਮਦਮਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀ ਕਿਹੜੀ ਸੇਵਾ ਲਾਈ?**

ਉੱਤਰ : ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਦੀ।

**ਪ੍ਰਸ਼ਨ 20. ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਬੀੜ ਵਿਚ ਪਹਿਲੇ ਪੰਜ ਗੁਰੂਆਂ ਤੋਂ ਇਲਾਵਾ ਹੋਰ ਕਿਹੜੇ ਗੁਰੂ ਜੀ ਦੀ ਬਾਣੀ ਦਰਜ ਕੀਤੀ ਗਈ ਸੀ?**

ਉੱਤਰ : ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ।

**ਪ੍ਰਸ਼ਨ 21. ਇਸ ਬੀੜ ਨੂੰ ਕਿੱਥੇ ਗੁਰਗੱਦੀ ਪ੍ਰਦਾਨ ਕੀਤੀ ਗਈ ਸੀ?**

ਉੱਤਰ : ਨਾਂਦੇੜ ਵਿਖੇ।

**ਪ੍ਰਸ਼ਨ 22. 'ਬੰਦਈ ਖ਼ਾਲਸਾ' ਤੋਂ ਕੀ ਭਾਵ ਹੈ?**

ਉੱਤਰ : ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸ਼ਰਧਾ ਵੱਸ ਕਈ ਸਿੰਘਾਂ ਨੇ ਬਾਬਾ ਬੰਦਾ ਸਿੰਘ ਜੀ ਨੂੰ ਗੁਰੂ ਮੰਨਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੂੰ ਬੰਦਈ ਖ਼ਾਲਸਾ ਕਿਹਾ ਗਿਆ।

**ਪ੍ਰਸ਼ਨ 23. 'ਬੰਦਈ ਖ਼ਾਲਸਾ' ਦਾ ਆਗੂ ਕੌਣ ਸੀ?**

ਉੱਤਰ : ਭਾਈ ਮਹੰਤ ਸਿੰਘ ਜੀ 'ਖੇਮਕਰਨ'।

**ਪ੍ਰਸ਼ਨ 24. 'ਤੱਤ ਖ਼ਾਲਸਾ' ਦਾ ਆਗੂ ਕੌਣ ਸੀ?**

ਉੱਤਰ : ਬਾਬਾ ਕਾਹਨ ਸਿੰਘ ਜੀ।

**ਪ੍ਰਸ਼ਨ 25. 'ਬੰਦਈ ਖ਼ਾਲਸਾ' ਆਪਸ ਵਿਚ ਮਿਲਣ ਸਮੇਂ ਕੀ ਬੁਲਾਉਂਦੇ ਸਨ?**

ਉੱਤਰ : ਫ਼ਤਹਿ ਦਰਸ਼ਨ।



**ਪ੍ਰਸ਼ਨ 26. 'ਤੱਤ ਖ਼ਾਲਸਾ' ਵਾਲੇ ਆਪਸ ਵਿਚ ਮਿਲਣ ਸਮੇਂ ਕੀ ਬੁਲਾਉਂਦੇ ਸਨ?**

ਉੱਤਰ : ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

**ਪ੍ਰਸ਼ਨ 27. 'ਬੰਦਈ ਖ਼ਾਲਸਾ' ਅਤੇ 'ਤੱਤ ਖ਼ਾਲਸਾ' ਦੇ ਝਗੜੇ ਦਾ ਨਿਪਟਾਰਾ ਕਿਸਨੇ ਕਰਵਾਇਆ?**

ਉੱਤਰ : ਭਾਈ ਮਨੀ ਸਿੰਘ ਜੀ ਨੇ।

**ਪ੍ਰਸ਼ਨ 28. 'ਤੱਤ ਖ਼ਾਲਸਾ' ਦੇ ਜਥੇਦਾਰ ਨੇ ਕਿਹੜੇ ਬੁੰਗੇ 'ਤੇ ਕਬਜ਼ਾ ਕਰ ਲਿਆ ਸੀ?**

ਉੱਤਰ : ਅਕਾਲ ਬੁੰਗੇ ਉੱਤੇ।

**ਪ੍ਰਸ਼ਨ 29. 'ਬੰਦਈ ਖ਼ਾਲਸਾ' ਦੇ ਜਥੇਦਾਰ ਨੇ ਕਿਹੜੇ ਬੁੰਗੇ 'ਤੇ ਕਬਜ਼ਾ ਕਰ ਲਿਆ ਸੀ?**

ਉੱਤਰ : ਝੰਡਾ ਬੁੰਗਾ ਉੱਤੇ।

**ਪ੍ਰਸ਼ਨ 30. 'ਬੰਦਈ ਖ਼ਾਲਸਾ' ਅਤੇ 'ਤੱਤ ਖ਼ਾਲਸਾ' ਦੇ ਝਗੜੇ ਦਾ ਨਿਪਟਾਰਾ ਕਿਵੇਂ ਕਰਵਾਇਆ ਗਿਆ?**

ਉੱਤਰ : ਅੰਮ੍ਰਿਤਸਰ ਸਰੋਵਰ ਦੀ ਹਰਿ ਕੀ ਪਉੜੀ ਵਿਚ ਪਰਚੀਆਂ ਪਾ ਕੇ। ਇਕ ਪਰਚੀ 'ਤੇ ਬੰਦਈਆਂ ਦਾ 'ਫ਼ਤਹਿ ਦਰਸ਼ਨ' ਤੇ ਦੂਜੀ 'ਤੇ ਤੱਤ ਖ਼ਾਲਸੇ ਦੀ 'ਵਾਹਿਗੁਰੂ ਜੀ ਕੀ ਫ਼ਤਹਿ' ਲਿਖ ਕੇ ਹਰਿ ਕੀ ਪਉੜੀ ਵਿਚ ਸੁੱਟੀਆਂ ਗਈਆਂ।

**ਪ੍ਰਸ਼ਨ 31. ਕਿਸ ਖ਼ਾਲਸੇ ਦੀ ਕਿਹੜੀ ਪਰਚੀ ਤਰ ਕੇ ਉੱਪਰ ਆਈ ਸੀ?**

ਉੱਤਰ : ਤੱਤ ਖ਼ਾਲਸੇ ਦੀ, 'ਵਾਹਿਗੁਰੂ ਜੀ ਕੀ ਫ਼ਤਹਿ' ਵਾਲੀ।

**ਪ੍ਰਸ਼ਨ 32. ਬਾਬਾ ਬੰਦਾ ਸਿੰਘ ਦੀ ਸ਼ਹੀਦੀ ਮਗਰੋਂ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਦਾ ਇੰਚਾਰਜ ਬਣਾ ਕੇ ਕਿਸਨੇ ਭੇਜਿਆ ਸੀ?**

ਉੱਤਰ : ਮਾਤਾ ਸੁੰਦਰ ਕੌਰ ਜੀ ਨੇ।

**ਪ੍ਰਸ਼ਨ 33. ਆਪ ਜੀ ਨੇ ਦੀਵਾਲੀ ਮੌਕੇ ਖ਼ਾਲਸੇ ਦਾ ਇਕੱਠ ਕਰਨ ਦੀ ਸੋਚ ਕਿਉਂ ਸੋਚੀ ਸੀ?**

ਉੱਤਰ : ਤਾਂ ਕਿ ਸਿੰਘਾਂ ਨੂੰ ਜੁੜ ਬੈਠਣ ਦਾ ਮੌਕਾ ਮਿਲ ਸਕੇ ਤੇ ਉਹ ਕੌਮ ਦੀ ਚੜ੍ਹਦੀ ਕਲਾ ਲਈ ਪ੍ਰੋਗਰਾਮ ਉਲੀਕ ਸਕਣ।

**ਪ੍ਰਸ਼ਨ 34. ਆਪ ਨੇ ਦੀਵਾਲੀ 'ਤੇ ਇਕੱਠ ਕਰਨ ਲਈ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਕਿੰਨਾ ਕਰ (ਟੈਕਸ) ਦੇਣਾ ਮੰਨਿਆ?**

ਉੱਤਰ : 5000 ਰੁਪਏ।

**ਪ੍ਰਸ਼ਨ 35. ਆਪ ਇਹ ਟੈਕਸ (5000 ਰੁਪਏ) ਕਿਉਂ ਨਾ ਦੇ ਸਕੇ?**

ਉੱਤਰ : ਕਿਉਂਕਿ ਸਰਕਾਰ ਦੀ ਹਮਲਾ ਕਰਨ ਦੀ ਭੈੜੀ ਨੀਅਤ ਕਾਰਨ ਇਕੱਠ ਹੋ ਨਹੀਂ ਸੀ ਸਕਿਆ।

**ਪ੍ਰਸ਼ਨ 36. ਜ਼ਕਰੀਆ ਖ਼ਾਨ ਦੀ ਭੈੜੀ ਨੀਅਤ ਕੀ ਸੀ?**

ਉੱਤਰ : ਉਹ ਦੀਵਾਲੀ 'ਤੇ ਇਕੱਠੇ ਹੋਏ ਹਜ਼ਾਰਾਂ ਸਿੱਖਾਂ ਨੂੰ ਤੋਪਾਂ ਨਾਲ ਉਡਾ ਦੇਣਾ ਚਾਹੁੰਦਾ ਸੀ।

**ਪ੍ਰਸ਼ਨ 37. ਇਸ ਦੀਵਾਲੀ 'ਤੇ ਕਿਸ ਨੇ ਸਿੱਖਾਂ ਦਾ ਕਤਲੇਆਮ ਕੀਤਾ ਸੀ?**

ਉੱਤਰ : ਲਖਪਤ ਰਾਇ ਨੇ।

**ਪ੍ਰਸ਼ਨ 38. ਲਖਪਤ ਨੇ ਕਿਸ ਦੇ ਹੁਕਮ ਨਾਲ ਇਹ ਕਤਲੇਆਮ ਕੀਤਾ?**

ਉੱਤਰ : ਜ਼ਕਰੀਆ ਖ਼ਾਨ ਦੇ ਹੁਕਮ ਨਾਲ।

**ਪ੍ਰਸ਼ਨ 39. ਸਰਕਾਰ (ਜ਼ਕਰੀਆ ਖਾਨ) ਨੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਕੀ ਬਹਾਨਾ ਬਣਾਇਆ?**

ਉੱਤਰ : ਦੀਵਾਲੀ 'ਤੇ ਇਕੱਠ ਦਾ ਕਰ (ਟੈਕਸ) ਨਾ ਦੇ ਸਕਣ ਦਾ ਬਹਾਨਾ।

**ਪ੍ਰਸ਼ਨ 40. ਆਪ ਨੂੰ ਗ੍ਰਿਫ਼ਤਾਰ ਕਰ ਕੇ ਕਿੱਥੇ ਲਿਜਾਇਆ ਗਿਆ?**

ਉੱਤਰ : ਲਾਹੌਰ।

**ਪ੍ਰਸ਼ਨ 41. ਜਿੱਥੇ ਆਪ ਜੀ ਦੀ ਸ਼ਹਾਦਤ ਹੋਈ ਉੱਥੇ ਕਿਹੜਾ ਗੁਰਦੁਆਰਾ ਹੈ?**

ਉੱਤਰ : ਸ਼ਹੀਦ ਗੰਜ ਲਾਹੌਰ।

**ਪ੍ਰਸ਼ਨ 42. ਆਪ ਜੀ ਨੂੰ ਸ਼ਹੀਦ ਕਰਨ ਵਾਲੇ ਦੋ ਵੱਡੇ ਹਤਿਆਰੇ ਕਿਹੜੇ ਸਨ?**

ਉੱਤਰ : 1. ਸੱਮਦ ਖ਼ਾਨ।
2. ਖਾਨ ਬਹਾਦਰ ਜ਼ਕਰੀਆ ਖ਼ਾਨ।

**ਪ੍ਰਸ਼ਨ 43. ਆਪ ਜੀ ਨੂੰ ਸ਼ਹੀਦ ਕਰਨ ਵਾਲਿਆਂ ਨੂੰ ਕਿਸ-ਕਿਸ ਨੇ ਸਜ਼ਾ ਦਿੱਤੀ ਸੀ?**

ਉੱਤਰ : 1. ਸਃ ਅੱਘੜ ਸਿੰਘ ਜੀ ਨੇ
2. ਨਵਾਬ ਕਪੂਰ ਸਿੰਘ ਜੀ ਨੇ।

**ਪ੍ਰਸ਼ਨ 44. ਸਃ ਅੱਘੜ ਸਿੰਘ ਜੀ ਕੌਣ ਸਨ?**

ਉੱਤਰ : ਭਾਈ ਮਨੀ ਸਿੰਘ ਜੀ ਦੇ ਭਤੀਜੇ ਸਨ।

**ਪ੍ਰਸ਼ਨ 45. ਨਵਾਬ ਕਪੂਰ ਸਿੰਘ ਜੀ ਨੇ, ਭਾਈ ਮਨੀ ਸਿੰਘ ਜੀ ਦੇ ਕਿਸ ਕਾਤਲ ਨੂੰ ਮਾਰਿਆ ਸੀ?**

ਉੱਤਰ : ਸੱਮਦ ਖ਼ਾਨ ਨੂੰ।



**ਪ੍ਰਸ਼ਨ 46. ਭਾਈ ਮਨੀ ਸਿੰਘ ਜੀ ਦੇ ਕਾਤਲ ਸੱਮਦ ਖ਼ਾਨ ਦੀ ਮੌਤ ਕਿਵੇਂ ਹੋਈ?**

ਉੱਤਰ : ਉਸਨੂੰ ਰੱਸਿਆਂ ਨਾਲ ਜਕੜ ਕੇ ਘੋੜਿਆਂ ਦੇ ਮਗਰ ਬੰਨ੍ਹ ਕੇ ਘੋੜਿਆਂ ਨੂੰ ਖ਼ੂਬ ਦੌੜਾਇਆ ਗਿਆ।

**ਪ੍ਰਸ਼ਨ 47. ਜ਼ਕਰੀਆ ਖ਼ਾਨ ਦੀ ਮੌਤ ਕਦੋਂ ਹੋਈ?**

ਉੱਤਰ : ਸੰਨ 1745 ਈਃ ਵਿਚ।

**ਪ੍ਰਸ਼ਨ 48. ਭਾਈ ਮਨੀ ਸਿੰਘ ਜੀ ਦੀ ਕੁਰਬਾਨੀ ਤੋਂ ਕੀ ਸੇਧ ਮਿਲਦੀ ਹੈ?**

ਉੱਤਰ : ਸਿੱਖ ਦਾ ਤਨ, ਮਨ, ਧਨ ਸਭ ਗੁਰੂ ਲਈ ਹੈ।

## 8. ਸ਼ਹੀਦ ਭਾਈ ਸੁੱਖਾ ਸਿੰਘ ਜੀ, ਮਤਾਬ ਸਿੰਘ ਜੀ

**ਪ੍ਰਸ਼ਨ 1. ਜ਼ਕਰੀਆ ਖ਼ਾਨ ਕੌਣ ਸੀ?**

ਉੱਤਰ : ਲਾਹੌਰ ਦਾ ਨਵਾਬ।

**ਪ੍ਰਸ਼ਨ 2. ਜ਼ਕਰੀਆ ਖ਼ਾਨ ਨੇ ਸਿੱਖਾਂ ਦੀ ਸੂਹ ਦੇਣ ਵਾਲੇ ਲਈ ਕਿੰਨਾ ਇਨਾਮ ਦੇਣ ਦਾ ਐਲਾਨ ਕੀਤਾ ਸੀ?**

ਉੱਤਰ : ਦਸ ਰੁਪਏ।

**ਪ੍ਰਸ਼ਨ 3. ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਮਾਰ ਕੇ ਉਹਨਾਂ ਦਾ ਸਿਰ ਲਿਆਉਣ ਵਾਲੇ ਲਈ ਕਿੰਨਾ ਇਨਾਮ ਦੇਣ ਦਾ ਐਲਾਨ ਕੀਤਾ ਸੀ?**

ਉੱਤਰ : ਪੰਜਾਹ ਰੁਪਏ।

**ਪ੍ਰਸ਼ਨ 4. ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਜਿਉਂਦਿਆਂ ਫੜ ਕੇ ਲਿਆਉਣ ਵਾਲੇ ਲਈ ਕਿੰਨਾ ਇਨਾਮ ਦੇਣ ਦਾ ਐਲਾਨ ਕੀਤਾ ਸੀ?**

ਉੱਤਰ : ਅੱਸੀ ਰੁਪਏ।

**ਪ੍ਰਸ਼ਨ 5. ਕੋਈ ਤਿੰਨ ਜ਼ਾਲਮਾਂ ਦੇ ਨਾਮ ਦੱਸੋ ਜਿਨ੍ਹਾਂ ਨੇ ਸਿੱਖਾਂ ਦੇ ਸੀਸਾਂ ਦੇ ਗੱਡੇ ਭਰ ਕੇ ਲਾਹੌਰ ਭੇਜੇ ਸੀ ਤੇ ਮੁਗ਼ਲ ਹਾਕਮਾਂ ਤੋਂ ਇਨਾਮ ਹਾਸਲ ਕੀਤੇ ਸੀ?**

ਉੱਤਰ : 1. ਛੀਨੇ ਦਾ ਕਰਮਾ
2. ਤਲਵੰਡੀ ਦਾ ਰਾਮਾ ਰੰਧਾਵਾ
3. ਨੌਸ਼ਹਿਰੇ ਢਾਲੇ ਦਾ ਸਾਹਿਬ ਰਾਇ ਸੰਧੂ

**ਪ੍ਰਸ਼ਨ 6. ਹਰਭਗਤ ਨਿਰੰਜਨੀਆ ਕਿੱਥੋਂ ਦਾ ਰਹਿਣ ਵਾਲਾ ਸੀ?**

ਉੱਤਰ : ਜੰਡਿਆਲੇ ਦਾ।

**ਪ੍ਰਸ਼ਨ 7. ਮੱਸਾ ਰੰਘੜ ਕਿੱਥੋਂ ਦਾ ਚੌਧਰੀ ਸੀ?**

ਉੱਤਰ : ਮੰਡਿਆਲੀ ਦਾ।

**ਪ੍ਰਸ਼ਨ 8. ਦਰਬਾਰ ਸਾਹਿਬ ਵਿਖੇ ਮੱਸਾ ਰੰਘੜ ਨੇ ਕੀ ਕੁਕਰਮ ਕੀਤਾ ਸੀ?**

ਉੱਤਰ : ਉਸ ਨੇ ਪ੍ਰਕਰਮਾ ਵਿਚ ਘੋੜੇ ਬੰਨ੍ਹੇ ਤੇ ਹਰਿਮੰਦਰ ਸਾਹਿਬ ਨੂੰ ਉਸ ਨੇ ਨਾਚ ਘਰ ਬਣਾ ਲਿਆ ਸੀ। ਉਹ ਉੱਥੇ ਪਲੰਘ ਡਾਹ ਕੇ ਹੁੱਕਾ ਤੇ ਸ਼ਰਾਬ ਪੀਂਦਾ ਤੇ ਕੰਜਰੀਆਂ ਦਾ ਮੁਜਰਾ ਲਵਾਉਂਦਾ ਸੀ।

**ਪ੍ਰਸ਼ਨ 9. ਦਰਬਾਰ ਸਾਹਿਬ ਦੀ ਬੇ-ਅਦਬੀ ਦੀ ਖ਼ਬਰ ਸਿੰਘ ਨੇ ਕਿੱਥੇ ਜਾ ਕੇ ਜਥੇ ਨੂੰ ਸੁਣਾਈ?**

ਉੱਤਰ : ਬੀਕਾਨੇਰ ਵਿਖੇ।

**ਪ੍ਰਸ਼ਨ 10. ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਲਈ ਕਿਹੜੇ ਦੋ ਸਿੰਘਾਂ ਦੀ ਸੇਵਾ ਲੱਗੀ?**

ਉੱਤਰ : 1. ਭਾਈ ਸੁੱਖਾ ਸਿੰਘ ਜੀ।
2. ਭਾਈ ਮਤਾਬ ਸਿੰਘ ਜੀ।

**ਪ੍ਰਸ਼ਨ 11. ਭਾਈ ਮਤਾਬ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣ ਕੇ ਕੀ ਕਿਹਾ ਸੀ?**

ਉੱਤਰ : ਆਪ ਨੇ ਕਿਹਾ ਕਿ, "ਚੰਗਾ ਮੈਂ ਜਾਂਦਾ ਹਾਂ ਤੇ ਇਸ ਤਲਵਾਰ ਨਾਲ ਮੱਸੇ ਰੰਘੜ ਦਾ ਸਿਰ ਕੱਟ ਕੇ ਲਿਆਉਂਦਾ ਹਾਂ।"

**ਪ੍ਰਸ਼ਨ 12. ਭਾਈ ਸੁੱਖਾ ਸਿੰਘ ਕਿਹੜੇ ਪਿੰਡ ਦਾ ਰਹਿਣ ਵਾਲਾ ਸੀ?**

ਉੱਤਰ : 'ਮਾੜੀ ਕੰਬੋ ਕੀ', ਜ਼ਿਲ੍ਹਾ ਅੰਮ੍ਰਿਤਸਰ।

**ਪ੍ਰਸ਼ਨ 13. ਭਾਈ ਮਤਾਬ ਸਿੰਘ ਜੀ ਕਿੱਥੋਂ ਦੇ ਵਸਨੀਕ ਸਨ?**

ਉੱਤਰ : 'ਮੀਰਾਂ ਕੋਟ', ਜ਼ਿਲ੍ਹਾ ਅੰਮ੍ਰਿਤਸਰ।

**ਪ੍ਰਸ਼ਨ 14. ਦਰਬਾਰ ਸਾਹਿਬ ਦੇ ਅੰਦਰ ਪਹੁੰਚਣ ਲਈ ਆਪ ਜੀ ਨੇ ਕੀ ਤਰਕੀਬ ਬਣਾਈ?**

ਉੱਤਰ : ਆਪ ਜੀ ਨੇ ਦੋ ਬੋਰੀਆਂ ਠੀਕਰੀਆਂ ਦੀਆਂ ਭਰ ਕੇ ਅੱਗੇ ਘੋੜੇ ਦੀਆਂ ਕਾਠੀਆਂ ਉੱਪਰ ਰੱਖ ਲਈਆਂ ਅਤੇ ਮੁਸਲਮਾਨ ਨੰਬਰਦਾਰਾਂ ਵਾਲਾ ਭੇਸ ਵਟਾ ਲਿਆ।

**ਪ੍ਰਸ਼ਨ 15. ਆਪ ਜੀ ਨੂੰ ਇਸ ਭੇਸ ਵਿਚ ਦੇਖ ਕੇ ਕੀ ਮਹਿਸੂਸ ਹੁੰਦਾ ਸੀ?**

ਉੱਤਰ : ਇੰਝ ਮਹਿਸੂਸ ਹੁੰਦਾ ਸੀ ਕਿ ਮੁਸਲਮਾਨ ਨੰਬਰਦਾਰ ਮਾਮਲਾ ਤਾਰਨ ਲਈ ਜਾ ਰਹੇ ਹਨ।



**ਪ੍ਰਸ਼ਨ 16. ਆਪ ਜੀ ਮੱਸੇ ਰੰਘੜ ਤੋਂ ਬਦਲਾ ਲੈਣ ਲਈ ਅੰਮ੍ਰਿਤਸਰ ਕਦੋਂ ਪਹੁੰਚੇ?**

ਉੱਤਰ : ਅਗਸਤ ਸੰਨ 1740 ਵਿਚ।

**ਪ੍ਰਸ਼ਨ 17. ਦੋਹਾਂ ਸਿੰਘਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਕਿਵੇਂ ਲਿਆ?**

ਉੱਤਰ : ਦੋਵੇਂ ਸਿੰਘ ਹਰਿਮੰਦਰ ਸਾਹਿਬ ਦੇ ਅੰਦਰ ਚਲੇ ਗਏ। ਸ: ਸੁੱਖਾ ਸਿੰਘ ਨੇ ਠੀਕਰੀਆਂ ਦੀ ਥੈਲੀ ਮੱਸੇ ਦੇ ਪਲੰਘ ਹੇਠਾਂ ਸੁੱਟ ਦਿੱਤੀ। ਸ: ਮਤਾਬ ਸਿੰਘ ਨੇ ਮੱਸੇ ਦਾ ਸਿਰ ਤਲਵਾਰ ਨਾਲ ਲਾਹ ਦਿੱਤਾ।

**ਪ੍ਰਸ਼ਨ 18. ਮੱਸੇ ਦੀ ਮੌਤ ਦੀ ਖਬਰ ਸੁਣ ਕੇ ਸਭ ਤੋਂ ਜ਼ਿਆਦਾ ਲੋਹਾ ਲਾਖਾ ਕੌਣ ਹੋਇਆ ਸੀ?**

ਉੱਤਰ : ਜ਼ਕਰੀਆ ਖ਼ਾਂ।

**ਪ੍ਰਸ਼ਨ 19. ਮੱਸੇ ਨੂੰ ਮਾਰਨ ਵਾਲੇ ਭਾਈ ਸੁੱਖਾ ਸਿੰਘ ਜੀ ਤੇ ਭਾਈ ਮਤਾਬ ਸਿੰਘ ਜੀ ਦੀ ਮੁਖ਼ਬਰੀ ਕਿਸ ਨੇ ਕੀਤੀ ਸੀ?**

ਉੱਤਰ : ਜੰਡਿਆਲੇ ਦੇ ਹਰਭਗਤ ਨਿਰੰਜਨੀਏ ਨੇ।

**ਪ੍ਰਸ਼ਨ 20. ਸੂਬੇ ਦੇ ਹੁਕਮ ਨਾਲ ਕਿਸ ਨੇ ਮੀਰਾਂਕੋਟ ਜਾ ਕੇ ਘੇਰਾ ਪਾਇਆ ਸੀ?**

ਉੱਤਰ : ਨੂਰਦੀਨ ਫ਼ੌਜਦਾਰ ਨੇ।

**ਪ੍ਰਸ਼ਨ 21. ਭਾਈ ਮਤਾਬ ਸਿੰਘ ਜੀ ਦੇ ਪੁੱਤਰ ਦਾ ਕੀ ਨਾਮ ਸੀ?**

ਉੱਤਰ : 'ਰਾਇ ਸਿੰਘ'।

**ਪ੍ਰਸ਼ਨ 22. ਭਾਈ ਮਤਾਬ ਸਿੰਘ ਜੀ ਨੇ ਪਿੰਡੋਂ ਜਾਣ ਸਮੇਂ ਆਪਣੇ ਪੁੱਤਰ ਦੀ ਬਾਂਹ ਕਿਸ ਦੇ ਹੱਥ ਫੜਾਈ ਸੀ?**

ਉੱਤਰ : ਨੱਥੇ ਖਹਿਰੇ ਦੇ।

**ਪ੍ਰਸ਼ਨ 23. ਨੱਥਾ ਖਹਿਰਾ ਕੌਣ ਸੀ?**

ਉੱਤਰ : ਪਿੰਡ ਦਾ ਪੈਂਚ।

**ਪ੍ਰਸ਼ਨ 24. ਭਾਈ ਮਤਾਬ ਸਿੰਘ ਦੇ ਪੁੱਤਰ ਨੂੰ ਬਚਾਉਂਦੇ ਹੋਏ ਕਿਸ ਨੇ ਸ਼ਹੀਦੀ ਪਾਈ ਸੀ?**

ਉੱਤਰ : ਨੱਥੇ ਖਹਿਰੇ ਤੇ ਉਸਦੇ ਸਾਥੀਆਂ ਨੇ।

**ਪ੍ਰਸ਼ਨ 25. ਭਾਈ ਮਤਾਬ ਸਿੰਘ ਜੀ ਕਿਵੇਂ ਫੜੇ ਗਏ?**

ਉੱਤਰ : ਆਪ ਜੀ ਆਪਣੇ ਬਾਲ ਬੱਚੇ ਨੂੰ ਮਿਲਣ ਵਾਸਤੇ ਪਿੰਡ ਆਏ ਸਨ ਤੇ ਕਿਸੇ ਨੇ ਆਪ ਦੀ ਚੁਗਲੀ ਕੀਤੀ ਤੇ ਆਪ ਫੜੇ ਗਏ।

**ਪ੍ਰਸ਼ਨ 26. ਆਪ ਜੀ ਕਦੋਂ ਫੜੇ ਗਏ?**

ਉੱਤਰ : ਸੰਨ 1745 ਵਿਚ।

**ਪ੍ਰਸ਼ਨ 27. ਭਾਈ ਮਤਾਬ ਸਿੰਘ ਜੀ ਨੂੰ ਫੜ ਕੇ ਕਿੱਥੇ ਲਿਆਂਦਾ ਗਿਆ?**

ਉੱਤਰ : ਲਾਹੌਰ।

**ਪ੍ਰਸ਼ਨ 28. ਆਪ ਜੀ ਦੀ ਸ਼ਹੀਦੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?**

ਉੱਤਰ : 'ਸਿੰਘ', ਗੁਰਧਾਮਾਂ ਦੀ ਬੇਅਦਬੀ ਦਾ ਬਦਲਾ ਜਾਨ 'ਤੇ ਖੇਡ ਕੇ ਵੀ ਲੈ ਲੈਂਦੇ ਹਨ।

## 9. ਸ਼ਹੀਦ ਭਾਈ ਬੋਤਾ ਸਿੰਘ ਗਰਜਾ ਸਿੰਘ ਜੀ

**ਪ੍ਰਸ਼ਨ 1. ਸੰਨ 1739 ਵਿਚ ਜ਼ਕਰੀਆ ਖ਼ਾਨ ਨੇ ਕੀ ਮੁਨਾਦੀ ਕਰਵਾਈ ਸੀ?**

ਉੱਤਰ : ਉਸਨੇ ਮੁਨਾਦੀ ਕਰਵਾਈ ਸੀ ਕਿ ਸਾਰੇ ਸਿੱਖ ਖ਼ਤਮ ਕਰ ਦਿੱਤੇ ਗਏ ਹਨ।

**ਪ੍ਰਸ਼ਨ 2. 'ਸਿੱਖ ਖ਼ਤਮ ਨਹੀਂ ਹੋਏ' ਇਹ ਗੱਲ ਹਕੂਮਤ ਤੱਕ ਪਹੁੰਚਾਉਣ ਲਈ ਕੌਣ ਅੰਮ੍ਰਿਤਸਰ ਵਿਖੇ ਇਸ਼ਨਾਨ ਕਰਨ ਲਈ ਜਾ ਰਹੇ ਸਨ?**

ਉੱਤਰ : ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ ਜੀ।

**ਪ੍ਰਸ਼ਨ 3. ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਨੂੰ ਝਾੜਾਂ ਉਹਲੇ ਵੇਖ ਕੇ ਮੁਸਲਮਾਨਾਂ ਨੇ ਆਪਸ ਵਿਚ ਜੋ ਗੱਲਾਂ ਕੀਤੀਆਂ, ਉਨ੍ਹਾਂ ਦਾ ਕੀ ਭਾਵ ਸੀ?**

ਉੱਤਰ : "ਝਾੜਾਂ ਉਹਲੇ ਛਿਪੇ, ਸਿੱਖ ਨਹੀਂ ਹੋ ਸਕਦੇ, ਕਿਉਂਕਿ ਜ਼ਕਰੀਆ ਖ਼ਾਂ ਨੇ ਐਲਾਨ ਕਰ ਦਿੱਤੈ ਕਿ ਉਹਨੇ ਸਾਰੇ ਸਿੱਖ ਖ਼ਤਮ ਕਰ ਦਿੱਤੇ ਹਨ।"

**ਪ੍ਰਸ਼ਨ 4. ਮੁਸਲਮਾਨਾਂ ਦੀਆਂ ਗੱਲਾਂ ਦਾ ਦੋਹਾਂ ਸਿੰਘਾਂ 'ਤੇ ਕੀ ਅਸਰ ਹੋਇਆ ਸੀ?**

ਉੱਤਰ : ਉਨ੍ਹਾਂ ਨੇ ਜ਼ਕਰੀਆ ਖ਼ਾਨ ਦੇ ਇਸ ਪ੍ਰਾਪੇਗੰਡੇ ਨੂੰ ਝੂਠਾ ਸਿੱਧ ਕਰਨ ਦਾ ਫ਼ੈਸਲਾ ਕਰ ਲਿਆ।

**ਪ੍ਰਸ਼ਨ 5. ਦੋਹਾਂ ਸਿੰਘਾਂ ਨੇ ਸਿੱਖਾਂ ਦਾ ਰਾਜ ਕਾਇਮ ਕਰਨ ਦਾ ਕੌਤਕ ਕਿੱਥੇ ਰਚਿਆ ਸੀ?**

ਉੱਤਰ : ਨੂਰਦੀਨ ਦੀ ਸਰਾਂ, ਨੇੜੇ ਤਰਨ ਤਾਰਨ ਦੇ।



**ਪ੍ਰਸ਼ਨ 6. ਉਨ੍ਹਾਂ ਨੇ ਸਿੱਖਾਂ ਦਾ ਰਾਜ ਕਾਇਮ ਕਰਨ ਦਾ ਕੌਤਕ ਕਿਵੇਂ ਰਚਿਆ?**

ਉੱਤਰ : ਆਪ ਉੱਥੋਂ ਲੰਘਣ ਵਾਲੇ ਹਰ ਆਦਮੀ ਪਾਸੋਂ ਟੈਕਸ ਉਗਰਾਹੁਣ ਲੱਗ ਪਏ।

**ਪ੍ਰਸ਼ਨ 7. ਉਨ੍ਹਾਂ ਨੇ ਗੱਡੇ ਅਤੇ ਖੋਤੇ 'ਤੇ ਕਿੰਨਾ ਟੈਕਸ ਲਗਾਇਆ ਸੀ?**

ਉੱਤਰ : ਇਕ ਆਨਾ ਗੱਡੇ 'ਤੇ, ਇਕ ਪੈਸਾ ਖੋਤੇ 'ਤੇ।

**ਪ੍ਰਸ਼ਨ 8. ਉਥੋਂ ਲੰਘਣ ਵਾਲਿਆਂ ਤੋਂ ਟੈਕਸ ਲੈ ਕੇ, ਉਹਨਾਂ ਨੂੰ ਹੋਰ ਕੀ ਕਹਿੰਦੇ ਸਨ?**

ਉੱਤਰ : ਉਹ ਜਿੱਥੇ ਵੀ ਜਾਣ, ਉੱਥੇ ਜਾ ਕੇ ਦੱਸ ਦੇਣ ਕਿ ਨੂਰਦੀਨ ਦੀ ਸਰਾਂ ਦੇ ਆਲੇ-ਦੁਆਲੇ ਸਿੱਖਾਂ ਦਾ ਰਾਜ ਹੋ ਗਿਆ ਹੈ।

**ਪ੍ਰਸ਼ਨ 9. ਭਾਈ ਬੋਤਾ ਸਿੰਘ ਜੀ ਨੇ ਕਿਸ ਵੱਲ ਇਕ ਚਿੱਠੀ ਲਿਖੀ ਸੀ?**

ਉੱਤਰ : ਖਾਨ ਬਹਾਦਰ, ਜ਼ਕਰੀਆ ਖ਼ਾਨ ਵੱਲ।

**ਪ੍ਰਸ਼ਨ 10. ਇਹ ਚਿੱਠੀ ਕਿਸ ਦੇ ਰਾਹੀਂ ਭੇਜੀ ਸੀ?**

ਉੱਤਰ : ਲਾਹੌਰ ਨੂੰ ਜਾਂਦੇ ਇਕ ਰਾਹੀ ਦੇ ਹੱਥ।

**ਪ੍ਰਸ਼ਨ 11. ਭਾਈ ਬੋਤਾ ਸਿੰਘ ਨੇ ਇਸ ਚਿੱਠੀ ਵਿਚ ਜ਼ਕਰੀਆ ਖ਼ਾਨ ਨੂੰ ਮਖੌਲ ਵਜੋਂ ਕੀ ਲਿਖਿਆ ਸੀ?**

ਉੱਤਰ : ਭਾਬੀ ਖਾਨੋ।

**ਪ੍ਰਸ਼ਨ 12. ਭਾਈ ਬੋਤਾ ਸਿੰਘ ਜੀ ਨੇ ਚਿੱਠੀ ਵਿਚ ਕੀ ਲਿਖਿਆ ਸੀ?**

ਉੱਤਰ : "ਚਿੱਠੀ ਲਿਖਤੁਮ ਸਿੰਘ ਬੋਤਾ,<br>
ਹੱਥ ਹੈ ਸੋਟਾ, ਵਿਚ ਰਾਹ ਖਲੋਤਾ।<br>
ਆਨਾ ਲਾਇਆ ਗੱਡੇ ਨੂੰ<br>
ਪੈਸਾ ਲਾਇਆ ਖੋਤਾ।<br>
ਜਾ ਆਖੀਂ ਭਾਬੀ ਖਾਨੋ ਨੂੰ<br>
ਐਉਂ ਆਖੇ ਸਿੰਘ ਬੋਤਾ।"

**ਪ੍ਰਸ਼ਨ 13. ਜਦ ਜ਼ਕਰੀਆ ਖ਼ਾਨ ਨੇ ਉਸ ਆਦਮੀ ਤੋਂ ਪੁੱਛਿਆ ਕਿ ਟੈਕਸ ਉਗਰਾਹੁਣ ਵਾਲੇ ਸਿੰਘ ਕਿੰਨੇ ਸਨ ਤਾਂ ਉਸਨੇ ਕੀ ਜੁਆਬ ਦਿੱਤਾ?**

ਉੱਤਰ : ਦੋ ਸਿੰਘ।

**ਪ੍ਰਸ਼ਨ 14. ਜਦੋਂ ਜ਼ਕਰੀਆ ਖ਼ਾਨ ਨੇ ਪੁੱਛਿਆ ਕਿ ਸਿੰਘਾਂ ਪਾਸ ਕਿਹੜੇ ਹਥਿਆਰ ਹਨ, ਤਾਂ ਰਾਹੀ ਨੇ ਕੀ ਜੁਆਬ ਦਿੱਤਾ?**

ਉੱਤਰ : ਉਸ ਨੇ ਜੁਆਬ ਦਿੱਤਾ ਕਿ ਉਨ੍ਹਾਂ ਪਾਸ ਸਿਰਫ਼ ਦੋ ਮੋਟੇ-ਮੋਟੇ ਸੋਟੇ ਤੇ ਤਲਵਾਰਾਂ ਹਨ।

**ਪ੍ਰਸ਼ਨ 15. ਜ਼ਕਰੀਆ ਖ਼ਾਨ ਨੇ ਸਿੰਘਾਂ ਨੂੰ ਜ਼ਿੰਦਾ ਫੜ ਕੇ ਲਿਆਉਣ ਦਾ ਹੁਕਮ ਕਿਸ ਨੂੰ ਦਿੱਤਾ?**

ਉੱਤਰ : ਜਲਾਲਦੀਨ ਜਰਨੈਲ ਨੂੰ।

**ਪ੍ਰਸ਼ਨ 16. ਜ਼ਕਰੀਆ ਖ਼ਾਨ ਨੇ ਕੇਵਲ ਦੋ ਸਿੰਘਾਂ ਦੇ ਟਾਕਰੇ ਲਈ ਜਲਾਲਦੀਨ ਨੂੰ ਕਿੰਨੀ ਫ਼ੌਜ ਦੇ ਕੇ ਭੇਜਿਆ ਸੀ?**

ਉੱਤਰ : ਦੋ-ਸੌ ਸ਼ਸਤਰਧਾਰੀ ਘੋੜ ਸਵਾਰ ਫ਼ੌਜੀ।

**ਪ੍ਰਸ਼ਨ 17. ਜਲਾਲਦੀਨ ਦੀ ਫ਼ੌਜ ਨੂੰ ਦੇਖ ਕੇ ਸਿੰਘਾਂ ਨੇ ਕੀ ਮਹਿਸੂਸ ਕੀਤਾ?**

ਉੱਤਰ : ਕਿ ਹਕੂਮਤ ਨੂੰ ਸਿੱਖਾਂ ਦਾ ਰਾਜ ਕਾਇਮ ਹੋਣ ਦੀ ਖ਼ਬਰ ਮਿਲ ਗਈ ਹੈ।

**ਪ੍ਰਸ਼ਨ 18. ਜਲਾਲਦੀਨ ਦੀ ਫ਼ੌਜ ਨੂੰ ਦੇਖ ਕੇ ਸਿੰਘਾਂ ਨੇ ਉਹਨਾਂ ਨੂੰ ਵੰਗਾਰ ਕੇ ਕੀ ਆਖਿਆ ਸੀ?**

ਉੱਤਰ : ਆਪ ਜੀ ਨੇ ਕਿਹਾ, "ਉਇ! ਆਪਣੇ ਆਪ ਨੂੰ ਬਹਾਦਰ ਅਖਵਾਉਣ ਵਾਲਿਓ! ਜ਼ਰਾ ਕੱਲੇ ਨਾਲ ਕੱਲਾ ਭਿੜ ਕੇ ਵੇਖੋ ਤਾਂ ਤੁਹਾਨੂੰ ਮੰਨੀਏ।"

**ਪ੍ਰਸ਼ਨ 19. ਸਿੱਖਾਂ ਦੀ ਵੰਗਾਰ 'ਤੇ ਜਰਨੈਲ ਨੇ ਪਹਿਲਾਂ ਕਿੰਨੇ ਸਿਪਾਹੀ ਟਾਕਰੇ ਲਈ ਭੇਜੇ?**

ਉੱਤਰ : ਦੋ।

**ਪ੍ਰਸ਼ਨ 20. ਸਿੱਖਾਂ ਨੇ ਦੁਸ਼ਮਣ ਦੀ ਫ਼ੌਜ ਦਾ ਕਿਵੇਂ ਟਾਕਰਾ ਕੀਤਾ?**

ਉੱਤਰ : ਪਹਿਲਾਂ ਇਕ-ਇਕ ਸਿਪਾਹੀ ਨੂੰ ਪਾਰ ਬੁਲਾਇਆ ਤੇ ਫਿਰ ਦੋ-ਦੋ ਸਿਪਾਹੀ ਤੇ ਫਿਰ ਸਾਰੀ ਫ਼ੌਜ ਦੇ ਇਕੋ ਵਾਰੀ ਹੱਲਾ ਬੋਲਣ 'ਤੇ ਉਹਨਾਂ ਦਾ ਮੋਟੇ ਸੋਟੇ ਤੇ ਤਲਵਾਰਾਂ ਨਾਲ ਚੰਗੀ ਤਰ੍ਹਾਂ ਟਾਕਰਾ ਕੀਤਾ।

**ਪ੍ਰਸ਼ਨ 21. ਭਾਈ ਬੋਤਾ ਸਿੰਘ—ਭਾਈ ਗਰਜਾ ਸਿੰਘ ਜੀ ਦੀ ਸ਼ਹੀਦੀ ਸਿੰਘਾਂ ਨੂੰ ਕੀ ਸੇਧ ਦਿੰਦੀ ਹੈ?**

ਉੱਤਰ : "ਸਿੰਘੋ! ਸਿੱਖੀ ਦੀ ਆਨ ਤੇ ਸ਼ਾਨ ਨੂੰ ਸਦਾ ਕਾਇਮ ਰੱਖਿਓ। ਵੇਖਿਓ, ਟੁੱਟ ਭਾਵੇਂ ਜਾਇਓ, ਪਰ ਜ਼ਾਲਮ ਦੇ ਅੱਗੇ ਝੁਕਿਓ ਨਾ।"

## 10. ਸ਼ਹੀਦ ਸ: ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ

**ਪ੍ਰਸ਼ਨ 1. ਸ: ਸੁਬੇਗ ਸਿੰਘ ਜੀ ਕਿਸ ਭਾਸ਼ਾ ਦੇ ਮਹਾਨ ਵਿਦਵਾਨ ਸਨ?**

ਉੱਤਰ : ਫ਼ਾਰਸੀ ਭਾਸ਼ਾ ਦੇ।



**ਪ੍ਰਸ਼ਨ 2. ਜ਼ਕਰੀਆ ਖ਼ਾਨ ਦੇ ਸਮੇਂ ਆਪ ਕੀ ਕੰਮ ਕਰਦੇ ਸਨ?**

ਉੱਤਰ : ਸਰਕਾਰੀ ਠੇਕੇਦਾਰੀ ਦਾ।

**ਪ੍ਰਸ਼ਨ 3. ਸਿੰਘਾਂ ਅਤੇ ਜ਼ਕਰੀਆ ਖ਼ਾਨ ਵਿਚਕਾਰ ਸੁਲਾਹ ਕਰਵਾਉਣ ਵਾਲੇ ਸਿੱਖ ਦਾ ਕੀ ਨਾਮ ਸੀ?**

ਉੱਤਰ : ਭਾਈ ਸੁਬੇਗ ਸਿੰਘ ਜੀ।

**ਪ੍ਰਸ਼ਨ 4. ਜ਼ਕਰੀਆ ਖ਼ਾਨ ਨੇ ਭਾਈ ਸੁਬੇਗ ਸਿੰਘ ਜੀ ਦੇ ਰਾਹੀਂ ਖ਼ਾਲਸਾ ਪੰਥ ਨੂੰ ਕੀ ਪੇਸ਼ਕਸ਼ ਕੀਤੀ?**

ਉੱਤਰ : ਇਕ ਲੱਖ ਦੀ ਜਾਗੀਰ ਅਤੇ ਜਥੇਦਾਰ ਨੂੰ ਨਵਾਬੀ ਦਾ ਖ਼ਿਤਾਬ।

**ਪ੍ਰਸ਼ਨ 5. ਜਾਗੀਰ ਵਿਚ ਕਿਹੜੇ ਇਲਾਕੇ ਸ਼ਾਮਲ ਸਨ?**

ਉੱਤਰ : ਕੰਗਣਵਾਲ, ਦੀਪਾਲਪੁਰ ਅਤੇ ਝਬਾਲ ਦੇ ਪਰਗਣੇ।

**ਪ੍ਰਸ਼ਨ 6. ਇਸ ਸਮੇਂ ਸਿੰਘਾਂ ਦੇ ਜਥੇਦਾਰ ਕੌਣ ਸਨ?**

ਉੱਤਰ : ਦੀਵਾਨ ਦਰਬਾਰਾ ਸਿੰਘ ਜੀ।

**ਪ੍ਰਸ਼ਨ 7. ਕੀ ਦਰਬਾਰਾ ਸਿੰਘ ਜੀ ਨੇ ਨਵਾਬੀ ਦਾ ਖ਼ਿਤਾਬ ਸਵੀਕਾਰ ਕੀਤਾ?**

ਉੱਤਰ : ਨਹੀਂ ਜੀ।

**ਪ੍ਰਸ਼ਨ 8. ਸ: ਦਰਬਾਰਾ ਸਿੰਘ ਜੀ ਨੇ ਨਵਾਬੀ ਨਾ ਲੈਣ ਸਮੇਂ ਕੀ ਕਿਹਾ ਸੀ?**

ਉੱਤਰ : ਆਪ ਨੇ ਕਿਹਾ ਕਿ, ਸਾਨੂੰ ਤਾਂ ਸਤਿਗੁਰਾਂ ਦਾ ਵਰ ਹੈ ਕਿ ਖ਼ਾਲਸਾ ਰਾਜ ਕਰੇਗਾ, ਅਸੀਂ ਛੋਟੀ-ਮੋਟੀ ਨਵਾਬੀ ਤੋਂ ਕੀ ਲੈਣਾ ਹੈ।

**ਪ੍ਰਸ਼ਨ 9. ਜਦ ਕੋਈ ਵੀ ਸਿੰਘ ਹਕੂਮਤ ਦੀ ਬੇਨਤੀ ਪ੍ਰਵਾਨ ਕਰਨ ਨੂੰ ਤਿਆਰ ਨਾ ਹੋਇਆ ਤਾਂ ਸ: ਸੁਬੇਗ ਸਿੰਘ ਜੀ ਨੇ ਕੀ ਕਿਹਾ ਸੀ?**

ਉੱਤਰ : ਆਪ ਜੀ ਨੇ ਕਿਹਾ, "ਖ਼ਾਲਸਾ ਜੀ! ਮੇਰੀ ਬੇਨਤੀ ਮੰਨੋ ਤੇ ਕਿਸੇ ਸੇਵਾਦਾਰ ਨੂੰ ਹੀ ਨਵਾਬੀ ਦਾ ਖ਼ਿਤਾਬ ਦੇ ਦੇਵੋ। ਇਹ ਜਾਗੀਰ ਲੈ ਲਵੋ ਤੇ ਕੁਝ ਸਮਾਂ ਸੁਖ ਚੈਨ ਦਾ ਜੀਵਨ ਜੀਅ ਕੇ ਹੋਰ ਵਧੇਰੇ ਜ਼ਾਲਮਾਂ ਵਿਰੁੱਧ ਤਿਆਰੀ ਕਰ ਸਕੋਗੇ। ਐਵੇਂ ਹਕੂਮਤ ਦੇ ਝੁਕਾਅ ਨੂੰ ਠੁਕਰਾਓ ਨਾਂਹ।"

**ਪ੍ਰਸ਼ਨ 10. ਦੀਵਾਨ ਦਰਬਾਰਾ ਸਿੰਘ ਨੇ ਨਵਾਬੀ ਕਿਸ ਨੂੰ ਦਿੱਤੀ?**

ਉੱਤਰ : ਸ: ਕਪੂਰ ਸਿੰਘ ਜੀ ਨੂੰ।

**ਪ੍ਰਸ਼ਨ 11. ਸ: ਕਪੂਰ ਸਿੰਘ ਜੀ ਉਸ ਸਮੇਂ ਕਿਹੜੀ ਸੇਵਾ ਕਰ ਰਹੇ ਸਨ?**

ਉੱਤਰ : ਸੰਗਤਾਂ ਨੂੰ ਪੱਖਾ ਝੱਲਣ ਦੀ।

**ਪ੍ਰਸ਼ਨ 12. ਸ: ਸੁਬੇਗ ਸਿੰਘ ਜੀ ਦੇ ਸਪੁੱਤਰ ਦਾ ਕੀ ਨਾਮ ਸੀ?**

ਉੱਤਰ : ਸ਼ਾਹਬਾਜ਼ ਸਿੰਘ।

**ਪ੍ਰਸ਼ਨ 13. ਸ਼ਾਹਬਾਜ਼ ਸਿੰਘ ਕਿੱਥੇ ਪੜ੍ਹਦਾ ਸੀ?**

ਉੱਤਰ : ਲਾਹੌਰ ਦੇ ਇਕ ਮਦਰੱਸੇ ਵਿਚ।

**ਪ੍ਰਸ਼ਨ 14. ਸ਼ਾਹਬਾਜ਼ ਸਿੰਘ ਮਦਰੱਸੇ ਵਿਚ ਕਿਹੜੀ ਵਿੱਦਿਆ ਹਾਸਲ ਕਰ ਰਿਹਾ ਸੀ?**

ਉੱਤਰ : ਫ਼ਾਰਸੀ ਦੀ।

**ਪ੍ਰਸ਼ਨ 15. ਜਦ ਕਾਜ਼ੀ ਨੇ ਸ਼ਾਹਬਾਜ਼ ਸਿੰਘ ਨੂੰ ਆਪਣਾ ਜਵਾਈ ਬਣਾਉਣ ਦੀ ਸੋਚੀ ਤਾਂ ਉਸ ਸਮੇਂ ਉਸਦੀ ਉਮਰ ਕਿੰਨੀ ਸੀ?**

ਉੱਤਰ : 18 ਸਾਲ ਦੀ।

**ਪ੍ਰਸ਼ਨ 16. ਸ਼ਾਹਬਾਜ਼ ਸਿੰਘ ਦੇ ਬਾਰੇ ਕਾਜ਼ੀ ਦੇ ਮਨ ਵਿਚ ਕੀ ਵਿਚਾਰ ਸਨ?**

ਉੱਤਰ : ਇਸਲਾਮ ਧਰਮ ਵਿਚ ਲਿਆ ਕੇ ਆਪਣੀ ਸੁੰਦਰ ਲੜਕੀ ਨਾਲ ਵਿਆਹ ਕੇ ਸ਼ਾਹਬਾਜ਼ ਸਿੰਘ ਨੂੰ ਆਪਣਾ ਜਵਾਈ ਬਣਾਉਣ ਦੀ।

**ਪ੍ਰਸ਼ਨ 17. ਜਦੋਂ ਕਾਜ਼ੀ ਨੇ ਸ਼ਾਹਬਾਜ਼ ਸਿੰਘ ਨੂੰ ਇਸਲਾਮ ਦੇ ਗੁਣ ਦੱਸੇ ਤਾਂ ਸ਼ਾਹਬਾਜ਼ ਸਿੰਘ ਨੇ ਕੀ ਕਿਹਾ?**

ਉੱਤਰ : ਸ਼ਾਹਬਾਜ਼ ਸਿੰਘ ਨੇ ਇਸਲਾਮ ਤੋਂ ਕਿਤੇ ਵੱਧ ਸਿੱਖ ਧਰਮ ਦੇ ਗੁਣਾਂ ਦਾ ਵਰਣਨ ਕਰ ਦਿੱਤਾ।

**ਪ੍ਰਸ਼ਨ 18. ਜਦੋਂ ਕਾਜ਼ੀ, ਸ਼ਾਹਬਾਜ਼ ਸਿੰਘ ਨੂੰ ਇਸਲਾਮ ਧਰਮ ਵਿਚ ਨਾ ਲਿਆ ਸਕਿਆ ਤਾਂ ਉਸਨੇ ਉਸਨੂੰ ਕੀ ਡਰਾਵਾ ਦਿੱਤਾ?**

ਉੱਤਰ : ਕਾਜ਼ੀ ਨੇ ਸ਼ਾਹਬਾਜ਼ ਸਿੰਘ ਨੂੰ ਕਿਹਾ, "ਜੇ ਤੂੰ ਮੁਸਲਮਾਨ ਧਰਮ ਗ੍ਰਹਿਣ ਕਰਕੇ ਮੇਰਾ ਜਵਾਈ ਬਣਨਾ ਕਬੂਲ ਕਰ ਲਵੇਂ ਤਾਂ ਠੀਕ ਹੈ ਨਹੀਂ ਤਾਂ ਮੈਂ ਤੇਰੇ ਵਿਰੁੱਧ ਸ਼ਿਕਾਇਤ ਕਰਕੇ ਤੈਨੂੰ ਮਰਵਾ ਦਿਆਂਗਾ।"

**ਪ੍ਰਸ਼ਨ 19. ਕਾਜ਼ੀ ਦੀ ਗੱਲ ਸੁਣ ਕੇ ਜ਼ਕਰੀਆ ਖ਼ਾਨ ਨੇ ਕੀ ਕੀਤਾ?**

ਉੱਤਰ : ਸ: ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।

**ਪ੍ਰਸ਼ਨ 20. ਉਸ ਸਮੇਂ ਸਰਕਾਰ ਤੋਂ ਇਨਸਾਫ਼ ਮਿਲਣ ਦੀ ਆਸ ਕਿਸ ਨੂੰ ਹੁੰਦੀ ਸੀ?**

ਉੱਤਰ : ਜਿਹੜੇ ਆਪਣੇ ਧਰਮ ਨੂੰ ਤਿਲਾਂਜਲੀ ਦੇ ਕੇ ਮੁਸਲਮਾਨ ਬਣਨਾ ਪ੍ਰਵਾਨ ਕਰ ਲੈਂਦੇ ਸਨ।



**ਪ੍ਰਸ਼ਨ 21. ਗ੍ਰਿਫ਼ਤਾਰ ਕੀਤੇ ਗਏ ਸ਼ਾਹਬਾਜ਼ ਸਿੰਘ ਨੂੰ ਮੁਸਲਮਾਨ ਬਣਾਉਣ ਲਈ ਕੀ ਝੂਠ ਬੋਲਿਆ ਗਿਆ?**

ਉੱਤਰ : ਤੇਰੇ ਪਿਤਾ ਨੂੰ ਕਤਲ ਕਰ ਦਿੱਤਾ ਗਿਆ ਹੈ। ਹੁਣ ਤੂੰ ਮੁਸਲਮਾਨ ਬਣ ਜਾ ਤੇ ਆਪਣੀ ਜਾਨ ਬਚਾ ਲੈ।

**ਪ੍ਰਸ਼ਨ 22. ਸ: ਸੁਬੇਗ ਸਿੰਘ ਜੀ ਨੂੰ ਮੁਸਲਮਾਨ ਬਣਾਉਣ ਲਈ ਉਹਨਾਂ ਦੇ ਪੁੱਤਰ ਪ੍ਰਤੀ ਤੇ ਹੋਰ ਕੀ-ਕੀ ਕਿਹਾ ਗਿਆ?**

ਉੱਤਰ : ਤੇਰੇ ਲੜਕੇ ਸ਼ਾਹਬਾਜ਼ ਸਿੰਘ ਨੇ ਮੁਸਲਮਾਨ ਬਣਨਾ ਮੰਨ ਲਿਆ ਹੈ। ਇਸ ਲਈ ਹੁਣ ਤੂੰ ਵੀ ਮੁਸਲਮਾਨ ਹੋਣਾ ਮੰਨ ਜਾ, ਸਿੱਖੀ ਨੂੰ ਛੱਡ ਦੇ।

**ਪ੍ਰਸ਼ਨ 23. ਕੀ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੇ ਮੁਸਲਮਾਨ ਬਣਨਾ ਮੰਨ ਲਿਆ?**

ਉੱਤਰ : ਨਹੀਂ ਜੀ।

**ਪ੍ਰਸ਼ਨ 24. ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਲਾਹੌਰ ਦਾ ਗਵਰਨਰ ਕੌਣ ਬਣਿਆ ਸੀ?**

ਉੱਤਰ : ਜ਼ਕਰੀਆ ਖ਼ਾਨ ਦਾ ਲੜਕਾ ਯਹੀਆ ਖਾਨ।

**ਪ੍ਰਸ਼ਨ 25. ਜਦੋਂ ਸ: ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਮੁਸਲਮਾਨ ਬਣਨ ਲਈ ਕਿਹਾ ਗਿਆ ਤਾਂ ਉਹਨਾਂ ਨੇ ਕੀ ਉੱਤਰ ਦਿੱਤਾ ਸੀ?**

ਉੱਤਰ : ਉਹਨਾਂ ਨੇ ਉੱਤਰ ਦਿੱਤਾ ਸੀ ਕਿ ਸਾਨੂੰ ਸਿੱਖੀ ਜਾਨੋਂ ਵੱਧ ਪਿਆਰੀ ਹੈ। ਅਸੀਂ ਦੁੱਖ ਸਹਿ ਸਕਦੇ ਹਾਂ, ਪਰ ਸਿੱਖੀ ਨਹੀਂ ਤਿਆਗ ਸਕਦੇ। ਤੁਸੀਂ ਜੋ ਮਰਜ਼ੀ ਕਰੋ, ਅਸੀਂ ਇਸਲਾਮ ਨਹੀਂ ਅਪਣਾਵਾਂਗੇ। ਅਸੀਂ ਸਿੱਖੀ ਦੀ ਖ਼ਾਤਰ ਮਰਨ ਨੂੰ ਤਿਆਰ ਹਾਂ।

**ਪ੍ਰਸ਼ਨ 26. ਇਸ ਜ਼ੁਲਮੀ ਰਾਜ ਬਾਰੇ ਲੋਕਾਂ ਨੇ ਕੀ ਕਿਹਾ ਸੀ?**

ਉੱਤਰ : "ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਇਹ ਜ਼ੁਲਮੀ ਰਾਜ ਛੇਤੀ ਮੁੱਕ ਜਾਵੇਗਾ ਤੇ ਉਹ ਦਿਨ ਦੂਰ ਨਹੀਂ, ਜਦੋਂ ਜੰਗਲੀ ਜੀਵਨ ਜੀਉਂਦੇ ਗੁਰੂ ਕੇ ਸਿੰਘ ਰਾਜ ਕਰਨਗੇ।"

## 11. ਸ਼ਹੀਦ ਭਾਈ ਤਾਰੂ ਸਿੰਘ ਜੀ

**ਪ੍ਰਸ਼ਨ 1. ਭਾਈ ਤਾਰੂ ਸਿੰਘ ਜੀ ਦੇ ਪਿਤਾ ਕਦੋਂ ਅਕਾਲ ਚਲਾਣਾ ਕਰ ਗਏ?**

ਉੱਤਰ : ਭਾਈ ਤਾਰੂ ਸਿੰਘ ਦੇ ਬਚਪਨ ਵਿਚ ਹੀ।

**ਪ੍ਰਸ਼ਨ 2. ਆਪ ਜੀ ਨੇ ਗੁਰਬਾਣੀ ਤੇ ਗੁਰਇਤਿਹਾਸ ਦੀ ਗੁੜ੍ਹਤੀ ਕਿਸ ਤੋਂ ਲਈ ਸੀ?**

ਉੱਤਰ : ਆਪਣੀ ਮਾਤਾ ਜੀ ਤੋਂ।

**ਪ੍ਰਸ਼ਨ 3. ਆਪ ਜੀ ਕੀ ਕੰਮ ਕਰਦੇ ਸਨ?**

ਉੱਤਰ : ਖੇਤੀਬਾੜੀ ਦਾ ਕੰਮ।

**ਪ੍ਰਸ਼ਨ 4. ਆਪ ਜੀ ਲੋੜਵੰਦਾਂ ਦੀ ਕਿਵੇਂ ਸਹਾਇਤਾ ਕਰਦੇ ਸਨ?**

ਉੱਤਰ : ਆਪ ਜੀ ਨੇ ਆਪਣੀ ਕਿਰਤ ਕਮਾਈ 'ਚੋਂ ਲੰਗਰ ਜਾਰੀ ਕੀਤਾ ਹੋਇਆ ਸੀ ਜਿੱਥੇ ਵੇਲੇ ਕੁਵੇਲੇ ਸਿੱਖਾਂ ਤੋਂ ਛੁੱਟ ਹਿੰਦੂ ਮੁਸਲਮਾਨ ਵੀ ਪ੍ਰਸ਼ਾਦ ਛਕਦੇ ਤੇ ਤ੍ਰਿਪਤ ਹੁੰਦੇ ਸਨ।

**ਪ੍ਰਸ਼ਨ 5. ਆਪ ਜੀ ਨੇ ਜੰਗਲ ਵਿਚ ਵਸਦੇ ਸਿੰਘਾਂ ਦੀ ਸਹਾਇਤਾ ਕਿਵੇਂ ਕੀਤੀ?**

ਉੱਤਰ : ਆਪ ਜੀ ਜੰਗਲ ਵਿਚ ਵਸਦੇ ਸਿੰਘਾਂ ਨੂੰ ਤਿਆਰ ਲੰਗਰ ਜਾਂ ਕੱਚੀ ਰਸਦ ਪਹੁੰਚਾ ਦਿੰਦੇ ਸਨ ਤੇ ਹੋਰ ਵੀ ਯਥਾ ਸ਼ਕਤ ਸਹਾਇਤਾ ਕਰਦੇ ਸਨ।

**ਪ੍ਰਸ਼ਨ 6. ਹਰਭਗਤ ਨਿਰੰਜਨੀਏ ਨੇ ਜ਼ਕਰੀਆ ਖ਼ਾਨ ਪਾਸ ਕੀ ਮੁਖ਼ਬਰੀ ਕੀਤੀ ਸੀ?**

ਉੱਤਰ : ਉਸਨੇ ਕਿਹਾ ਕਿ, "ਤਾਰੂ ਸਿੰਘ ਨਾਮ ਦਾ ਸਿੱਖ ਆਪਣੇ ਘਰ ਵਿਚ ਡਾਕੂਆਂ ਨੂੰ ਸ਼ਰਨ ਦਿੰਦਾ ਹੈ, ਜਿਸ ਨਾਲ ਪਿੰਡ ਦੇ ਲੋਕਾਂ ਦੀ ਇੱਜ਼ਤ ਵੀ ਸੁਰੱਖਿਅਤ ਨਹੀਂ ਰਹੀ ਅਤੇ ਉਹ ਬਾਗ਼ੀਆਂ ਦੀ ਮਦਦ ਵੀ ਕਰਦਾ ਹੈ।"

**ਪ੍ਰਸ਼ਨ 7. ਕਈ ਸਿੰਘ ਪਿੰਡਾਂ ਵਿਚ ਕਿਉਂ ਰਹਿੰਦੇ ਸਨ ਤੇ ਇੱਥੇ (ਪਿੰਡਾਂ ਵਿਚ) ਕੀ ਕਰਦੇ ਸਨ?**

ਉੱਤਰ : ਆਪਣੇ ਵੀਰਾਂ ਨੂੰ ਆਜ਼ਾਦੀ ਦਾ ਘੋਲ ਜਾਰੀ ਰੱਖਣ ਵਿਚ ਸਹਾਈ ਹੋਣ ਲਈ ਰਹਿੰਦੇ ਸਨ। ਇਹ ਸਿੰਘ ਆਪਣੇ ਵੀਰਾਂ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਕਰਦੇ ਸਨ ਤੇ ਵੇਲੇ-ਕੁਵੇਲੇ ਸਿੰਘਾਂ ਨੂੰ ਸ਼ਰਨ ਦਿੰਦੇ ਸਨ।



**ਪ੍ਰਸ਼ਨ 8. ਭਾਈ ਤਾਰੂ ਸਿੰਘ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਕਿਸਨੇ ਦਿੱਤਾ ਸੀ?**

ਉੱਤਰ : ਜ਼ਕਰੀਆ ਖ਼ਾਨ ਨੇ।

**ਪ੍ਰਸ਼ਨ 9. ਆਪ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਕੌਣ ਆਇਆ ਸੀ?**

ਉੱਤਰ : ਹਰਭਗਤ ਨਿਰੰਜਨੀਆ 20 ਸਿਪਾਹੀਆਂ ਸਮੇਤ।

**ਪ੍ਰਸ਼ਨ 10. ਕਿਸ ਪਿੰਡ ਦੇ ਸਿੰਘਾਂ ਨੇ ਆਪ ਜੀ ਨੂੰ ਪੁਲਸੀਆਂ ਦੇ ਹੱਥੋਂ ਛੁਡਾਉਣ ਦਾ ਫ਼ੈਸਲਾ ਕੀਤਾ ਸੀ?**

ਉੱਤਰ : ਭੜਾਣੇ ਪਿੰਡ ਦੇ।

**ਪ੍ਰਸ਼ਨ 11. ਜਦੋਂ ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਨੂੰ ਮੁਸਲਮਾਨ ਬਣਨ ਲਈ ਕਿਹਾ ਤਾਂ ਭਾਈ ਸਾਹਿਬ ਨੇ ਕੀ ਉੱਤਰ ਦਿੱਤਾ?**

ਉੱਤਰ : ਕੀ ਮੁਸਲਮਾਨ ਬਣਨ ਨਾਲ ਮੈਨੂੰ ਮੌਤ ਨਹੀਂ ਆਉਣੀ। ਜੇ ਮੌਤ ਨੇ ਫਿਰ ਵੀ ਆ ਹੀ ਜਾਣਾ ਹੈ ਤਾਂ ਮੈਂ ਆਪਣੇ ਗੁਰੂ ਤੋਂ ਕਿਉਂ ਬੇਮੁਖ ਹੋਵਾਂ।

**ਪ੍ਰਸ਼ਨ 12. ਆਪ ਜੀ ਨੂੰ ਕਿਵੇਂ ਸ਼ਹੀਦ ਕਰਨ ਦਾ ਹੁਕਮ ਕੀਤਾ ਗਿਆ?**

ਉੱਤਰ : ਰੰਬੀ ਨਾਲ ਖੋਪਰੀ ਉਤਾਰ ਕੇ।

**ਪ੍ਰਸ਼ਨ 13. ਜ਼ਕਰੀਆ ਖ਼ਾਂ ਨੂੰ ਕੀ ਬੀਮਾਰੀ ਲੱਗ ਗਈ ਸੀ?**

ਉੱਤਰ : ਉਸਦਾ ਪਿਸ਼ਾਬ ਬੰਦ ਹੋ ਗਿਆ ਸੀ।

**ਪ੍ਰਸ਼ਨ 14. ਜ਼ਕਰੀਆ ਖ਼ਾਨ ਨੇ ਕਿਸ ਰਾਹੀਂ ਖ਼ਾਲਸਾ ਪੰਥ ਤੋਂ ਮਾਫੀ ਮੰਗ ਭੇਜੀ ਸੀ?**

ਉੱਤਰ : ਭਾਈ ਸੁਬੇਗ ਸਿੰਘ ਜੀ ਰਾਹੀਂ।

**ਪ੍ਰਸ਼ਨ 15. ਸਿੰਘਾਂ ਨੇ ਜ਼ਕਰੀਆ ਖ਼ਾਨ ਦੀ ਬੀਮਾਰੀ ਦਾ ਇਲਾਜ ਕੀ ਦੱਸਿਆ ਸੀ?**

ਉੱਤਰ : ਭਾਈ ਤਾਰੂ ਸਿੰਘ ਜੀ ਦੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰਨ ਮਗਰੋਂ ਉਸਦੀ ਜਾਨ ਨਿਕਲੇਗੀ।

**ਪ੍ਰਸ਼ਨ 16. ਆਪ ਜੀ ਦੀ ਸ਼ਹਾਦਤ 'ਤੇ ਕੌਣ ਮਾਣ ਕਰ ਸਕਦਾ ਹੈ?**

ਉੱਤਰ : ਸਿਰਫ਼ ਉਹੀ ਜੋ ਗੁਰੂ ਸਾਹਿਬ ਦੀ ਮੋਹਰ ਰੂਪੀ ਦਾੜ੍ਹੀ ਕੇਸਾਂ ਦੀ ਬੇਅਦਬੀ ਨਹੀਂ ਕਰਦਾ।

**ਪ੍ਰਸ਼ਨ 17. ਕੇਸ ਕਿਸ ਗੱਲ ਦੇ ਪ੍ਰਤੀਕ ਹਨ?**

ਉੱਤਰ : ਕੇਸ ਸਿੱਖਾਂ ਵਿਚ ਧਰਮ ਪ੍ਰਤੀ ਦ੍ਰਿੜ੍ਹਤਾ ਅਤੇ ਸਿੱਖ ਪੰਥ ਨਾਲ ਪਿਆਰ ਦੇ ਪ੍ਰਤੀਕ ਹਨ।

**ਪ੍ਰਸ਼ਨ 18. ਭਾਈ ਤਾਰੂ ਸਿੰਘ ਦੀ ਸ਼ਹੀਦੀ ਤੋਂ ਕੀ ਪ੍ਰੇਰਣਾ ਮਿਲਦੀ ਹੈ?**

**ਉੱਤਰ** : ਸਿੱਖ ਆਪਣੇ ਕੇਸਾਂ ਦੀ ਬੇਅਦਬੀ ਕਦੇ ਨਹੀਂ ਕਰਦਾ ਭਾਵੇਂ ਜਾਨ ਵੀ ਕਿਉਂ ਨਾ ਚਲੀ ਜਾਵੇ।

## 12. ਸ਼ਹੀਦ ਬਾਬਾ ਦੀਪ ਸਿੰਘ ਜੀ

**ਪ੍ਰਸ਼ਨ 1. ਬਾਬਾ ਦੀਪ ਸਿੰਘ ਜੀ ਦੇ ਮਾਤਾ-ਪਿਤਾ ਦਾ ਨਾਮ ਲਿਖੋ।**

**ਉੱਤਰ** : ਪਿਤਾ—ਭਾਈ ਭਗਤਾ ਜੀ। ਮਾਤਾ—ਜੀਊਣੀ ਜੀ।

**ਪ੍ਰਸ਼ਨ 2. ਬਾਬਾ ਦੀਪ ਸਿੰਘ ਜੀ ਦਾ ਜਨਮ ਕਦੋਂ ਹੋਇਆ ਸੀ?**

**ਉੱਤਰ** : ਜਨਵਰੀ 1682 ਈ: ਵਿਚ।

**ਪ੍ਰਸ਼ਨ 3. ਆਪ ਜੀ ਨੇ ਕਦੋਂ ਅੰਮ੍ਰਿਤ ਛਕਿਆ ਸੀ?**

**ਉੱਤਰ** : ਸੰਨ 1700 ਈ: ਦੀ ਵੈਸਾਖੀ ਵਾਲੇ ਦਿਨ।

**ਪ੍ਰਸ਼ਨ 4. ਆਪ ਜੀ ਦੀ ਅੰਮ੍ਰਿਤ ਛਕਣ ਸਮੇਂ ਕਿੰਨੀ ਉਮਰ ਸੀ?**

**ਉੱਤਰ** : 18 ਸਾਲਾਂ ਦੀ।

**ਪ੍ਰਸ਼ਨ 5. ਆਪ ਜੀ ਨੇ ਗੁਰਬਾਣੀ ਦਾ ਗਿਆਨ ਕਿਸ ਤੋਂ ਲਿਆ ਸੀ?**

**ਉੱਤਰ** : ਮਹਾਨ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ।

**ਪ੍ਰਸ਼ਨ 6. ਕਿੰਨੇ ਸਾਲ ਦੀ ਉਮਰ ਵਿਚ ਆਪ ਜੀ ਦੇ ਮਾਤਾ-ਪਿਤਾ ਜੀ ਨੇ ਵਿਆਹ ਦੇ ਸੰਬੰਧ ਵਿਚ ਆਪ ਜੀ ਨੂੰ ਪਿੱਛੇ ਬੁਲਾ ਲਿਆ?**

**ਉੱਤਰ** : 20-22 ਸਾਲ ਦੀ ਉਮਰ ਵਿਚ।

**ਪ੍ਰਸ਼ਨ 7. ਦਸਮ ਪਾਤਸ਼ਾਹ ਜੀ ਦੇ ਅਨੰਦਪੁਰ ਸਾਹਿਬ ਛੱਡਣ ਮਗਰੋਂ ਆਪ ਜੀ ਘਰੋਂ ਵਾਪਸ ਆ ਕੇ ਗੁਰੂ ਜੀ ਨੂੰ ਕਿੱਥੇ ਜਾ ਮਿਲੇ?**

**ਉੱਤਰ** : ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ)।

**ਪ੍ਰਸ਼ਨ 8. ਆਪ ਜੀ ਨੇ ਗੁਰੂ ਜੀ ਤੋਂ ਕਿਸ ਕਾਰਨ ਕਰਕੇ ਖਿਮਾ ਮੰਗੀ ਸੀ?**

**ਉੱਤਰ** : ਭੀੜਾ ਸਮੇਂ ਅਨੰਦਪੁਰ ਸਾਹਿਬ ਤੋਂ ਗੈਰ-ਹਾਜ਼ਰ ਰਹਿਣ ਲਈ ਖਿਮਾ ਮੰਗੀ ਸੀ।

**ਪ੍ਰਸ਼ਨ 9. ਗੁਰੂ ਜੀ ਨੇ ਆਪ ਦੇ ਜ਼ਿੰਮੇ ਕੀ ਸੇਵਾ ਲਾਈ ਸੀ?**

**ਉੱਤਰ** : ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨ ਦੀ ਸੇਵਾ।

**ਪ੍ਰਸ਼ਨ 10. ਆਪ ਦੇ ਨਾਲ ਹੋਰ ਕਿਸ ਦੀ ਇਹ ਸੇਵਾ ਲੱਗੀ ਸੀ?**

**ਉੱਤਰ** : ਭਾਈ ਮਨੀ ਸਿੰਘ ਜੀ ਦੀ।



**ਪ੍ਰਸ਼ਨ 11. ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨ ਤੋਂ ਸਿਵਾ ਗੁਰੂ ਜੀ ਨੇ ਆਪ ਦੀ ਹੋਰ ਕੀ ਸੇਵਾ ਲਾਈ ਸੀ?**

**ਉੱਤਰ** : ਆਪ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਇੱਥੇ ਰਹਿ ਕੇ ਬਾਣੀ ਦਾ ਪ੍ਰਚਾਰ ਕਰਨਾ ਤੇ ਔਖੇ ਸਮੇਂ ਜੰਗਾਂ-ਯੁੱਧਾਂ ਵਿਚ ਹਿੱਸਾ ਲੈ ਕੇ ਕੌਮ ਦੀ ਸੇਵਾ ਕਰਨੀ।

**ਪ੍ਰਸ਼ਨ 12. ਜਦ ਭਾਈ ਮਨੀ ਸਿੰਘ ਜੀ ਦੀ ਅੰਮ੍ਰਿਤਸਰ ਵਿਖੇ ਹੈੱਡ-ਗ੍ਰੰਥੀ ਦੀ ਸੇਵਾ ਲੱਗੀ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਦੇ ਜ਼ਿੰਮੇ ਕੀ ਸੇਵਾ ਸੀ?**

**ਉੱਤਰ** : 'ਦਮਦਮਾ ਸਾਹਿਬ' ਦੇ ਸਾਰੇ ਇੰਤਜ਼ਾਮ ਦੀ ਸੇਵਾ।

**ਪ੍ਰਸ਼ਨ 13. ਗੁਰੂ ਗੋਬਿੰਦ ਸਿੰਘ ਜੀ ਦੇ ਮਗਰੋਂ ਬਾਬਾ ਦੀਪ ਸਿੰਘ ਜੀ ਨੇ ਕਿਸ ਸਿੱਖ ਜਰਨੈਲ ਨਾਲ ਜੰਗਾਂ ਯੁੱਧਾਂ ਵਿਚ ਹਿੱਸਾ ਲਿਆ?**

**ਉੱਤਰ** : ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ।

**ਪ੍ਰਸ਼ਨ 14. ਛੋਟਾ ਘੱਲੂਘਾਰਾ ਕਦੋਂ ਹੋਇਆ ਸੀ?**

**ਉੱਤਰ** : ਸੰਨ 1746 ਈ: ਵਿਚ।

**ਪ੍ਰਸ਼ਨ 15. ਛੋਟੇ ਘੱਲੂਘਾਰੇ ਸਮੇਂ ਪੰਜਾਬ ਦਾ ਗਵਰਨਰ ਕੌਣ ਸੀ?**

**ਉੱਤਰ** : ਯਹੀਆ ਖ਼ਾਨ ਸੀ।

**ਪ੍ਰਸ਼ਨ 16. ਯਹੀਆ ਖ਼ਾਨ ਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੇ ਲਈ ਕਿਸ ਨੂੰ ਭੇਜਿਆ ਸੀ?**

**ਉੱਤਰ** : ਆਪਣੇ ਦੀਵਾਨ ਲਖਪਤ ਰਾਏ ਨੂੰ।

**ਪ੍ਰਸ਼ਨ 17. ਲਖਪਤ ਰਾਏ ਨੇ ਕਿੱਥੋਂ ਦੇ ਸਿੰਘਾਂ ਨੂੰ ਘੇਰਿਆ ਸੀ?**

**ਉੱਤਰ** : ਕਾਹਨੂੰਵਾਨ ਦੇ ਜੰਗਲਾਂ ਵਿਚ ਵੱਸਦੇ ਸਿੰਘਾਂ ਨੂੰ।

**ਪ੍ਰਸ਼ਨ 18. ਉਦੋਂ ਸਿੰਘਾਂ ਦੇ ਇਕ ਜਥੇ ਦੀ ਅਗਵਾਈ ਕਿਸ ਨੇ ਕੀਤੀ ਸੀ?**

**ਉੱਤਰ** : ਬਾਬਾ ਦੀਪ ਸਿੰਘ ਜੀ ਨੇ।

**ਪ੍ਰਸ਼ਨ 19. ਸਿੱਖਾਂ ਦੀਆਂ ਕਿੰਨੀਆਂ ਮਿਸਲਾਂ ਬਣਾਈਆਂ ਗਈਆਂ ਸਨ?**

**ਉੱਤਰ** : ਬਾਰਾਂ ਮਿਸਲਾਂ।

**ਪ੍ਰਸ਼ਨ 20. ਬਾਬਾ ਦੀਪ ਸਿੰਘ ਜੀ ਕਿਸ ਮਿਸਲ ਦੇ ਜਥੇਦਾਰ ਸਨ?**

**ਉੱਤਰ** : ਮਿਸਲ ਸ਼ਹੀਦਾਂ ਦੇ।

**ਪ੍ਰਸ਼ਨ 21. ਅਹਿਮਦ ਸ਼ਾਹ ਅਬਦਾਲੀ ਨੇ ਕਿਸ ਦੇ ਸੱਦੇ 'ਤੇ ਹਿੰਦੁਸਤਾਨ 'ਤੇ ਹਮਲਾ ਕੀਤਾ ਸੀ?**

ਉੱਤਰ : ਮੁਗ਼ਲਾਨੀ ਬੇਗਮ ਦੇ ਸੱਦੇ 'ਤੇ।

**ਪ੍ਰਸ਼ਨ 22. ਹਿੰਦੁਸਤਾਨ 'ਤੇ ਇਹ ਹਮਲਾ ਕਿੰਨਵਾਂ ਸੀ?**

ਉੱਤਰ : ਚੌਥਾ।

**ਪ੍ਰਸ਼ਨ 23. ਹਿੰਦੁਸਤਾਨ 'ਤੇ ਚੌਥਾ ਹਮਲਾ ਕਦੋਂ ਹੋਇਆ ਸੀ?**

ਉੱਤਰ : ਸੰਨ 1756 ਈ: ਵਿਚ।

**ਪ੍ਰਸ਼ਨ 24. ਜਦੋਂ ਅਬਦਾਲੀ ਇਸਤ੍ਰੀਆਂ, ਲੜਕੀਆਂ ਤੇ ਧਨ-ਦੌਲਤ ਲੁੱਟ ਕੇ ਲਿਜਾ ਰਿਹਾ ਸੀ ਤਾਂ ਆਪ ਜੀ ਦੀ ਡਿਊਟੀ ਕਿੱਥੇ ਲੱਗੀ ਸੀ?**

ਉੱਤਰ : ਕੁਰੂਕਸ਼ੇਤਰ ਪਾਸ।

**ਪ੍ਰਸ਼ਨ 25. ਆਪ ਜੀ ਦੇ ਜਥੇ ਨੇ ਦੁਰਾਨੀ ਦੀ ਕੈਦ 'ਚੋਂ (ਚੌਥੇ ਹਮਲੇ ਸਮੇਂ) ਕਿੰਨੇ ਲੜਕੇ ਤੇ ਕਿੰਨੀਆਂ ਲੜਕੀਆਂ ਆਜ਼ਾਦ ਕਰਵਾਏ ਸਨ?**

ਉੱਤਰ : 100 ਕੁ ਸੁੰਦਰ ਲੜਕੇ ਤੇ 300 ਭਾਰਤੀ ਸੁੰਦਰ ਲੜਕੀਆਂ।

**ਪ੍ਰਸ਼ਨ 26. ਸਿੰਘਾਂ ਦੇ ਉੱਚੇ ਸੁੱਚੇ ਆਚਰਨ ਕਾਰਨ ਇਹ ਬੱਚੀਆਂ ਆਪ ਜੀ ਨੂੰ ਕੀ ਪੁਕਾਰਦੀਆਂ ਸਨ?**

ਉੱਤਰ : "ਮੋੜੀਂ ਬਾਬਾ ਕੱਛ ਵਾਲਿਆ, ਛਈ,
ਨਹੀਂ ਤਾਂ ਗਈ, ਰੰਨ ਗਈ,
ਰੰਨ ਗਈ, ਬਸਰੇ ਨੂੰ ਗਈ।"

**ਪ੍ਰਸ਼ਨ 27. ਵਾਪਸ ਜਾਂਦਾ ਹੋਇਆ ਅਬਦਾਲੀ ਕਿਸ ਨੂੰ ਪੰਜਾਬ ਦਾ ਸੂਬੇਦਾਰ ਬਣਾ ਗਿਆ ਸੀ?**

ਉੱਤਰ : ਆਪਣੇ ਪੁੱਤਰ ਤੈਮੂਰ ਸ਼ਾਹ ਨੂੰ।

**ਪ੍ਰਸ਼ਨ 28. ਅਬਦਾਲੀ ਨੇ ਤੈਮੂਰ ਸ਼ਾਹ ਦਾ ਸੈਨਾਪਤੀ ਕਿਸ ਨੂੰ ਬਣਾਇਆ ਸੀ?**

ਉੱਤਰ : ਜਹਾਨ ਖ਼ਾਨ ਨੂੰ।

**ਪ੍ਰਸ਼ਨ 29. ਅਬਦਾਲੀ ਨੇ ਤੈਮੂਰ ਸ਼ਾਹ ਨੂੰ ਕੀ ਹੁਕਮ ਦਿੱਤਾ ਸੀ?**

ਉੱਤਰ : (ੳ) ਸਿੱਖਾਂ ਦਾ ਖੁਰਾ ਖੋਜ ਮਿਟਾਣ ਦਾ,
(ਅ) ਸਿੰਘਾਂ ਦੇ ਪਵਿੱਤਰ ਹਰਿਮੰਦਰ ਸਾਹਿਬ ਨੂੰ ਢਹਿ ਢੇਰੀ ਕਰਨ ਦਾ,
(ੲ) ਸਰੋਵਰ ਨੂੰ ਮਲਬੇ ਨਾਲ ਪੂਰਨ ਦਾ।

**ਪ੍ਰਸ਼ਨ 30. ਸਰੋਵਰ ਪੂਰਨ ਤੇ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਗਿਰਾਉਣ ਦੀ ਖ਼ਬਰ ਸਿੱਖਾਂ ਨੇ ਕਿਸ ਨੂੰ ਪਹੁੰਚਾਈ?**

ਉੱਤਰ : ਬਾਬਾ ਦੀਪ ਸਿੰਘ ਜੀ ਨੂੰ।



**ਪ੍ਰਸ਼ਨ 31. ਉਸ ਸਮੇਂ ਬਾਬਾ ਦੀਪ ਸਿੰਘ ਜੀ ਕਿੱਥੇ ਸਨ?**

ਉੱਤਰ : ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ।

**ਪ੍ਰਸ਼ਨ 32. ਆਪ ਜੀ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕੀ ਕਿਹਾ ਸੀ?**

ਉੱਤਰ : "ਸਿੰਘੋ! ਅਸੀਂ ਜ਼ਾਲਮਾਂ ਤੋਂ ਪਵਿੱਤਰ ਹਰਿਮੰਦਰ ਤੇ ਸਰੋਵਰ ਦੀ ਬੇਅਦਬੀ ਦਾ ਬਦਲਾ ਜ਼ਰੂਰ ਲੈਣਾ ਹੈ। ਮੌਤ ਲਾੜੀ ਨੂੰ ਵਰਨ ਲਈ ਸ਼ਹੀਦਾਂ ਦੀ ਜੰਞ ਚੜ੍ਹਨੀ ਹੈ। ਚਿੱਟੇ ਬਸਤਰ ਪਹਿਣ ਕੇ ਸ਼ਹੀਦੀ ਗਾਨੇ ਬੰਨ੍ਹ ਕੇ ਤਿਆਰ ਹੋ ਜਾਉ, ਜਿਨ੍ਹਾਂ ਨੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।"

**ਪ੍ਰਸ਼ਨ 33. ਬਾਬਾ ਦੀਪ ਸਿੰਘ ਜੀ ਦੀ ਲਲਕਾਰ ਸੁਣ ਕੇ 'ਦਮਦਮਾ ਸਾਹਿਬ' ਵਿਖੇ ਕਿੰਨੇ ਸਿੰਘ ਅੰਮ੍ਰਿਤਸਰ ਵੱਲ ਹੋ ਤੁਰੇ ਸਨ?**

ਉੱਤਰ : 500 ਸਿੰਘ।

**ਪ੍ਰਸ਼ਨ 34. ਤਰਨ ਤਾਰਨ ਪਹੁੰਚਦਿਆਂ ਤੱਕ ਸਿੰਘਾਂ ਦੀ ਗਿਣਤੀ ਕਿੰਨੀ ਹੋ ਗਈ ਸੀ?**

ਉੱਤਰ : 5000 ਸਿੰਘ।

**ਪ੍ਰਸ਼ਨ 35. ਅੰਮ੍ਰਿਤਸਰ ਸਿੰਘਾਂ ਦੇ ਵਿਰੁੱਧ ਮੁਕਾਬਲੇ ਵਿਚ ਕੌਣ ਪਹੁੰਚਿਆ ਸੀ?**

ਉੱਤਰ : ਜਹਾਨ ਖ਼ਾਨ।

**ਪ੍ਰਸ਼ਨ 36. ਜਹਾਨ ਖ਼ਾਨ ਕਿੰਨੀ ਫ਼ੌਜ ਲੈ ਕੇ ਅੰਮ੍ਰਿਤਸਰ ਪੁੱਜਿਆ ਸੀ?**

ਉੱਤਰ : 20000 ਫ਼ੌਜ।

**ਪ੍ਰਸ਼ਨ 37. ਸਿੰਘਾਂ ਤੇ ਜਹਾਨ ਖ਼ਾਨ ਦੀ ਫ਼ੌਜ ਦਾ ਟਾਕਰਾ ਕਿੱਥੇ ਹੋਇਆ ਸੀ?**

ਉੱਤਰ : ਅੰਮ੍ਰਿਤਸਰ ਤੋਂ ਪੰਜ ਕੁ ਮੀਲ ਦੀ ਵਿੱਥ 'ਤੇ।

**ਪ੍ਰਸ਼ਨ 38. ਜਹਾਨ ਖ਼ਾਨ ਨੂੰ ਸੋਧਣ ਲਈ ਕੌਣ ਅੱਗੇ ਵਧਿਆ ਸੀ?**

ਉੱਤਰ : ਭਾਈ ਦਇਆਲ ਸਿੰਘ ਜੀ।

**ਪ੍ਰਸ਼ਨ 39. ਜਹਾਨ ਖ਼ਾਨ ਦਾ ਸਿਰ, ਧੜ ਨਾਲੋਂ, ਕਿਸ ਨੇ ਅਲੱਗ ਕੀਤਾ ਸੀ?**

ਉੱਤਰ : ਭਾਈ ਦਇਆਲ ਸਿੰਘ ਜੀ ਨੇ।

**ਪ੍ਰਸ਼ਨ 40. ਬਾਬਾ ਦੀਪ ਸਿੰਘ ਜੀ ਕਿੰਨੇ ਸੇਰ ਦਾ ਖੰਡਾ ਖੜਕਾਉਂਦੇ ਸਨ?**

ਉੱਤਰ : 18 ਸੇਰ ਦਾ।

**ਪ੍ਰਸ਼ਨ 41. ਬਾਬਾ ਦੀਪ ਸਿੰਘ ਜੀ ਉੱਪਰ ਕਿਸ ਕਮਾਂਡਰ ਨੇ ਵਾਰ ਕੀਤਾ ਸੀ?**

ਉੱਤਰ : ਕਮਾਂਡਰ ਅਮਾਨ ਖ਼ਾਂ ਨੇ।

**ਪ੍ਰਸ਼ਨ 42. ਜਦ ਆਪ ਦਾ ਸਿਰ ਇਕ ਪਾਸੇ ਉਲਟ ਪਿਆ ਸੀ ਤਾਂ ਇਕ ਸਿੱਖ ਨੇ ਕੀ ਆਵਾਜ਼ ਮਾਰੀ ਸੀ?**

**ਉੱਤਰ :** ਬਾਬਾ ਜੀ! ਤੁਸੀਂ ਤਾਂ ਸੀਸ ਅੰਮ੍ਰਿਤ ਸਰੋਵਰ ਦੀਆਂ ਪਰਕਰਮਾਂ ਵਿਚ ਦੇਣ ਦਾ ਪ੍ਰਣ ਕੀਤਾ ਸੀ।

**ਪ੍ਰਸ਼ਨ 43. ਆਪ ਜੀ, ਆਪਣੇ ਸੀਸ ਨੂੰ ਸੰਭਾਲ ਕੇ ਕਿੱਥੇ ਜਾ ਪਹੁੰਚੇ ਸਨ?**

**ਉੱਤਰ :** ਗੁਰਦੁਆਰਾ ਰਾਮਸਰ ਸਾਹਿਬ।

**ਪ੍ਰਸ਼ਨ 44. ਜਿੱਥੇ ਆਪ ਜੀ ਨੇ ਪ੍ਰਾਣ ਤਿਆਗੇ, ਉੱਥੇ ਕਿਹੜਾ ਗੁਰਦੁਆਰਾ ਹੈ?**

**ਉੱਤਰ :** ਸ਼ਹੀਦ ਗੰਜ, ਅੰਮ੍ਰਿਤਸਰ।

**ਪ੍ਰਸ਼ਨ 45. ਆਪ ਜੀ ਦੀ ਸ਼ਹੀਦੀ ਤੋਂ ਕੀ ਸਿੱਖਿਆ ਮਿਲਦੀ ਹੈ?**

**ਉੱਤਰ :** ਗੁਰੂ ਕੇ ਸਿੰਘ ਆਪਣੀ ਜਾਨ ਨਿਛਾਵਰ ਕਰਕੇ ਗੁਰਧਾਮਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ, ਸਦਾ ਦੀ ਨੀਂਦ ਸੁਆ ਦਿੰਦੇ ਹਨ।

## 13. ਭਾਈ ਸੁੱਖਾ ਸਿੰਘ ਜੀ

**ਪ੍ਰਸ਼ਨ 1. ਭਾਈ ਸੁੱਖਾ ਸਿੰਘ ਜੀ ਦਾ ਜਨਮ ਕਿੱਥੇ ਹੋਇਆ?**

**ਉੱਤਰ :** ਪਿੰਡ ਮਾੜੀ ਕੰਬੋਕੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ।

**ਪ੍ਰਸ਼ਨ 2. ਭਾਈ ਸੁੱਖਾ ਸਿੰਘ ਦਾ ਪਿਤਾ ਕਿਹੜਾ ਕੰਮ ਕਰਦਾ ਸੀ?**

**ਉੱਤਰ :** ਤਰਖਾਣਾ ਕੰਮ।

**ਪ੍ਰਸ਼ਨ 3. ਸੁੱਖਾ ਸਿੰਘ ਦੇ ਅੰਮ੍ਰਿਤਪਾਨ ਕਰਨ 'ਤੇ ਉਸ ਦੇ ਮਾਤਾ-ਪਿਤਾ ਕਿਉਂ ਘਬਰਾ ਗਏ?**

**ਉੱਤਰ :** ਉਹ ਮੁਗ਼ਲਾਂ ਦੇ ਅੱਤਿਆਚਾਰਾਂ ਤੋਂ ਡਰਦੇ ਸਨ। ਇਸ ਲਈ ਉਹ ਇਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੇ ਪੁੱਤਰ ਦਾ ਸਿੱਖ ਹੋਣਾ ਉਨ੍ਹਾਂ ਲਈ ਕਿਸੇ ਆਫ਼ਤ ਦਾ ਕਾਰਨ ਬਣੇ।

**ਪ੍ਰਸ਼ਨ 4. ਫ਼ੌਜ ਨੇ ਸੁੱਖਾ ਸਿੰਘ ਦੇ ਘਰ ਨੂੰ ਕਿਉਂ ਘੇਰ ਲਿਆ ਸੀ?**

**ਉੱਤਰ :** ਉਦੋਂ ਸਰਕਾਰ ਸਿੱਖਾਂ ਨੂੰ ਲੱਭ-ਲੱਭ ਕੇ ਖ਼ਤਮ ਕਰ ਰਹੀ ਸੀ। ਜਦੋਂ ਸਰਕਾਰ ਨੂੰ ਇਹ ਖ਼ਬਰ ਮਿਲੀ ਕਿ ਸੁੱਖਾ ਸਿੰਘ ਅੰਮ੍ਰਿਤ ਛਕ ਕੇ ਸਿੱਖ ਸਜ ਰਿਹਾ ਹੈ ਤਾਂ ਉਸਨੂੰ ਫੜਨ ਲਈ ਫ਼ੌਜ ਨੇ ਆ ਘੇਰਾ ਪਾਇਆ।



**ਪ੍ਰਸ਼ਨ 5. ਕੀ ਫ਼ੌਜ ਨੇ ਸੁੱਖਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ?**

**ਉੱਤਰ :** ਨਹੀਂ, ਕਿਉਂਕਿ ਉਹ ਉਸ ਵੇਲੇ ਘਰ ਨਹੀਂ ਸਨ।

**ਪ੍ਰਸ਼ਨ 6. ਜਦੋਂ ਸੁੱਖਾ ਸਿੰਘ ਨੇ ਮਾਤਾ-ਪਿਤਾ ਦੀ ਸਿੱਖੀ ਤਿਆਗਣ ਦੀ ਸਲਾਹ ਨਾ ਮੰਨੀ ਤਾਂ ਮਾਤਾ-ਪਿਤਾ ਨੇ ਕੀ ਕੀਤਾ?**

**ਉੱਤਰ :** ਮਾਤਾ-ਪਿਤਾ ਨੇ ਧੋਖੇ ਨਾਲ ਉਸਨੂੰ ਕੋਈ ਨਸ਼ੇ ਵਾਲੀ ਚੀਜ਼ ਪਿਲਾ ਦਿੱਤੀ ਤੇ ਰਾਤ ਨੂੰ ਸੁੱਤੇ ਪਏ ਦੇ ਕੇਸ ਕਤਲ ਕਰ ਦਿੱਤੇ।

**ਪ੍ਰਸ਼ਨ 7. ਕੇਸ ਕਤਲ ਹੋਣ ਮਗਰੋਂ ਸੁੱਖਾ ਸਿੰਘ ਨੇ ਕਿਸ ਦੇ ਡੇਰੇ ਜਾ ਕੇ ਦੁਬਾਰਾ ਅੰਮ੍ਰਿਤਪਾਨ ਕੀਤਾ?**

**ਉੱਤਰ :** ਜਥੇਦਾਰ ਸ਼ਾਮ ਸਿੰਘ ਦੇ ਡੇਰੇ ਜਾ ਕੇ।

**ਪ੍ਰਸ਼ਨ 8. ਸੁੱਖਾ ਸਿੰਘ ਇਕ ਨਾਮੀ ਯੋਧੇ ਦੇ ਤੌਰ 'ਤੇ ਕਿਵੇਂ ਜਾਣਿਆ ਜਾਣ ਲੱਗਾ?**

**ਉੱਤਰ :** ਉਸਨੇ ਸਭ ਹਥਿਆਰਾਂ ਤਲਵਾਰ, ਨੇਜ਼ਾ, ਬਰਛੀ ਤੇ ਬੰਦੂਕ ਚਲਾਉਣ ਵਿਚ ਮੁਹਾਰਤ ਹਾਸਿਲ ਕਰ ਲਈ। ਉਹ ਮੁਗ਼ਲਾਂ ਤੇ ਉਨ੍ਹਾਂ ਦੇ ਪਿੱਠੂਆਂ ਨਾਲ ਹੋਣ ਵਾਲੀਆਂ ਝੜਪਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਲੱਗ ਪਿਆ। ਇੰਝ ਛੇਤੀ ਹੀ ਉਹ ਇਕ ਤਕੜੇ ਯੋਧੇ ਦੇ ਰੂਪ ਵਿਚ ਪ੍ਰਸਿੱਧ ਹੋ ਗਿਆ।

**ਪ੍ਰਸ਼ਨ 9. ਯੋਧਾ ਹੋਣ ਦੇ ਨਾਲ-ਨਾਲ ਉਹ ਹੋਰ ਕਿਹੜੀ ਸੇਵਾ ਕਰਦਾ ਸੀ?**

**ਉੱਤਰ :** ਉਹ ਸੰਗਤਾਂ ਵਿਚ ਪੱਖਾ ਫੇਰਨ, ਲੰਗਰ ਲਈ ਲੱਕੜੀਆਂ ਲਿਆਉਣ, ਲੰਗਰ ਛਕਾਉਣ, ਪਾਣੀ ਪਿਲਾਉਣ ਅਤੇ ਥੱਕੇ ਹੋਏ ਸਿੰਘਾਂ ਦੀ ਮੁੱਠੀ ਚਾਪੀ ਕਰਨ, ਇਸ਼ਨਾਨ ਕਰਵਾਉਣ ਆਦਿ ਦੀ ਸੇਵਾ ਕਰਦਾ ਸੀ।

**ਪ੍ਰਸ਼ਨ 10. ਸਰਕਾਰੀ ਪਾਬੰਦੀ ਅਤੇ ਸਖ਼ਤ ਇੰਤਜ਼ਾਮ ਦੇ ਬਾਵਜੂਦ ਸ: ਸੁੱਖਾ ਸਿੰਘ ਕਿਸ ਨੂੰ ਨਾਲ ਲੈ ਕੇ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰ ਆਇਆ ਸੀ?**

**ਉੱਤਰ :** ਸਰਦਾਰ ਥਰਾਜ ਸਿੰਘ ਨੂੰ।

**ਪ੍ਰਸ਼ਨ 11. ਸ: ਸੁੱਖਾ ਸਿੰਘ, ਥਰਾਜ ਸਿੰਘ ਤੇ ਹੋਰ ਸਿੰਘਾਂ ਨੇ (ਸਰੋਵਰ ਵਿਚ) ਇਸ਼ਨਾਨ ਕਰਨ ਸਮੇਂ ਹੋਈ ਝੜਪ ਵਿਚ ਕਿਸ ਨੂੰ ਮਾਰ ਦਿੱਤਾ ਸੀ?**

**ਉੱਤਰ :** ਕਾਜ਼ੀ ਅਬਦੁਲ ਰਹਿਮਾਨ ਤੇ ਉਸ ਦੇ ਪੁੱਤਰ ਨੂੰ।

**ਪ੍ਰਸ਼ਨ 12. ਮੰਡਿਆਲੀ ਦੇ ਮੱਸੇ ਰੰਘੜ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਿਵੇਂ ਭੰਗ ਕੀਤਾ?**

ਉੱਤਰ : (ੳ) ਉਹ ਹਰਿਮੰਦਰ ਸਾਹਿਬ ਵਿਚ ਪਲੰਘ ਡਾਹ ਕੇ ਬੈਠ ਗਿਆ।

(ਅ) ਉੱਥੇ ਹੁੱਕਾ ਪੀਣ ਲੱਗਾ ਤੇ ਹੋਰਨਾਂ ਨਾਲ ਰਲ ਕੇ ਸ਼ਰਾਬ ਵੀ ਪੀਂਦਾ, ਅਤੇ

(ੲ) ਉੱਥੇ ਕੰਜਰੀਆਂ ਦੇ ਨਾਚ ਕਰਵਾਉਣ ਲੱਗ ਪਿਆ।

**ਪ੍ਰਸ਼ਨ 13. ਮੱਸੇ ਰੰਘੜ ਦੀਆਂ ਕਰਤੂਤਾਂ ਦੀ ਖ਼ਬਰ ਸਿੰਘਾਂ ਨੂੰ ਕਿੱਥੇ ਲੱਗੀ?**

ਉੱਤਰ : ਬੀਕਾਨੇਰ (ਰਾਜਸਥਾਨ) ਵਿਚ।

**ਪ੍ਰਸ਼ਨ 14. ਬੀਕਾਨੇਰ ਤੋਂ ਮੱਸੇ ਨੂੰ ਸੋਧਣ ਲਈ ਕਿਹੜੇ ਦੋ ਸਿੰਘ ਤੁਰ ਪਏ? ਇਨ੍ਹਾਂ ਨੇ ਕਿਸ ਦਾ ਭੇਸ ਧਾਰਨ ਕੀਤਾ?**

ਉੱਤਰ : (ੳ) ਭਾਈ ਸੁੱਖਾ ਸਿੰਘ ਤੇ ਭਾਈ ਮਤਾਬ ਸਿੰਘ ਮੀਰਾਂ ਕੋਟੀਆ।

(ਅ) ਮਾਮਲਾ ਤਾਰਨ ਆਏ ਤੁਰਕਾਂ ਦਾ ਭੇਸ ਬਣਾ ਲਿਆ।

**ਪ੍ਰਸ਼ਨ 15. ਠੀਕਰੀਆਂ ਦੀ ਥੈਲੀ ਮੱਸੇ ਦੇ ਸਾਹਮਣੇ ਕਿਸ ਨੇ ਜਾ ਸੁੱਟੀ ਤੇ ਕਿਸ ਨੇ ਮੱਸੇ ਦਾ ਸਿਰ ਤਲਵਾਰ ਨਾਲ ਲਾਹ ਲਿਆ?**

ਉੱਤਰ : (ੳ) ਸ: ਸੁੱਖਾ ਸਿੰਘ ਨੇ ਥੈਲੀ ਮੱਸੇ ਦੇ ਪਲੰਘ ਕੋਲ ਜਾ ਸੁੱਟੀ।

(ਅ) ਸ: ਮਤਾਬ ਸਿੰਘ ਨੇ ਮੱਸੇ ਦਾ ਸਿਰ ਤਲਵਾਰ ਨਾਲ ਲਾਹ ਲਿਆ।

**ਪ੍ਰਸ਼ਨ 16. ਮੱਸੇ ਦੇ ਸਿਰ ਦਾ ਸਿੰਘਾਂ ਨੇ ਕੀ ਕੀਤਾ?**

ਉੱਤਰ : ਮੱਸੇ ਦਾ ਸਿਰ ਬੀਕਾਨੇਰ ਲਿਆ ਕੇ, ਜਥੇਦਾਰ ਦੇ ਚਰਨਾਂ ਵਿਚ ਰੱਖ ਦਿੱਤਾ।

**ਪ੍ਰਸ਼ਨ 17. ਛੋਟੇ ਘੱਲੂਘਾਰੇ ਸਮੇਂ ਸ: ਸੁੱਖਾ ਸਿੰਘ ਕਿਸ ਤਰ੍ਹਾਂ ਜ਼ਖਮੀ ਹੋ ਗਿਆ?**

ਉੱਤਰ : ਲੱਤ ਵਿਚ ਜੰਬੂਰੇ (ਛੋਟੀ ਤੋਪ) ਦਾ ਗੋਲਾ ਲੱਗਣ ਨਾਲ।

**ਪ੍ਰਸ਼ਨ 18. ਸੁੱਖਾ ਸਿੰਘ ਨੇ ਕਿਹੜੇ ਮੁਖ਼ਬਰ (ਸਰਕਾਰ ਨੂੰ ਖ਼ਬਰਾਂ ਦੇਣ ਵਾਲੇ) ਨੂੰ ਉਸਦੇ ਘਰ ਜਾ ਮਾਰਿਆ?**

ਉੱਤਰ : ਛੀਨੇ ਪਿੰਡ ਦੇ ਕਰਮੇ ਨੂੰ।

**ਪ੍ਰਸ਼ਨ 19. ਸ: ਸੁੱਖਾ ਸਿੰਘ ਦੀ ਸ਼ਹੀਦੀ ਕਦੋਂ ਹੋਈ?**

ਉੱਤਰ : ਦਸੰਬਰ ਸੰਨ 1751 ਵਿਚ।

**ਪ੍ਰਸ਼ਨ 20. ਆਪ ਦੀ ਸ਼ਹੀਦੀ ਕਿੱਥੇ ਹੋਈ?**

ਉੱਤਰ : ਲਾਹੌਰ ਨੇੜੇ ਰਾਵੀ ਦੇ ਕਿਨਾਰੇ।



**ਪ੍ਰਸ਼ਨ 21. ਆਪ ਦੀ ਸ਼ਹੀਦੀ ਕਿਵੇਂ ਹੋਈ?**

ਉੱਤਰ : ਆਪ ਕੁਝ ਸਿੰਘਾਂ ਸਮੇਤ ਰਾਵੀ ਪਾਰ ਘੁੰਮ ਰਹੇ ਸਨ ਕਿ ਅਬਦਾਲੀ ਦੀ ਫ਼ੌਜ ਦੇ ਚਾਰ ਦਸਤਿਆਂ ਨਾਲ ਝੜਪ ਹੋ ਗਈ। ਉਸ ਲੜਾਈ ਵਿਚ ਆਪ ਲੜਦੇ ਹੋਏ ਸ਼ਹੀਦ ਹੋ ਗਏ।

## 14. ਸਰਦਾਰ ਅੱਘੜ ਸਿੰਘ

**ਪ੍ਰਸ਼ਨ 1. ਸੰਨ 1754 ਵਿਚ ਸਿੱਖਾਂ ਉੱਤੇ ਕਿਸ ਨੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਸੀ?**

ਉੱਤਰ : ਲਾਹੌਰ ਦੇ ਨਾਇਬ ਸੂਬੇਦਾਰ ਮੋਮਨ ਖ਼ਾਨ ਨੇ।

**ਪ੍ਰਸ਼ਨ 2. ਮੋਮਨ ਖ਼ਾਨ ਸਿੱਖਾਂ 'ਤੇ ਕਿਹੜੇ ਅੱਤਿਆਚਾਰ ਕਰਦਾ ਸੀ?**

ਉੱਤਰ : (ੳ) ਉਹ ਗਸ਼ਤੀ ਫ਼ੌਜਾਂ ਲੈ ਕੇ ਪਿੰਡ-ਪਿੰਡ ਸਿੰਘਾਂ ਦਾ ਸ਼ਿਕਾਰ ਕਰਦਾ ਸੀ।

(ਅ) ਜੰਗੀ ਸਿੰਘਾਂ ਤੇ ਰਿਸ਼ਤੇਦਾਰਾਂ ਨੂੰ ਫੜ ਕੇ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰ ਦਿੰਦਾ।

(ੲ) ਸਿੰਘਾਂ ਦੇ ਰਿਸ਼ਤੇਦਾਰਾਂ ਨੂੰ ਲੁੱਟ ਕੇ ਉਨ੍ਹਾਂ ਦੇ ਘਰ-ਬਾਰ ਤਬਾਹ ਕਰ ਦਿੰਦਾ।

**ਪ੍ਰਸ਼ਨ 3. ਮੋਮਨ ਖ਼ਾਨ ਦੇ ਅੱਤਿਆਚਾਰਾਂ ਨੂੰ ਰੋਕਣ ਲਈ ਨਵਾਬ ਕਪੂਰ ਸਿੰਘ ਨੇ ਸਿੰਘਾਂ ਨੂੰ ਕੀ ਲਲਕਾਰ ਪਾਈ?**

ਉੱਤਰ : ਕੋਈ ਸੂਰਮਾ ਉਠੇ ਜੋ ਮੋਮਨ ਖ਼ਾਨ ਦਾ ਸਿਰ ਵੱਢ ਕੇ ਲਿਆ ਹਾਜ਼ਰ ਕਰੇ।

**ਪ੍ਰਸ਼ਨ 4. ਨਵਾਬ ਕਪੂਰ ਸਿੰਘ ਦੀ ਇਸ ਲਲਕਾਰ ਨੂੰ ਸੁਣ ਕੇ ਕਿਹੜਾ ਸਿੰਘ ਉਠਿਆ?**

ਉੱਤਰ : ਸਰਦਾਰ ਅੱਘੜ ਸਿੰਘ।

**ਪ੍ਰਸ਼ਨ 5. ਸਰਦਾਰ ਅੱਘੜ ਸਿੰਘ ਕੌਣ ਸੀ?**

ਉੱਤਰ : ਭਾਈ ਮਨੀ ਸਿੰਘ ਜੀ ਦਾ ਭਤੀਜਾ।

**ਪ੍ਰਸ਼ਨ 6. ਸਰਦਾਰ ਅੱਘੜ ਸਿੰਘ ਲਾਹੌਰ ਵਿਚ ਕਿਵੇਂ ਦਾਖ਼ਲ ਹੋਇਆ?**

ਉੱਤਰ : ਮੁਸਲਮਾਨੀ ਭੇਸ ਵਟਾ ਕੇ। ਉਸਨੇ ਰਾਵੀ ਬੇਟ ਦੇ ਇਲਾਕੇ ਦੇ ਵਸਨੀਕ (ਪਚਾਧੇ) ਦਾ ਰੂਪ ਧਾਰਨ ਕਰ ਲਿਆ।

**ਪ੍ਰਸ਼ਨ 7. ਸ: ਅੱਘੜ ਸਿੰਘ ਨੇ ਮੋਮਨ ਖ਼ਾਨ ਨਾਲ ਨੇੜਤਾ ਕਿਵੇਂ ਹਾਸਿਲ ਕੀਤੀ?**

ਉੱਤਰ : ਸਭ ਤੋਂ ਪਹਿਲਾਂ ਮੋਮਨ ਖ਼ਾਨ ਦੇ ਘਰੇਲੂ ਨੌਕਰਾਂ ਨਾਲ ਮਿੱਤਰਤਾ ਗੰਢ ਕੇ, ਉਨ੍ਹਾਂ ਨਾਲ ਰਲ ਕੇ ਕੰਮ ਕਰਨ ਲੱਗ ਪਿਆ। ਮੋਮਨ ਖ਼ਾਨ ਦਾ ਹਰ ਕੰਮ ਬੜੀ ਫੁਰਤੀਲੀ ਨਾਲ ਕਰਦਾ। ਖ਼ੁਸ਼ ਹੋ ਕੇ, ਉਸਨੇ ਸ: ਅੱਘੜ ਸਿੰਘ ਨੂੰ ਆਪਣਾ ਨਿਜੀ ਸੇਵਕ ਬਣਾ ਲਿਆ।

**ਪ੍ਰਸ਼ਨ 8. ਸ: ਅੱਘੜ ਸਿੰਘ ਨੇ ਮੋਮਨ ਖ਼ਾਨ ਦਾ ਸਿਰ ਕਿਵੇਂ ਲਾਹਿਆ?**

ਉੱਤਰ : ਇਕ ਦਿਨ ਮੋਮਨ ਖ਼ਾਨ ਰਾਵੀ ਦੀ ਸੈਰ ਕਰਨ ਜਾਣ ਸਮੇਂ ਅੱਘੜ ਸਿੰਘ ਨੂੰ ਵੀ ਨਾਲ ਲੈ ਗਿਆ। ਜਦ ਉਹ ਘੋੜੀ ਤੋਂ ਉੱਤਰ ਕੇ ਕਿਸ਼ਤੀ 'ਤੇ ਚੜ੍ਹਨ ਲੱਗਾ ਤਾਂ ਅੱਘੜ ਸਿੰਘ ਨੇ ਤਲਵਾਰ ਨਾਲ ਉਸਦਾ ਸਿਰ ਲਾਹ ਲਿਆ ਤੇ ਉਸਦੀ ਘੋੜੀ 'ਤੇ ਚੜ੍ਹ ਕੇ ਸਿੰਘਾਂ ਪਾਸ ਆ ਪੁੱਜਾ।

ਨੋਟ : **ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ, ਦੁਆਰਾ ਪ੍ਰਕਾਸ਼ਿਤ ਪੁਸਤਕ "ਖ਼ੂਨ ਸ਼ਹੀਦਾਂ ਦਾ" ਪੜ੍ਹੋ ਜੀ।**

## (ਏ) ਛੋਟਾ ਘੱਲੂਘਾਰਾ

**ਪ੍ਰਸ਼ਨ 1. ਛੋਟਾ ਘੱਲੂਘਾਰਾ ਕਦੋਂ ਹੋਇਆ?**

ਉੱਤਰ : 1 ਜੂਨ, 1746 ਨੂੰ।

**ਪ੍ਰਸ਼ਨ 2. ਛੋਟੇ ਘੱਲੂਘਾਰੇ ਵਿਚ ਕਿੰਨੇ ਸਿੰਘ ਸ਼ਹੀਦ ਹੋਏ?**

ਉੱਤਰ : 7000 ਸਿੰਘ ਸ਼ਹੀਦ ਹੋਏ। 3000 ਕੈਦ ਕੀਤੇ ਗਏ, ਜਿਨ੍ਹਾਂ ਨੂੰ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

**ਪ੍ਰਸ਼ਨ 3. ਜਸਪਤ ਰਾਇ ਕਿੱਥੋਂ ਦਾ ਫ਼ੌਜਦਾਰ ਸੀ?**

ਉੱਤਰ : ਐਮਨਾਬਾਦ ਦਾ।

**ਪ੍ਰਸ਼ਨ 4. ਗੁਰਦੁਆਰਾ ਰੋੜੀ ਸਾਹਿਬ (ਐਮਨਾਬਾਦ) ਦੇ ਦਰਸ਼ਨਾਂ ਨੂੰ ਆਏ ਸਿੰਘਾਂ ਨਾਲ ਹੋਈ ਝੜਪ ਵਿਚ ਜਸਪਤ ਰਾਇ ਦਾ ਸਿਰ ਕਿਸ ਨੇ, ਕਿਵੇਂ ਵੱਢਿਆ ਸੀ?**

ਉੱਤਰ : ਇਕ ਰੰਘਰੇਟੇ ਸਿੱਖ ਨਿਬਾਹੂ ਸਿੰਘ ਨੇ ਜਸਪਤ ਰਾਇ ਦੇ ਹਾਥੀ ਉੱਤੇ ਚੜ੍ਹ ਕੇ ਜਸਪਤ ਰਾਇ ਦਾ ਸਿਰ ਵੱਢ ਲਿਆ ਸੀ।

**ਪ੍ਰਸ਼ਨ 5. ਜਸਪਤ ਰਾਇ ਤੇ ਲਖਪਤ ਰਾਇ ਦਾ ਆਪਸ ਵਿਚ ਕੀ ਰਿਸ਼ਤਾ ਸੀ?**

ਉੱਤਰ : ਦੋਵੇਂ ਆਪਸ ਵਿਚ ਸਕੇ ਭਰਾ ਸਨ।



**ਪ੍ਰਸ਼ਨ 6. ਉਸ ਸਮੇਂ ਲਾਹੌਰ ਦਾ ਸੂਬੇਦਾਰ ਕੌਣ ਸੀ?**

ਉੱਤਰ : ਯਹੀਆ ਖ਼ਾਨ।

**ਪ੍ਰਸ਼ਨ 7. ਲਖਪਤ ਰਾਇ ਯਹੀਆ ਖ਼ਾਨ ਕੋਲ ਕਿਹੜੀ ਪਦਵੀ 'ਤੇ ਸੀ?**

ਉੱਤਰ : ਯਹੀਆ ਖ਼ਾਨ ਦਾ ਦੀਵਾਨ ਸੀ।

**ਪ੍ਰਸ਼ਨ 8. ਲਖਪਤ ਰਾਇ ਨੇ ਜਸਪਤ ਰਾਇ ਦੀ ਮੌਤ ਦਾ ਬਦਲਾ ਕਿਵੇਂ ਤੇ ਕਦੋਂ ਲਿਆ?**

ਉੱਤਰ : ਉਸਨੇ ਲਾਹੌਰ ਵਿਚ ਰਹਿੰਦੇ ਸਾਰੇ ਸਿੱਖ 10 ਮਾਰਚ, ਸੰਨ 1746 ਨੂੰ ਸ਼ਹੀਦ ਕਰਵਾ ਦਿੱਤੇ।

**ਪ੍ਰਸ਼ਨ 9. ਲਖਪਤ ਰਾਇ ਵਲੋਂ ਸ਼ਹਿਰ ਵਿਚ ਜੋ ਡੌਂਡੀ ਪਿਟਾਈ ਗਈ, ਉਸ ਦੇ ਕੀ ਫ਼ੁਰਮਾਨ ਸਨ?**

ਉੱਤਰ : (ੳ) ਕੋਈ ਆਦਮੀ ਮੂੰਹੋਂ 'ਗੁਰੂ' ਸ਼ਬਦ ਨਾ ਕੱਢੇ।

(ਅ) 'ਗੁੜ' ਸ਼ਬਦ ਦੀ ਥਾਂ ਰੋੜੀ ਵਰਤਿਆ ਜਾਵੇ, ਕਿਉਂਕਿ ਗੁੜ ਸ਼ਬਦ ਗੁਰੂ ਨਾਲ ਮਿਲਦਾ ਜੁਲਦਾ ਹੈ।

(ੲ) ਸ਼ਬਦ 'ਗ੍ਰੰਥ' ਦੀ ਥਾਂ ਪੋਥੀ ਵਰਤਿਆ ਜਾਵੇ।

**ਪ੍ਰਸ਼ਨ 10. ਕਾਹਨੂੰਵਾਨ ਦੇ ਛੰਭ ਵਿਚ ਕਿੰਨੇ ਹਜ਼ਾਰ ਸਿੰਘਾਂ ਨੇ ਪਨਾਹ ਲਈ ਹੋਈ ਸੀ?**

ਉੱਤਰ : 15 ਕੁ ਹਜ਼ਾਰ ਸਿੰਘਾਂ ਨੇ।

**ਪ੍ਰਸ਼ਨ 11. ਸਿੱਖਾਂ ਉੱਪਰ ਚੜ੍ਹ ਕੇ ਆਈ ਬਹੁਤ ਵੱਡੀ ਮੁਗ਼ਲ ਫ਼ੌਜ ਦੀ ਕਮਾਨ ਕਿਸ ਦੇ ਹੱਥ ਸੀ?**

ਉੱਤਰ : ਯਹੀਆ ਖ਼ਾਨ ਤੇ ਲਖਪਤ ਰਾਇ ਦੇ ਹੱਥ।

**ਪ੍ਰਸ਼ਨ 12. ਚੜ੍ਹੇ ਹੋਏ ਰਾਵੀ ਦਰਿਆ ਵਿਚ ਕਿਸ ਨੇ ਘੋੜੇ ਠੇਲ੍ਹ ਦਿੱਤੇ ਸਨ ਤੇ ਰੁੜ੍ਹ ਗਏ ਸਨ?**

ਉੱਤਰ : ਸਰਦਾਰ ਗੁਰਦਿਆਲ ਸਿੰਘ ਡੱਲੇਵਾਲ ਦੇ ਦੋਹਾਂ ਗੱਭਰੂ ਭਰਾਵਾਂ ਨੇ।

**ਪ੍ਰਸ਼ਨ 13. ਇਸ ਜੰਗ ਵਿਚ ਸਿੱਖਾਂ ਦੀ ਕਮਾਨ ਕਿਸ ਦੇ ਹੱਥ ਸੀ?**

ਉੱਤਰ : (ੳ) ਭਾਈ ਸੁੱਖਾ ਸਿੰਘ ਮਾੜੀ ਕੰਬੋ (ਅ) ਸਰਦਾਰ ਜੱਸਾ ਸਿੰਘ ਆਹਲੂਵਾਲੀਆ।

**ਪ੍ਰਸ਼ਨ 14. ਸਿੱਖਾਂ ਨੂੰ ਜਦੋਂ ਕਾਹਨੂੰਵਾਨ ਦੀ ਛੰਭ ਵਿਚੋਂ ਤੋਪਖ਼ਾਨੇ ਦੀ ਮਦਦ ਨਾਲ ਬਾਹਰ ਕੱਢਿਆ ਗਿਆ ਤਾਂ ਕੀ ਅੱਗੋਂ ਹਿੰਦੂ ਜਨਤਾ ਨੇ ਉਨ੍ਹਾਂ ਦੀ ਕੋਈ ਸਹਾਇਤਾ ਕੀਤੀ?**

ਉੱਤਰ : ਸਿੱਖਾਂ ਦੀ ਆਸ ਦੇ ਉਲਟ ਹਿੰਦੂ ਜਨਤਾ ਨੇ ਕੋਈ ਵੀ ਸਹਾਇਤਾ ਨਾ ਕੀਤੀ, ਸਗੋਂ ਉਨ੍ਹਾਂ ਨੇ ਸਿੱਖਾਂ ਨੂੰ ਪੱਥਰਾਂ ਤੇ ਗੋਲੀਆਂ ਨਾਲ ਮਾਰਿਆ।

**ਪ੍ਰਸ਼ਨ 15. ਇਤਨੀ ਬਿਪਤਾ ਸਮੇਂ ਸਿੱਖਾਂ ਦੇ ਹੌਸਲੇ ਕਿਹੋ ਜਿਹੇ ਸਨ?**

**ਉੱਤਰ :** ਐਸੀ ਭਿਆਨਕ ਦਸ਼ਾ ਸਮੇਂ, ਜਦ ਕਿ ਰਸਦ ਪਾਣੀ ਮੁੱਕ ਚੁੱਕਾ ਸੀ ਤੇ ਘੋੜੇ ਵੀ ਭੁੱਖ ਨਾਲ ਡਿੱਗ ਰਹੇ ਸਨ, ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਸਨ।

## (ਸ) ਵੱਡਾ ਘੱਲੂਘਾਰਾ

**ਪ੍ਰਸ਼ਨ 1. ਸੰਨ 1761 ਵਿਚ ਲਾਹੌਰ ਉੱਤੇ ਸਿੰਘਾਂ ਦਾ ਕਬਜ਼ਾ ਕਿਸ ਦੀ ਕਮਾਨ ਹੇਠ ਹੋਇਆ?**

**ਉੱਤਰ :** ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ।

**ਪ੍ਰਸ਼ਨ 2. 1761 ਦੀ ਦੀਵਾਲੀ ਦੇ ਮੌਕੇ ਸਰਬੱਤ ਖ਼ਾਲਸਾ ਨੇ ਕੀ ਗੁਰਮਤਾ ਸੋਧਿਆ?**

**ਉੱਤਰ :** ਅਬਦਾਲੀ ਦੇ ਹਮਾਇਤੀਆਂ ਦੇ ਟਿਕਾਣੇ ਆਪਣੇ ਕਬਜ਼ੇ ਵਿਚ ਕੀਤੇ ਜਾਣ ਤੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

**ਪ੍ਰਸ਼ਨ 3. ਇਸ ਗੁਰਮਤੇ ਦੀ ਰੌਸ਼ਨੀ ਵਿਚ ਸਭ ਤੋਂ ਪਹਿਲਾਂ ਕਿਸ ਨੂੰ ਪੰਥ ਦੀ ਈਨ ਮੰਨਣ ਨੂੰ ਕਿਹਾ ਗਿਆ? ਤੇ ਉਸਨੇ ਕੀ ਕੀਤਾ?**

**ਉੱਤਰ :** (ੳ) ਜੰਡਿਆਲੇ ਦੇ ਆਕਲਦਾਸ ਨਿਰੰਜਨੀਏ ਨੂੰ ਈਨ ਮੰਨਣ ਲਈ ਕਿਹਾ ਗਿਆ।

(ਅ) ਉਸਨੇ ਅਹਿਮਦ ਸ਼ਾਹ ਅਬਦਾਲੀ ਨੂੰ ਸਹਾਇਤਾ ਲਈ ਬੇਨਤੀ-ਪੱਤਰ ਭੇਜਿਆ।

**ਪ੍ਰਸ਼ਨ 4. ਲਾਹੌਰ ਵਿਚ ਅਬਦਾਲੀ ਨੂੰ ਸਿੱਖਾਂ ਬਾਰੇ ਕੀ ਸੂਚਨਾ ਮਿਲੀ?**

**ਉੱਤਰ :** ਕਿ ਸਿੱਖ ਮਲੇਰਕੋਟਲੇ ਦੇ ਕੋਲ ਇਕੱਠੇ ਹੋ ਰਹੇ ਹਨ।

**ਪ੍ਰਸ਼ਨ 5. ਅਬਦਾਲੀ ਨੇ 'ਕੁੱਪ' ਵਿਖੇ ਸਿੱਖਾਂ ਉੱਤੇ ਕਦੋਂ ਹਮਲਾ ਕੀਤਾ? ਉੱਥੇ ਕਿੰਨੇ ਕੁ ਸਿੰਘ ਸਨ? ਅਬਦਾਲੀ ਦੇ ਨਾਲ ਹੋਰ ਕੌਣ ਸੀ?**

**ਉੱਤਰ :** (ੳ) 5 ਫਰਵਰੀ, ਸੰਨ 1762 ਨੂੰ।

(ਅ) ਤੀਹ ਕੁ ਹਜ਼ਾਰ ਸਿੰਘ ਸਨ।

(ੲ) ਅਬਦਾਲੀ ਨਾਲ ਸਰਹੰਦ ਦਾ 'ਜੈਨ ਖ਼ਾਨ' ਸੀ।

**ਪ੍ਰਸ਼ਨ 6. ਸਿੱਖਾਂ ਨੇ ਲੜਾਈ ਦੀ ਕੀ ਨੀਤੀ ਅਪਨਾਈ?**

**ਉੱਤਰ :** ਬਜ਼ੁਰਗਾਂ, ਬੀਬੀਆਂ ਤੇ ਬੱਚਿਆਂ ਨੂੰ ਵਿਚਕਾਰ ਰੱਖ ਕੇ ਲੜਦਿਆਂ ਹੋਇਆਂ ਬਰਨਾਲੇ ਵੱਲ ਅੱਗੇ ਵਧਿਆ ਜਾਵੇ।



**ਪ੍ਰਸ਼ਨ 7. ਇਸ ਸਮੇਂ ਸਿੱਖਾਂ ਦੀ ਅਗਵਾਈ ਕਿਹੜੇ ਸਰਦਾਰ ਕਰ ਰਹੇ ਸਨ?**

**ਉੱਤਰ :** (ੳ) ਸ: ਜੱਸਾ ਸਿੰਘ ਆਹਲੂਵਾਲੀਆ। (ਅ) ਸ: ਸ਼ਿਆਮ ਸਿੰਘ ਕਰੋੜਸਿੰਘੀਆ। (ੲ) ਸ: ਚੜ੍ਹਤ ਸਿੰਘ ਸ਼ੁਕਰਚੱਕੀਆ।

**ਪ੍ਰਸ਼ਨ 8. ਵੱਡੇ ਘੱਲੂਘਾਰੇ ਵਿਚ ਕਿੰਨੇ ਸਿੱਖ ਸ਼ਹੀਦ ਹੋਏ?**

**ਉੱਤਰ :** ਲਗਭਗ 20/25 ਹਜ਼ਾਰ ਸਿੰਘ ਸਿੰਘਣੀਆਂ ਤੇ ਬੱਚੇ ਸ਼ਹੀਦ ਹੋਏ।

**ਪ੍ਰਸ਼ਨ 9. ਇਸ ਜੰਗ ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਕਿੰਨੇ ਜ਼ਖਮ ਲੱਗੇ?**

**ਉੱਤਰ :** 22 ਜ਼ਖਮ।

**ਪ੍ਰਸ਼ਨ 10. ਵੱਡੇ ਘੱਲੂਘਾਰੇ ਵਾਲੇ ਦਿਨ ਸ਼ਾਮ ਨੂੰ ਇਕ ਸਿੰਘ ਉੱਚੀ ਉੱਚੀ ਕੀ ਕਹਿ ਰਿਹਾ ਸੀ?**

**ਉੱਤਰ :** ਤੱਤ ਖ਼ਾਲਸਾ ਸੋ ਰਹਯੋ ਗਯੋ ਸੋ ਖੋਟ ਗਵਾਇ॥

**ਪ੍ਰਸ਼ਨ 11. ਵੱਡੇ ਘੱਲੂਘਾਰੇ ਸਮੇਂ ਜਦ ਸ: ਜੱਸਾ ਸਿੰਘ ਆਹਲੂਵਾਲੀਏ ਦੇ ਅੰਗ ਰਖਸ਼ਕ ਨੇ ਦੁਸ਼ਮਣਾਂ ਵਿਚ ਘਿਰੇ ਦੇਖ ਘੋੜੇ ਨੂੰ ਚਾਬਕ ਮਾਰਨ ਲਈ ਹੱਥ ਚੁੱਕਿਆ ਹੀ ਸੀ ਤਾਂ ਸਰਦਾਰ ਜੱਸਾ ਸਿੰਘ ਨੇ ਕੀ ਕਹਿ ਕੇ ਰੋਕ ਦਿੱਤਾ ਸੀ?**

**ਉੱਤਰ :** ਤੈਨੂੰ ਘੋੜੇ ਨੂੰ ਚਾਬਕ ਮਾਰਦਾ ਵੇਖ ਕੇ ਕਿਧਰੇ ਕੋਈ ਇਹ ਨਾ ਸਮਝ ਬੈਠੇ ਕਿ ਸਿੰਘਾਂ ਦਾ ਆਗੂ ਸਰਦਾਰ ਜੱਸਾ ਸਿੰਘ ਘੋੜੇ ਨੂੰ ਕੁਟਵਾ ਕੇ ਜੰਗ 'ਚੋਂ ਭੱਜ ਨੱਠਾ ਹੈ।

## (ਹ) ਸਿੱਖ ਬੀਬੀਆਂ

**ਪ੍ਰਸ਼ਨ 1. ਗੁਰੂ ਨਾਨਕ ਦੇਵ ਜੀ ਦਾ ਪਹਿਲਾ ਦੀਦਾਰ ਕਿਸ ਨੇ ਕੀਤਾ ਸੀ?**

**ਉੱਤਰ :** ਦੌਲਤਾਂ ਦਾਈ ਨੇ।

**ਪ੍ਰਸ਼ਨ 2. 'ਮਹਾਨ ਕੋਸ਼' ਵਿਚ ਬੇਬੇ ਨਾਨਕੀ ਜੀ ਬਾਰੇ ਕੀ ਲਿਖਿਆ ਹੋਇਆ ਹੈ?**

**ਉੱਤਰ :** ਬੇਬੇ ਨਾਨਕੀ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਧਾਰਨ ਕਰਨ ਵਾਲੀ ਸਭ ਤੋਂ ਪਹਿਲੀ ਸੀ।

**ਪ੍ਰਸ਼ਨ 3. ਭਾਈ ਮਰਦਾਨਾ ਜੀ ਨੂੰ ਭਾਈ ਫਿਰੰਦੇ ਪਾਸੋਂ ਰਬਾਬ ਕਿਸ ਨੇ ਬਣਵਾ ਕੇ ਦਿੱਤੀ ਸੀ?**

**ਉੱਤਰ :** ਬੇਬੇ ਨਾਨਕੀ ਨੇ।

**ਪ੍ਰਸ਼ਨ 4. ਗੁਰੂ ਨਾਨਕ ਦੇਵ ਜੀ ਦੇ ਮਹਿਲ 'ਮਾਤਾ ਸੁਲੱਖਣੀ ਜੀ' ਦਾ ਸਿੱਖ ਧਰਮ ਵਿਚ ਕੀ ਯੋਗਦਾਨ ਹੈ ?**

ਉੱਤਰ : ਗੁਰੂ ਨਾਨਕ ਦੇਵ ਜੀ ਦੇ ਉਦਾਸੀਆਂ ਦੇ ਲੰਬੇ ਸਮੇਂ (12 ਸਾਲ) ਘਰ ਗ੍ਰਿਹਸਥੀ ਨੂੰ ਸੁਚੱਜੇ ਢੰਗ ਨਾਲ ਚਾਈਂ ਚਾਈਂ ਸੰਭਾਲੀ ਰਖਣਾ।

**ਪ੍ਰਸ਼ਨ 5. ਗੁਰੂ ਅੰਗਦ ਦੇਵ ਜੀ ਦੇ ਮਹਿਲ 'ਮਾਤਾ ਖੀਵੀ' ਜੀ ਦਾ ਸਿੱਖ ਧਰਮ ਵਿਚ ਕੀ ਯੋਗਦਾਨ ਹੈ ?**

ਉੱਤਰ : ਜੇ ਗੁਰੂ ਅੰਗਦ ਦੇਵ ਜੀ ਨੇ 'ਸ਼ਬਦ' ਦਾ ਲੰਗਰ ਲਾਇਆ ਤਾਂ ਮਾਤਾ ਖੀਵੀ ਜੀ ਨੇ ਸਰੀਰਕ ਤ੍ਰਿਪਤੀ ਲਈ 'ਲੰਗਰ' ਦੀ ਸੁਚੱਜੀ ਸੰਭਾਲ ਕਰਕੇ ਘਿਉ ਵਾਲੀ ਖੀਰ ਵੀ ਵੰਡੀ।

**ਪ੍ਰਸ਼ਨ 6. 'ਬੀਬੀ ਅਮਰੋ ਜੀ' ਕੌਣ ਸਨ ? ਉਹਨਾਂ ਦੀ ਸਿੱਖ ਇਤਿਹਾਸ ਨੂੰ ਕੀ ਦੇਣ ਹੈ ?**

ਉੱਤਰ : (ੳ) ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਜੋ ਗੁਰੂ ਅਮਰਦਾਸ ਜੀ ਦੇ ਸਭ ਤੋਂ ਛੋਟੇ ਭਰਾ 'ਭਾਈ ਮਾਣਕ ਚੰਦ' ਦੇ ਪੁੱਤਰ 'ਜੱਸੂ' ਜੀ ਨਾਲ ਵਿਆਹੇ ਹੋਏ ਸਨ।

(ਅ) ਬੀਬੀ ਅਮਰੋ ਜੀ ਪਾਸੋਂ ਹੀ ਬਾਣੀ ਸੁਣ ਕੇ ਬਾਬਾ ਅਮਰਦਾਸ ਜੀ ਖਡੂਰ ਵਿਖੇ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਪੁੱਜੇ ਸਨ।

**ਪ੍ਰਸ਼ਨ 7. ਗੁਰੂ ਅਮਰਦਾਸ ਜੀ ਨੇ ਜੋ 22 ਮੰਜੀਆਂ ਥਾਪੀਆਂ ਸਨ ਉਹਨਾਂ ਵਿਚੋਂ ਕਿਹੜੀਆਂ ਬੀਬੀਆਂ ਨੂੰ ਸੇਵਾ ਦਿੱਤੀ ਗਈ ਸੀ ?**

ਉੱਤਰ : ਇਕ ਮੰਜੀ ਪਤੀ-ਪਤਨੀ 'ਮਥੋ-ਮੁਰਾਰੀ' ਨੂੰ, ਇਕ 'ਮਾਈ ਸੇਵਾਂ' ਨੂੰ ਤੇ ਇਕ ਮੰਜੀ 'ਬੀਬੀ ਭਾਗੋ' ਨੂੰ ਸੌਂਪੀ ਗਈ ਸੀ।

**ਪ੍ਰਸ਼ਨ 8. 'ਬੀਬੀ ਭਾਨੀ ਜੀ' ਦੀ ਸਿੱਖ ਇਤਿਹਾਸ ਨੂੰ ਕੀ ਦੇਣ ਹੈ ?**

ਉੱਤਰ : ਪਿਤਾ ਗੁਰੂ ਅਮਰਦਾਸ ਜੀ ਤੇ ਪਤੀ ਗੁਰੂ ਰਾਮਦਾਸ ਜੀ ਦੀ ਅਨਿਨ ਸੇਵਾ ਕੀਤੀ। ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ 'ਨਾਮ' ਦੀ ਐਸੀ ਅਸੀਸ ਦਿੱਤੀ ਜਿਸ ਸਦਕਾ ਗੁਰੂ ਅਰਜਨ ਦੇਵ ਜੀ ਤੱਤੀ ਤਵੀ 'ਤੇ ਬੈਠੇ ਹੋਏ ਵੀ 'ਤੇਰਾ ਕੀਆ ਮੀਠਾ ਲਾਗੇ' ਦੀ ਰਟ ਲਾਉਂਦੇ ਰਹੇ।

**ਪ੍ਰਸ਼ਨ 9. 'ਬੀਬੀ ਵੀਰੋ ਜੀ' ਦੀ ਸਿੱਖ ਇਤਿਹਾਸ ਨੂੰ ਕੀ ਦੇਣ ਹੈ ?**

ਉੱਤਰ : 'ਬੀਬੀ ਵੀਰੋ' ਜੀ ਦੇ ਪੰਜ ਸਪੁੱਤਰ ਭੰਗਾਣੀ ਦੇ ਯੁੱਧ ਵਿਚ ਲੜੇ ਜਿਹਨਾਂ ਵਿਚ 'ਸੰਗੋ ਸ਼ਾਹ' ਤੇ 'ਜੀਤ ਮਲ' ਸ਼ਹੀਦ ਹੋਏ।



**ਪ੍ਰਸ਼ਨ 10. 'ਮਾਤਾ ਗੁਜਰੀ ਜੀ' ਦੀ ਸਿੱਖ ਇਤਿਹਾਸ ਨੂੰ ਕੀ ਦੇਣ ਹੈ ?**

ਉੱਤਰ : 'ਮਾਤਾ ਗੁਜਰੀ ਜੀ' ਪਹਿਲੀ ਸਿੱਖ ਇਸਤਰੀ-ਸ਼ਹੀਦ ਸਨ ਜਿਨ੍ਹਾਂ ਨੇ ਠੰਡੇ ਬੁਰਜ ਵਿਚ ਕੈਦੀ ਬਣ ਕੇ ਵਜ਼ੀਰ ਖ਼ਾਂ ਦੇ ਤਸੀਹੇ ਸਹਾਰੇ। ਜਿੱਥੇ ਉਹਨਾਂ ਨੇ ਆਪ ਸ਼ਹਾਦਤ ਪਾਈ ਉੱਥੇ ਉਹਨਾਂ ਦੇ ਪਤੀ ਸ਼ਹੀਦ, ਪੁੱਤਰ ਸ਼ਹੀਦ ਤੇ ਪੋਤਰੇ ਵੀ ਸ਼ਹੀਦ ਹੋਏ।

**ਪ੍ਰਸ਼ਨ 11. 'ਮਾਈ ਭਾਗੋ ਜੀ' ਦੀ ਸਿੱਖ ਇਤਿਹਾਸ ਨੂੰ ਕੀ ਦੇਣ ਹੈ ?**

ਉੱਤਰ : ਮਾਈ ਭਾਗੋ ਨੇ ਖਿਦਰਾਣੇ ਦੀ ਢਾਬ 'ਤੇ ਜੰਗ ਦੀ ਕਮਾਂਡ ਸੰਭਾਲ ਕੇ ਇਤਿਹਾਸ ਨੂੰ ਇਕ ਨਵਾਂ ਮੋੜ ਦੇ ਦਿੱਤਾ। ਜਿਸ ਕੌਮ ਵਿਚ ਔਰਤਾਂ ਰੱਖਿਆ ਕਰਨ ਦੇ ਕਾਬਲ ਹੋ ਜਾਣ ਉਸ ਕੌਮ ਨੂੰ ਕੋਈ ਖ਼ਤਰਾ ਨਹੀਂ ਹੋ ਸਕਦਾ।

**ਪ੍ਰਸ਼ਨ 12. 'ਮਾਤਾ ਸੁੰਦਰ ਕੌਰ ਜੀ' ਦੀ ਸਿੱਖ ਇਤਿਹਾਸ ਨੂੰ ਕੀ ਦੇਣ ਹੈ ?**

ਉੱਤਰ : ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖ ਕੌਮ ਦੀ ਕਈ ਵਰ੍ਹੇ ਸਫ਼ਲ ਅਗਵਾਈ ਕੀਤੀ। ਤੱਤ ਖ਼ਾਲਸੇ ਤੇ ਬੰਦਈ ਖ਼ਾਲਸੇ ਦੇ ਝਗੜੇ ਦਾ ਫ਼ੈਸਲਾ ਭਾਈ ਮਨੀ ਸਿੰਘ ਜੀ ਰਾਹੀਂ ਨਿਪਟਾਇਆ। ਆਪ ਜੀ ਪਹਿਲੀ ਇਸਤਰੀ ਸਨ ਜਿਨ੍ਹਾਂ ਨੇ ਖ਼ਾਲਸੇ ਨੂੰ ਹੁਕਮਨਾਮਾ ਜਾਰੀ ਕਰਕੇ ਲੋੜੀਂਦੀ ਰਹਿਨੁਮਾਈ ਦਿੱਤੀ। ਇਸ ਤਰ੍ਹਾਂ ਆਪ ਨੂੰ ਪਹਿਲੀ ਕੌਮੀ ਆਗੂ ਸਿੱਖ-ਇਸਤਰੀ ਕਿਹਾ ਜਾ ਸਕਦਾ ਹੈ।

**ਪ੍ਰਸ਼ਨ 13. 'ਮਾਤਾ ਸਾਹਿਬ ਕੌਰ ਜੀ' (ਖ਼ਾਲਸੇ ਦੀ ਮਾਤਾ) ਦੇ ਖ਼ਾਲਸਾ ਪੰਥ ਦੇ ਨਾਮ ਲਿਖੇ ਹੋਏ ਕਿੰਨੇ ਹੁਕਮਨਾਮੇ ਮਿਲਦੇ ਹਨ ? ਹਰ ਹੁਕਮਨਾਮੇ ਵਿਚ ਉਹ ਕਿਹੜੇ ਵਿਸ਼ੇਸ਼ ਸ਼ਬਦ ਲਿਖਦੇ ਰਹੇ ?**

ਉੱਤਰ : 'ਮਾਤਾ ਸਾਹਿਬ ਕੌਰ ਜੀ' ਦੇ ਲਿਖੇ 8 ਹੁਕਮਨਾਮੇ ਮਿਲਦੇ ਹਨ। ਉਹ ਹੁਕਮਨਾਮੇ ਵਿਚ "ਤੁਸੀਂ ਮੇਰੇ ਪੁਤ ਫਰਜੰਦ ਹੋ" ਦੇ ਸ਼ਬਦ ਜ਼ਰੂਰ ਲਿਖਦੇ।

**ਪ੍ਰਸ਼ਨ 14. 'ਰਾਣੀ ਸਦਾ ਕੌਰ' ਦੀ ਸਿੱਖ ਇਤਿਹਾਸ ਨੂੰ ਕੀ ਦੇਣ ਹੈ ?**

ਉੱਤਰ : ਰਾਣੀ ਸਦਾ ਕੌਰ ਨੇ ਲਗਾਤਾਰ ਤੇਤੀ ਸਾਲ ਖ਼ਾਲਸਾ ਰਾਜ ਦੀ ਉਸਾਰੀ ਵਿਚ ਆਪਣਾ ਯੋਗਦਾਨ ਪਾਇਆ। ਮਹਾਰਾਜਾ ਰਣਜੀਤ ਸਿੰਘ ਨੂੰ ਕਾਮਯਾਬ ਕਰਨ ਲਈ ਸੁਚੱਜੀ ਅਗਵਾਈ ਦਿੱਤੀ। ਉਸ ਨੂੰ ਨਾਲ ਲੈ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਬੈਠੇ ਸ਼ਾਹ ਜ਼ਮਾਨ ਨੂੰ ਵੰਗਾਰ ਪਾਈ ਤੇ ਹਰ ਰਣ-ਖੇਤਰ ਵਿਚ ਮੂਹਰੇ ਹੋ ਕੇ ਲੜੀ।

**ਪ੍ਰਸ਼ਨ 15. ਭਾਈ ਤਾਰੂ ਸਿੰਘ ਜੀ ਦੀ 'ਮਾਤਾ ਤੇ ਭੈਣ' ਦਾ ਸਿੱਖ ਇਤਿਹਾਸ ਵਿਚ ਕੀ ਯੋਗਦਾਨ ਹੈ ?**

ਉੱਤਰ : ਸਿੰਘਾਂ ਦੀ ਸੇਵਾ ਲਈ ਉਹ ਰਾਤ ਦਿਨ ਚੱਕੀ ਪੀਹ ਕੇ, ਚੁੱਲ੍ਹਾ ਬਾਲ ਕੇ ਲੰਗਰ ਤਿਆਰ ਰਖਦੀਆਂ ਸਨ।

**ਪ੍ਰਸ਼ਨ 16. ਸ: ਜੱਸਾ ਸਿੰਘ ਆਹਲੂਵਾਲੀਏ ਦੀ 'ਮਾਤਾ' ਜੀ ਦਾ ਸਿੱਖ ਇਤਿਹਾਸ ਵਿਚ ਕੀ ਯੋਗਦਾਨ ਹੈ?**

**ਉੱਤਰ :** ਸਿਰ ਦੇ ਸਾਈਂ ਸ: ਬਦਰ ਸਿੰਘ ਜੀ ਦੇ ਗੁਜ਼ਰ ਜਾਣ ਉਪਰੰਤ ਵੀ ਹੌਸਲਾ ਨਹੀਂ ਹਾਰਿਆ ਤੇ ਯਤੀਮ ਬੱਚੇ ਸ: ਜੱਸਾ ਸਿੰਘ ਆਹਲੂਵਾਲੀਏ ਦੀ ਐਸੇ ਸ਼ਾਨਦਾਰ ਢੰਗ ਨਾਲ ਪਾਲਣਾ ਪੋਸ਼ਣਾ ਕੀਤੀ ਕਿ ਉਹ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੋ ਨਿਬੜਿਆ। ਅੰਮ੍ਰਿਤਸਰ ਵਿਖੇ, ਸ: ਜੱਸਾ ਸਿੰਘ ਨੂੰ ਨਾਲ ਬਿਠਾ ਕੇ 'ਦੁਤਾਰੇ' ਨਾਲ ਬੜਾ ਮਧੁਰ ਕੀਰਤਨ ਕਰਨ ਦਾ ਸੁਭਾਗ ਵੀ ਇਸ ਮਾਤਾ ਜੀ ਨੂੰ ਹੀ ਪ੍ਰਾਪਤ ਹੈ।

**ਪ੍ਰਸ਼ਨ 17. 'ਮਾਈ ਫਤੋ' ਕੌਣ ਸੀ, ਤੇ ਉਸ ਨੇ ਕੀ ਹਿੱਸਾ ਪਾਇਆ?**

**ਉੱਤਰ :** ਬਾਬਾ ਆਲਾ ਸਿੰਘ ਦੀ ਧਰਮ ਪਤਨੀ ਸੀ ਜਿਸ ਨੇ ਰਾਜ ਭਾਗ ਦੇ ਹਰ ਮਸਲੇ ਵਿਚ ਪਤੀ ਦੀ ਸਹਾਇਤਾ ਕੀਤੀ।

**ਪ੍ਰਸ਼ਨ 18. ਮੁਲਤਾਨ ਦੇ ਹੱਲੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੀ 'ਰਾਣੀ ਦਾਤਾਰ ਕੌਰ' ਨੇ ਕੀ ਯੋਗਦਾਨ ਪਾਇਆ?**

**ਉੱਤਰ :** ਉਸ ਨੇ ਜੰਗ ਵਿਚ ਰਸਦ-ਪਾਣੀ ਪਹੁੰਚਾਉਣ ਦਾ ਜ਼ਿੰਮਾ ਲਿਆ ਸੀ।

**ਪ੍ਰਸ਼ਨ 19. 'ਮਹਾਰਾਣੀ ਜਿੰਦ ਕੌਰ' (ਜਿੰਦਾਂ) ਦਾ ਸਿੱਖ ਇਤਿਹਾਸ ਵਿਚ ਕੀ ਯੋਗਦਾਨ ਹੈ?**

**ਉੱਤਰ :** ਅੰਗਰੇਜ਼ਾਂ ਦੇ ਕਥਨ ਅਨੁਸਾਰ 'ਇਕ ਹੀ ਮਰਦ ਹੈ ਰਾਣੀ ਜਿੰਦਾਂ' ਜਿਸ ਨੇ ਲਾਰਡ ਡਲਹੌਜ਼ੀ ਨੂੰ ਇਹ ਲਿਖਿਆ ਸੀ ਕਿ : "ਰੱਖ ਲੈ ਦੋ ਚਾਰ ਨਿਮਕ ਹਰਾਮਾਂ ਨੂੰ ਅਤੇ ਬਾਕੀ ਪੰਜਾਬ ਨੂੰ ਫਾਂਸੀ ਲਗਾ ਦੇਹ"। ਮਹਾਰਾਣੀ ਜਿੰਦਾਂ ਨੇ ਉਸ ਸਮੇਂ ਤੱਕ ਦਮ ਨਾ ਲਿਆ ਜਦ ਤੱਕ ਮਹਾਰਾਜਾ ਦਲੀਪ ਸਿੰਘ ਨੂੰ ਫਿਰ ਸਿੱਖੀ ਬਾਣੇ ਵਿਚ ਨਾ ਦੇਖ ਲਿਆ।

**ਪ੍ਰਸ਼ਨ 20. ਗੁਰੂ ਕੇ ਬਾ:ਗ ਦੇ ਮੋਰਚੇ ਸਮੇਂ 'ਜ਼ਾਲਮ ਬੀ.ਟੀ.' ਨੂੰ ਕਿਸ ਨੇ ਚਪੇੜ ਮਾਰੀ ਸੀ?**

**ਉੱਤਰ :** ਮਾਤਾ ਕਿਸ਼ਨ ਕੌਰ ਜੀ, ਕਾਉਂਕੇ, ਨੇ।

**ਪ੍ਰਸ਼ਨ 21. ਜੈਤੋ ਦੇ ਮੋਰਚੇ ਸਮੇਂ ਕਿਹੜੀ ਬੀਬੀ ਆਪਣੇ ਸ਼ਹੀਦ ਹੋ ਗਏ ਦੋ ਸਾਲਾਂ ਦੇ ਬੱਚੇ ਨੂੰ ਜ਼ਮੀਨ 'ਤੇ ਲਿਟਾ ਕੇ ਜਥੇ ਦੇ ਨਾਲ ਗੁਰਦੁਆਰਾ ਟਿੱਬੀ ਸਾਹਿਬ ਵੱਲ ਹੋ ਤੁਰੀ ਸੀ?**

**ਉੱਤਰ :** ਬੀਬੀ ਪ੍ਰਸਿੰਨ ਕੌਰ।



## (ਕ) ਗੁਰਦੁਆਰਿਆਂ ਦਾ ਸੰਖੇਪ ਇਤਿਹਾਸ

**ਪ੍ਰਸ਼ਨ 1. ਗੁਰਦੁਆਰਾ ਨਾਨਕ ਮਤਾ, ਪੀਲੀਭੀਤ ਦਾ ਕੀ ਇਤਿਹਾਸ ਹੈ?**

**ਉੱਤਰ :** (ੳ) ਇਥੇ ਗੁਰੂ ਨਾਨਕ ਦੇਵ ਜੀ ਨੇ ਯੋਗੀਆਂ ਨਾਲ ਚਰਚਾ ਕਰਕੇ ਉਹਨਾਂ ਨੂੰ ਪ੍ਰਭੂ ਦਾ ਸੱਚਾ ਮਾਰਗ ਦੱਸਿਆ ਸੀ।

(ਅ) ਇਸੇ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਚਾਰ ਫੇਰੀ ਸਮੇਂ ਆਪਣੇ ਚਰਨ ਪਾਏ ਸਨ।

**ਪ੍ਰਸ਼ਨ 2. ਗੁਰਦੁਆਰਾ ਨਾਨਕ ਮਤਾ ਦਾ ਪਹਿਲਾ ਨਾਮ ਕੀ ਸੀ?**

**ਉੱਤਰ :** 'ਗੋਰਖ ਮਤਾ'।

**ਪ੍ਰਸ਼ਨ 3. ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦਾ ਕੀ ਇਤਿਹਾਸ ਹੈ? ਇਹ ਗੁਰਦੁਆਰਾ ਕਿੱਥੇ ਹੈ?**

**ਉੱਤਰ :** (ੳ) ਇੱਥੇ ਗੁਰੂ ਅਰਜਨ ਦੇਵ ਜੀ ਨੂੰ ਭਾਰੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

(ਅ) ਇਹ ਗੁਰਦੁਆਰਾ ਲਾਹੌਰ ਵਿਖੇ ਦਰਿਆ ਰਾਵੀ ਦੇ ਕੰਢੇ 'ਤੇ ਪਾਕਿਸਤਾਨ ਵਿਚ ਹੈ।

**ਪ੍ਰਸ਼ਨ 4. ਗੁਰਦੁਆਰਾ ਗੁਰੂ ਕੀ ਵਡਾਲੀ (ਅੰਮ੍ਰਿਤਸਰ) ਦਾ ਕੀ ਇਤਿਹਾਸ ਹੈ?**

**ਉੱਤਰ :** ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ।

**ਪ੍ਰਸ਼ਨ 5. ਗੁਰਦੁਆਰਾ ਮਾਤਾ ਭਾਗ ਭਰੀ, (ਸ੍ਰੀਨਗਰ-ਕਸ਼ਮੀਰ) ਦਾ ਕੀ ਇਤਿਹਾਸ ਹੈ?**

**ਉੱਤਰ :** ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਚਾਰਕ ਦੌਰਿਆਂ ਸਮੇਂ ਮਾਤਾ ਭਾਗਭਰੀ ਦਾ ਸ਼ਰਧਾ ਤੇ ਪਿਆਰ ਨਾਲ ਉਚੇਚਾ ਤਿਆਰ ਕੀਤਾ ਹੋਇਆ ਕੁੜਤਾ ਪਹਿਨਿਆ ਸੀ।

**ਪ੍ਰਸ਼ਨ 6. ਗੁਰਦੁਆਰਾ ਪੰਜੋਖੜਾ ਸਾਹਿਬ (ਅੰਬਾਲਾ) ਦਾ ਕੀ ਇਤਿਹਾਸ ਹੈ?**

**ਉੱਤਰ :** ਇਸ ਅਸਥਾਨ 'ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਅਨਪੜ੍ਹ, ਛੱਜੂ ਰਾਮ ਝੀਵਰ ਕੋਲੋਂ ਗੀਤਾ ਦੇ ਅਰਥ ਕਰਵਾ ਕੇ, ਲਾਲ ਚੰਦ ਪੰਡਿਤ ਦਾ ਹੰਕਾਰ ਤੋੜਿਆ ਸੀ।

**ਪ੍ਰਸ਼ਨ 7. ਇਹ ਗੁਰਦੁਆਰਾ ਕਿੱਥੇ ਹੈ?**

**ਉੱਤਰ :** ਅੰਬਾਲਾ-ਨਰਾਇਣਗੜ੍ਹ ਸੜਕ 'ਤੇ।

**ਪ੍ਰਸ਼ਨ 8. 'ਗੁਰਦੁਆਰਾ ਜ਼ਫਰਨਾਮਾ' 'ਦੀਨਾ ਕਾਂਗੜ' ਜ਼ਿਲ੍ਹਾ ਬਠਿੰਡਾ ਦਾ ਕੀ ਇਤਿਹਾਸ ਹੈ?**

**ਉੱਤਰ :** ਇਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ ਦੇ ਹੱਥੀਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ ਕੇ ਭੇਜਿਆ ਸੀ।

**ਪ੍ਰਸ਼ਨ 9. ਜ਼ਫ਼ਰਨਾਮੇ ਦਾ ਕੀ ਅਰਥ ਹੈ ਤੇ ਕਿਹੜੀ ਭਾਸ਼ਾ ਵਿਚ ਹੈ?**

**ਉੱਤਰ :** ਅਰਥ ਹੈ ਜਿੱਤ ਦੀ ਚਿੱਠੀ। ਇਹ ਫ਼ਾਰਸੀ ਭਾਸ਼ਾ ਵਿਚ ਹੈ।

**ਪ੍ਰਸ਼ਨ 10. ਗੁਰਦੁਆਰਾ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ (ਬਠਿੰਡਾ) ਦਾ ਕੀ ਇਤਿਹਾਸ ਹੈ?**

**ਉੱਤਰ :** (ੳ) ਇੱਥੇ ਗੁਰੂ ਗੋਬਿੰਦ ਸਿੰਘ ਜੀ ਨੌਂ ਮਹੀਨੇ ਤੋਂ ਵੱਧ ਠਹਿਰੇ ਸਨ।
(ਅ) ਇਸ ਅਸਥਾਨ 'ਤੇ ਭਾਈ ਡੱਲੇ ਦੀ ਪਰਖ ਕਰਕੇ ਉਸਨੂੰ ਅੰਮ੍ਰਿਤ ਛਕਾ ਕੇ ਭਾਈ ਡੱਲਾ ਸਿੰਘ ਬਣਾਇਆ ਸੀ।
(ੲ) ਗੁਰੂ ਗ੍ਰੰਥ ਸਾਹਿਬ ਦੀ ਮੌਜੂਦਾ ਬੀੜ ਭਾਈ ਮਨੀ ਸਿੰਘ ਜੀ ਪਾਸੋਂ ਇੱਥੇ ਹੀ ਲਿਖਵਾਈ ਗਈ ਸੀ।
(ਸ) ਇਹ ਸਿੱਖ ਕੌਮ ਦਾ ਪੰਜਵਾਂ ਤਖ਼ਤ ਹੈ।

**ਪ੍ਰਸ਼ਨ 11. 'ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ, ਸ੍ਰੀ ਅਬਚਲ ਨਗਰ ਨਾਦੇੜ' ਦਾ ਕੀ ਇਤਿਹਾਸ ਹੈ?**

**ਉੱਤਰ :** 1. ਇੱਥੇ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ ਸਨ।
2. ਇਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਲਸਾ ਪੰਥ ਨੂੰ ਗੁਰਿਆਈ ਦਿੱਤੀ ਸੀ।
3. ਇਹ ਸਿੱਖ ਕੌਮ ਦਾ ਚੌਥਾ ਤਖ਼ਤ ਹੈ।

ਨੋਟ : **ਇਹ ਗੁਰਦੁਆਰੇ ਕਿਸ ਸ਼ਹਿਰ ਵਿਚ ਹਨ, ਬਾਰੇ ਵੀ ਪ੍ਰਸ਼ਨ ਪੁੱਛੇ ਜਾ ਸਕਦੇ ਹਨ।**

## (ਖ) ਪ੍ਰਸਿੱਧ ਸਿੱਖ ਜੀਵਨੀਆਂ

### 1. ਭਾਈ ਮਰਦਾਨਾ ਜੀ

**ਪ੍ਰਸ਼ਨ 1. ਕੀ ਭਾਈ ਮਰਦਾਨਾ ਜੀ ਲਾਲਚੀ ਤੇ ਡਰਪੋਕ ਸਨ?**

**ਉੱਤਰ :** ਨਹੀਂ।

**ਪ੍ਰਸ਼ਨ 2. ਭਾਈ ਗੁਰਦਾਸ ਜੀ ਨੇ ਭਾਈ ਮਰਦਾਨਾ ਜੀ ਬਾਰੇ ਆਪਣੀਆਂ ਵਾਰਾਂ ਵਿਚ ਕੀ ਲਿਖਿਆ ਹੈ?**

**ਉੱਤਰ :** ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।



**ਪ੍ਰਸ਼ਨ 3. ਆਪ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਕਦੋਂ ਤੇ ਕਿੱਥੇ ਹੋਇਆ?**

**ਉੱਤਰ :** ਆਪ ਦਾ ਪਹਿਲਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਸੰਨ 1480 ਵਿਚ ਤਲਵੰਡੀ ਵਿਖੇ ਹੋਇਆ।

**ਪ੍ਰਸ਼ਨ 4. ਭਾਈ ਮਰਦਾਨਾ ਜੀ ਕਿੰਨਾ ਸਮਾਂ ਗੁਰੂ ਜੀ ਦੀ ਸੰਗਤ ਵਿਚ ਰਹੇ?**

**ਉੱਤਰ :** ਆਪ 54 ਸਾਲ ਗੁਰੂ ਨਾਨਕ ਦੇਵ ਜੀ ਦੀ ਸੰਗਤ ਦਾ ਅਨੰਦ ਮਾਣਦੇ ਰਹੇ।

**ਪ੍ਰਸ਼ਨ 5. ਆਪ ਦਾ ਪਹਿਲਾ ਨਾਮ ਕੀ ਸੀ ਤੇ ਮਰਦਾਨਾ ਨਾਮ ਕਿਸ ਨੇ ਦਿੱਤਾ?**

**ਉੱਤਰ :** ਪਹਿਲਾ ਨਾਮ 'ਦਾਨਾ' ਸੀ ਤੇ ਇਹ ਨਾਮ 'ਮਰਦਾਨਾ' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਸ਼ ਕੀਤਾ ਸੀ।

**ਪ੍ਰਸ਼ਨ 6. ਭਾਈ ਮਰਦਾਨਾ ਜੀ ਦੇ ਮਾਤਾ ਤੇ ਪਿਤਾ ਦਾ ਨਾਮ ਲਿਖੋ।**

**ਉੱਤਰ :** ਆਪ ਦੇ ਪਿਤਾ ਦਾ ਨਾਮ 'ਭਾਈ ਬਦਰੇ' ਸੀ ਤੇ ਮਾਤਾ 'ਲੱਖੋ' ਕਰਕੇ ਜਾਣੇ ਜਾਂਦੇ ਹਨ।

**ਪ੍ਰਸ਼ਨ 7. ਭਾਈ ਮਰਦਾਨਾ ਜੀ ਨੇ ਕਿੱਥੇ ਪ੍ਰਾਣ ਤਿਆਗੇ ਤੇ ਕਿੱਥੇ ਸਸਕਾਰ ਹੋਇਆ?**

**ਉੱਤਰ :** (ੳ) ਕਰਤਾਰਪੁਰ (ਅ) ਸਸਕਾਰ 'ਰਾਵੀ' ਦੇ ਕੰਢੇ।

**ਪ੍ਰਸ਼ਨ 8. ਭਾਈ ਜੀ ਦੀ ਸੰਤਾਨ ਬਾਰੇ ਕੀ ਜਾਣਦੇ ਹੋ?**

**ਉੱਤਰ :** ਆਪ ਦੇ ਕੇਵਲ ਦੋ ਪੁੱਤਰ ਸਨ—ਰਜਾਦਾ ਤੇ ਸਜਾਦਾ।

**ਪ੍ਰਸ਼ਨ 9. ਬਾਬਾ ਜੀ ਨੇ ਇਕ ਡੂਮ ਨੂੰ ਹੀ ਆਪਣਾ ਸਾਥੀ ਕਿਉਂ ਚੁਣਿਆ?**

**ਉੱਤਰ :** (i) ਆਪ ਇਕ ਐਸੇ ਸਾਥੀ ਦੀ ਭਾਲ ਵਿਚ ਸਨ ਜੋ ਰਾਗ ਜਾਣਦਾ ਹੋਵੇ। ਭਾਈ ਮਰਦਾਨਾ ਰਾਗ ਜਾਣਦਾ ਸੀ। (ii) ਗੁਰੂ ਜੀ ਨੀਵਿਆਂ ਨੂੰ ਉੱਚਾ ਚੁੱਕ ਕੇ ਜਾਤ-ਪਾਤ ਦਾ ਭੇਦ-ਭਾਵ ਖਤਮ ਕਰਨਾ ਚਾਹੁੰਦੇ ਸਨ।

**ਪ੍ਰਸ਼ਨ 10. ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਆਪਣੇ ਨਾਲ ਲਿਜਾਣ ਲਈ ਕਿਵੇਂ ਪ੍ਰੇਰਣਾ ਕੀਤੀ ਸੀ?**

**ਉੱਤਰ :** ਗੁਰੂ ਜੀ ਨੇ ਕਿਹਾ, ਤੈਨੂੰ ਰਾਗਾਂ ਦੀ ਭਲੀ ਸੋਝੀ ਹੈ। ਜੇ ਤੂੰ ਇਹ ਰਾਗ, ਸ਼ਬਦ ਪਾਇ ਕੈ ਗਾਵੈਂ ਤਾਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ।

**ਪ੍ਰਸ਼ਨ 11. ਜਦ ਮਰਦਾਨਾ ਗੁਰੂ ਜੀ ਨਾਲ ਸੰਗਤ ਕਰਨ ਲਈ ਮੰਨ ਗਿਆ ਤਾਂ ਆਪ ਨੇ ਕੀ ਉਪਦੇਸ਼ ਦਿੱਤਾ?**

ਉੱਤਰ : ਤਿੰਨ ਉਪਦੇਸ਼ ਦਿੱਤੇ : (i) ਕੇਸ ਨਹੀਂ ਕਟਾਉਣੇ, (ii) ਪਿਛਲੀ ਰਾਤ ਜਾਗ ਕੇ ਸਤਿਨਾਮ ਦਾ ਜਾਪ ਕਰਨਾ, (iii) ਆਏ ਗਏ ਧਰਮੀ ਪੁਰਸ਼ਾਂ ਤੇ ਲੋੜਵੰਦਾਂ ਦੀ ਸੇਵਾ ਕਰਨੀ।

**ਪ੍ਰਸ਼ਨ 12. ਭਾਈ ਮਰਦਾਨਾ ਜੀ ਨੇ ਧਰਮ ਪ੍ਰਚਾਰ ਕਰਨ ਲਈ ਗੁਰੂ ਨਾਨਕ ਦੇਵ ਜੀ ਨਾਲ ਰਹਿ ਕੇ, ਕੀ-ਕੀ ਘਾਲਣਾ ਘਾਲੀ?**

ਉੱਤਰ : ਭਾਈ ਮਰਦਾਨਾ ਜੀ ਨੇ ਹਰ ਉਹ ਦੁੱਖ/ਤਸੀਹਾ ਝੱਲਿਆ ਜੋ ਉਹਨਾਂ ਦੇ ਮੁਰਸ਼ਦ ਗੁਰੂ ਨਾਨਕ ਦੇਵ ਜੀ ਨੇ ਸਹਾਰਿਆ ਸੀ।

**ਪ੍ਰਸ਼ਨ 13. ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਪਾਸੋਂ ਕੀ ਮੰਗਿਆ ਕਰਦੇ ਸਨ?**

ਉੱਤਰ : ਆਪ ਹਮੇਸ਼ਾ 'ਧੀਰਜ' ਦੀ ਦਾਤ ਮੰਗਿਆ ਕਰਦੇ ਸਨ।

**ਪ੍ਰਸ਼ਨ 14. ਇਸਲਾਮੀ ਦੇਸ਼ਾਂ ਦੀ ਮਰਯਾਦਾ ਤੋੜ ਕੇ ਭਾਈ ਜੀ ਨੇ ਬਗ਼ਦਾਦ ਵਰਗੇ ਸ਼ਹਿਰ ਵਿਚ ਰਬਾਬ ਵਜਾ ਕੇ ਕੀਰਤਨ ਕੀਤਾ ਤੇ ਮੁਸਲਮਾਨ ਪੀਰਾਂ ਫ਼ਕੀਰਾਂ ਨੂੰ ਅਲਾਹ ਨਾਲ ਜੋੜਿਆ। ਇਸ ਤੋਂ ਉਹਨਾਂ ਦੀ ਸ਼ਖ਼ਸੀਅਤ ਦੇ ਕਿਹੜੇ ਗੁਣ ਦਾ ਪਤਾ ਲਗਦਾ ਹੈ?**

ਉੱਤਰ : ਉਹ ਬਹਾਦਰ ਤੇ ਜੁਰਅਤ ਵਾਲੇ ਇਨਸਾਨ ਸਨ।

**ਪ੍ਰਸ਼ਨ 15. ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੇ ਅੰਤਮ ਸਮੇਂ ਪ੍ਰੀਖਿਆ ਲੈਣ ਲਈ, ਉਸ ਦੇ ਸਰੀਰ ਨੂੰ ਦਰਿਆ ਵਿਚ ਸੁੱਟਣ, ਸਾੜਨ, ਦੱਬਣ ਜਾਂ ਸਮਾਧ ਬਣਾਉਣ ਬਾਰੇ ਉਸ ਦੇ ਵਿਚਾਰ ਪੁੱਛੇ ਤਾਂ ਭਾਈ ਜੀ ਨੇ ਕੀ ਕਿਹਾ?**

ਉੱਤਰ : ਭਾਈ ਜੀ ਨੇ ਕਿਹਾ ਕਿ ਇਹ ਸਾਰੀਆਂ ਗੱਲਾਂ ਤਾਂ ਮੈਨੂੰ ਮੁੜ ਸਰੀਰ ਦੇ ਚੱਕਰ ਵਿਚ ਪਾਉਣ ਵਾਲੀਆਂ ਹਨ। ਮੈਂ ਤਾਂ ਤੁਹਾਡੇ ਉਪਦੇਸ਼ ਸਦਕਾ ਦੇਹੀ ਦੇ ਖ਼ਿਆਲ ਵਿਚੋਂ ਨਿਕਲ ਗਿਆ ਹਾਂ ਤੇ ਕੇਵਲ ਆਪਣੀ ਆਤਮਾ ਨੂੰ ਹੀ ਸਰੀਰ ਦਾ ਸਾਖੀ ਸਮਝਦਾ ਹਾਂ।

**ਪ੍ਰਸ਼ਨ 16. ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਨੂੰ ਵਿਅੰਗ ਨਾਲ ਕਿਹਾ 'ਤੇਰੀ ਸਮਾਧ ਬਣਾ ਕੇ ਜਗਤ ਵਿਚ ਮਸ਼ਹੂਰ ਕਰੀਏ' ਤਾਂ ਭਾਈ ਜੀ ਦਾ ਕੀ ਉੱਤਰ ਸੀ?**

ਉੱਤਰ : "ਬਾਬਾ ਜੀ! ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਂਵਦੇ ਹੋ।"



**ਪ੍ਰਸ਼ਨ 17. ਭਾਈ ਜੀ ਦੇ ਉੱਤਰ ਨੂੰ ਸੁਣ ਕੇ ਗੁਰੂ ਜੀ ਨੇ ਕੀ ਕਿਹਾ?**

ਉੱਤਰ : ਗੁਰੂ ਜੀ ਨੇ ਭਾਈ ਜੀ ਨੂੰ ਛਾਤੀ ਨਾਲ ਲਾਇਆ ਤੇ ਕਿਹਾ, "ਤੂੰ ਬ੍ਰਹਮ ਨੂੰ ਪਛਾਣ ਲਿਆ ਹੈ।"

## 2. ਬਾਬਾ ਬੁੱਢਾ ਜੀ

**ਪ੍ਰਸ਼ਨ 1. ਬਾਬਾ ਬੁੱਢਾ ਜੀ ਨੇ ਕਿਸ ਗੁਰੂ ਜੀ ਕੋਲੋਂ ਸਿੱਖੀ ਦਾ ਉਪਦੇਸ਼ ਲਿਆ, ਕਿਸ ਗੁਰੂ ਸਾਹਿਬਾਨ ਤੱਕ ਜੀਵਤ ਰਹੇ?**

ਉੱਤਰ : ਗੁਰੂ ਨਾਨਕ ਦੇਵ ਜੀ ਕੋਲੋਂ ਉਪਦੇਸ਼ ਲਿਆ ਤੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਜੀਵਤ ਰਹੇ।

**ਪ੍ਰਸ਼ਨ 2. ਆਪ ਦਾ ਜਨਮ ਕਿੱਥੇ ਤੇ ਕਦੋਂ ਹੋਇਆ?**

ਉੱਤਰ : ਆਪ ਦਾ ਜਨਮ 1506 ਨੂੰ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ।

**ਪ੍ਰਸ਼ਨ 3. ਬਾਬਾ ਬੁੱਢਾ ਜੀ ਦੇ ਮਾਤਾ-ਪਿਤਾ ਕੌਣ ਸਨ?**

ਉੱਤਰ : ਪਿਤਾ—ਸੁਘਾ ਰੰਧਾਵਾ, ਮਾਤਾ—ਗੌਰਾਂ ਜੀ।

**ਪ੍ਰਸ਼ਨ 4. ਆਪ ਦਾ ਪਹਿਲਾ ਨਾਮ ਕੀ ਸੀ ਤੇ ਬਾਬਾ ਬੁੱਢਾ ਨਾਮ ਕਿਵੇਂ ਪਿਆ?**

ਉੱਤਰ : ਪਹਿਲਾ ਨਾਮ 'ਬੂੜਾ' ਸੀ ਤੇ ਗੁਰੂ ਨਾਨਕ ਦੇਵ ਜੀ ਦੀ ਸੰਗਤ ਨਾਲ ਉਹਨਾਂ ਦੇ ਬਚਨ ਸਦਕਾ ਨਾਮ 'ਬੁੱਢਾ ਜੀ' ਪੈ ਗਿਆ।

**ਪ੍ਰਸ਼ਨ 5. "ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਂਵਦਾ ਹੈਂ", ਇਹ ਪ੍ਰਸ਼ਨ ਪੁੱਛਣ 'ਤੇ ਬਾਬਾ ਬੁੱਢਾ ਜੀ ਨੇ ਕੀ ਉੱਤਰ ਦਿੱਤਾ?**

ਉੱਤਰ : ਬਾਬਾ ਬੁੱਢਾ ਜੀ ਨੇ ਕਿਹਾ, "ਪਾਤਸ਼ਾਹ ਮੈਨੂੰ ਮੌਤ ਤੋਂ ਬਹੁਤ ਡਰ ਲਗਦਾ ਹੈ। ਇਸ ਡਰ ਤੋਂ ਬਚਾਉ ਤੇ ਚੁਰਾਸੀ ਦੇ ਗੇੜ 'ਚੋਂ ਬਾਹਰ ਕੱਢੋ।"

**ਪ੍ਰਸ਼ਨ 6. ਬੂੜਾ ਜੀ ਦਾ ਇਹ ਵਿਚਾਰ ਸੁਣ ਕੇ ਗੁਰੂ ਸਾਹਿਬ ਨੇ ਕੀ ਉੱਤਰ ਦਿੱਤਾ?**

ਉੱਤਰ : ਗੁਰੂ ਜੀ ਨੇ ਕਿਹਾ, "ਤੂੰ ਹੈਂ ਤਾਂ ਬੱਚਾ ਪਰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਰੱਬ, ਮੌਤ ਨਾਲੋਂ ਕਿਤੇ ਬਲਵਾਨ ਤੇ ਵੱਡਾ ਹੈ ਜੇ ਤੂੰ, ਉਸਦਾ ਹੋ ਜਾਵੇਂ ਤਾਂ ਤੈਨੂੰ ਮੌਤ ਡਰਾ ਨਹੀਂ ਸਕੇਗੀ।"

**ਪ੍ਰਸ਼ਨ 7. ਬਾਬਾ ਬੁੱਢਾ ਜੀ ਨੇ ਗੁਰੂ ਜੀ ਦਾ ਕਿਹੜਾ ਉਪਦੇਸ਼ ਕਮਾ ਕੇ ਵਿਖਾਇਆ?**

ਉੱਤਰ : ਆਪ ਨੇ ਗੁਰੂ ਜੀ ਦਾ ਸੁਨਹਿਰੀ ਉਪਦੇਸ਼ "ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ" ਕਮਾ ਕੇ ਵਿਖਾਇਆ।

**ਪ੍ਰਸ਼ਨ 8. ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੀ ਰਸਮ ਕਿਸ ਪਾਸੋਂ ਅਦਾ ਕਰਵਾਈ ਸੀ?**

ਉੱਤਰ : ਬਾਬਾ ਬੁੱਢਾ ਜੀ ਪਾਸੋਂ।

**ਪ੍ਰਸ਼ਨ 9. ਤੀਜੇ ਪਾਤਸ਼ਾਹ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਇਹ ਰਸਮ ਕੌਣ ਅਦਾ ਕਰਦੇ ਰਹੇ?**

ਉੱਤਰ : ਬਾਬਾ ਬੁੱਢਾ ਜੀ।

**ਪ੍ਰਸ਼ਨ 10. ਜਦੋਂ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਕੁਝ ਦੇਰ ਲਈ ਗੁਪਤ-ਵਾਸ ਵਿਚ ਰਹੇ ਤਾਂ ਗੁਰੂ ਜੀ ਨੂੰ ਕਿਸ ਨੇ, ਕਿੱਥੋਂ, ਕਿਸ ਦੇ ਘਰ ਜਾ ਕੇ ਪ੍ਰਗਟ ਕੀਤਾ ਸੀ?**

ਉੱਤਰ : ਬਾਬਾ ਬੁੱਢਾ ਜੀ ਨੇ, ਖਡੂਰ ਸਾਹਿਬ ਵਿਖੇ, ਮਾਤਾ ਵਿਰਾਈ ਦੇ ਘਰੋਂ।

**ਪ੍ਰਸ਼ਨ 11. ਜਦੋਂ ਤੀਜੇ ਪਾਤਸ਼ਾਹ, ਦਾਤੂ ਦੇ ਕ੍ਰੋਧ ਦੀ ਅੱਗ ਮੱਠੀ ਕਰਨ ਖ਼ਾਤਰ ਗੁਪਤ ਵਾਸ ਹੋ ਗਏ ਤਾਂ ਕਿਸ ਨੇ ਗੁਰੂ ਜੀ ਨੂੰ ਕਿਵੇਂ ਪ੍ਰਗਟ ਕੀਤਾ?**

ਉੱਤਰ : ਬਾਬਾ ਬੁੱਢਾ ਜੀ ਨੇ, ਬਾਸਰਕੇ ਵਿਖੇ, ਜਿਸ ਕੋਠੇ ਵਿਚ ਗੁਰੂ ਜੀ ਬਿਰਾਜੇ ਹੋਏ ਸਨ, ਉਸ ਕੰਧ ਨੂੰ ਪਿੱਛੋਂ ਸੰਨ੍ਹ ਲਾ ਕੇ ਗੁਰੂ ਜੀ ਨੂੰ ਪ੍ਰਗਟ ਕੀਤਾ।

**ਪ੍ਰਸ਼ਨ 12. ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ 'ਬਾਬਾ ਬੁੱਢਾ ਜੀ ਦੀ ਬੇਰੀ' ਦਾ ਸਿੱਖ ਇਤਿਹਾਸ ਨਾਲ ਕੀ ਸੰਬੰਧ ਹੈ?**

ਉੱਤਰ : ਇਸ ਬੇਰੀ ਹੇਠਾਂ ਬੈਠ ਕੇ ਬਾਬਾ ਬੁੱਢਾ ਜੀ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ।

**ਪ੍ਰਸ਼ਨ 13. 'ਗੁਰਦੁਆਰਾ ਬਾਬੇ ਦੀ ਬੀੜ' ਕਿਸ ਕਰਕੇ ਪ੍ਰਸਿੱਧ ਹੈ?**

ਉੱਤਰ : ਇਸ ਜਗ੍ਹਾ ਗੁਰੂ ਜੀ ਦਾ ਮਾਲ ਡੰਗਰ ਤੇ ਘੋੜੇ ਚਰਿਆ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਸ ਅਸਥਾਨ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਸੌਂਪੀ ਸੀ। ਆਪਣੀ ਆਯੂ ਦਾ ਬਹੁਤਾ ਹਿੱਸਾ ਬਾਬਾ ਜੀ ਨੇ ਗੁਰੂ ਜੀ ਦੇ ਘੋੜੇ, ਗਊਆਂ ਤੇ ਮੱਝਾਂ ਆਦਿ ਲਈ ਘਾਹ ਖੋਦ ਕੇ ਪਾਉਣ 'ਤੇ ਲਾ ਦਿੱਤਾ ਤੇ ਆਪਣੇ ਆਪ ਨੂੰ ਗੁਰੂ ਕਾ ਘਾਹੀ ਅਖਵਾ ਕੇ ਖੁਸ਼ੀ ਮਹਿਸੂਸ ਕੀਤੀ।

**ਪ੍ਰਸ਼ਨ 14. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਗ੍ਰੰਥੀ ਕੌਣ ਸਨ?**

ਉੱਤਰ : ਬਾਬਾ ਬੁੱਢਾ ਜੀ।



**ਪ੍ਰਸ਼ਨ 15. ਸ੍ਰੀ ਦਰਬਾਰ ਸਾਹਿਬ ਵਿਚ ਸ਼ਬਦ ਚੌਂਕੀਆਂ ਦਾ ਰਿਵਾਜ ਕਦੋਂ ਤੇ ਕਿਸ ਨੇ ਸ਼ੁਰੂ ਕੀਤਾ?**

ਉੱਤਰ : ਚੌਂਕੀਆਂ ਦਾ ਰਿਵਾਜ ਉਸ ਸਮੇਂ ਬਾਬਾ ਬੁੱਢਾ ਜੀ ਨੇ ਸ਼ੁਰੂ ਕੀਤਾ ਜਦ ਛੇਵੇਂ ਪਾਤਸ਼ਾਹ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਸਨ ਤੇ ਆਪ ਜਥਾ ਜਾਂ ਚੌਂਕੀ ਦੀ ਸ਼ਕਲ ਵਿਚ ਸੰਗਤ ਨਾਲ ਸ਼ਬਦ ਪੜ੍ਹਦਿਆਂ ਦਰਬਾਰ ਸਾਹਿਬ ਦੀਆਂ ਪਰਕਰਮਾ ਕਰਦੇ ਤੇ ਅਰਦਾਸ ਕਰਕੇ ਸੰਗਤਾਂ ਵਿਦਾ ਹੁੰਦੀਆਂ।

**ਪ੍ਰਸ਼ਨ 16. ਜਦ ਆਪ ਛੇਵੇਂ ਪਾਤਸ਼ਾਹ ਦੇ ਦਰਸ਼ਨਾਂ ਲਈ ਸ੍ਰੀ ਹਰਿਗੋਬਿੰਦਪੁਰ ਆਏ ਤਾਂ ਆਪ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ?**

ਉੱਤਰ : ਆਪ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਂ ਹੁਣ ਬਹੁਤ ਬਿਰਧ ਹੋ ਗਿਆ ਹਾਂ। 'ਬੀੜ' ਦੀ ਸੇਵਾ ਤੋਂ ਛੁੱਟੀ ਦਿਓ ਤੇ ਆਗਿਆ ਦਿਉ ਕਿ ਮੈਂ ਆਖ਼ਰੀ ਸਮਾਂ ਆਪਣੇ ਪਿੰਡ 'ਰਾਮਦਾਸ' ਜਾ ਕੇ ਬਿਤਾਵਾਂ ਤੇ ਜਦੋਂ ਅਰਦਾਸ ਕਰਾਂ ਤੁਸਾਂ ਦਰਸ਼ਨ ਜ਼ਰੂਰ ਦੇਣੇ।

**ਪ੍ਰਸ਼ਨ 17. ਆਪ ਨੇ ਕਦੋਂ ਤੇ ਕਿੰਨੀ ਉਮਰ ਵਿਚ ਸਰੀਰਕ ਚੋਲਾ ਛੱਡਿਆ?**

ਉੱਤਰ : ਆਪ ਨੇ ਸੰਨ 1631 ਵਿਚ ਸਰੀਰਕ ਚੋਲਾ ਛੱਡਿਆ। ਉਸ ਸਮੇਂ ਆਪ ਦੀ ਉਮਰ 125 ਸਾਲ ਦੇ ਲਗਭਗ ਸੀ।

## 3. ਭਾਈ ਗੁਰਦਾਸ ਜੀ

**ਪ੍ਰਸ਼ਨ 1. ਭਾਈ ਗੁਰਦਾਸ ਜੀ ਕਿਹੜੀ-ਕਿਹੜੀ ਭਾਸ਼ਾ ਦੇ ਮਾਹਰ ਵਿਦਵਾਨ ਸਨ?**

ਉੱਤਰ : ਆਪ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਫ਼ਾਰਸੀ ਦੇ ਉੱਚ-ਕੋਟੀ ਦੇ ਵਿਦਵਾਨ ਸਨ।

**ਪ੍ਰਸ਼ਨ 2. ਆਪ ਗੁਰੂ ਅਮਰਦਾਸ ਜੀ ਦੇ ਸੰਸਾਰੀ ਰਿਸ਼ਤੇ ਵਜੋਂ ਕੀ ਲਗਦੇ ਸਨ?**

ਉੱਤਰ : ਆਪ ਰਿਸ਼ਤੇ ਵਜੋਂ ਗੁਰੂ ਅਮਰਦਾਸ ਜੀ ਦੇ ਭਤੀਜੇ ਲਗਦੇ ਸਨ।

**ਪ੍ਰਸ਼ਨ 3. ਭਾਈ ਸਾਹਿਬ ਨੇ ਕਿਸ ਕਿਸ ਜਗ੍ਹਾ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ?**

ਉੱਤਰ : ਆਪ ਨੇ ਚੰਬੇ, ਜੰਮੂ, ਆਗਰੇ, ਲਾਹੌਰ ਤੇ ਕਾਸ਼ੀ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ।

**ਪ੍ਰਸ਼ਨ 4. ਜਦੋਂ ਬਾਬਾ ਪ੍ਰਿਥੀ ਚੰਦ ਦੀ ਖ਼ਰਾਬੀ ਕਾਰਨ ਲੰਗਰ ਮਸਤਾਨਾ ਹੋ ਗਿਆ ਤਾਂ ਭਾਈ ਗੁਰਦਾਸ ਜੀ ਨੇ ਕੀ ਉਪਾਅ ਕੀਤੇ?**

ਉੱਤਰ : ਭਾਈ ਸਾਹਿਬ ਨੇ ਮੁਖੀ ਸਿੱਖਾਂ ਬਾਬਾ ਬੁੱਢਾ ਜੀ, ਭਾਈ ਸਾਹਲੋ ਜੀ ਤੇ ਭਾਈ ਪੈੜਾ ਜੀ ਨਾਲ ਸਲਾਹ ਕਰਕੇ ਅੰਮ੍ਰਿਤਸਰ ਨੂੰ ਆਉਣ ਵਾਲੇ ਰਾਹਾਂ 'ਤੇ ਮੁਖੀ ਸਿੱਖ ਖਲਿਹਾਰ ਦਿੱਤੇ ਜੋ ਬਾਹਰੋਂ ਆਉਣ ਵਾਲੀਆਂ ਸੰਗਤਾਂ ਨੂੰ ਪ੍ਰਿਥੀ ਚੰਦ ਦੀ ਅਸਲੀਅਤ ਦੱਸਦੇ ਗਏ। ਇਸ ਤਰ੍ਹਾਂ ਬਾਬਾ ਪ੍ਰਿਥੀ ਚੰਦ ਦਾ ਪਾਜ ਉੱਘੜ ਗਿਆ ਤੇ ਪ੍ਰਿਥੀਏ ਲਈ ਸੰਗਤਾਂ 'ਚ ਦਿਨੋ-ਦਿਨ ਨਫ਼ਰਤ ਫੈਲ ਗਈ। ਸਤਿਗੁਰਾਂ ਦਾ ਪ੍ਰਤਾਪ ਦਿਨੋ-ਦਿਨ ਫਿਰ ਤੋਂ ਵਧਣ ਲੱਗਾ।

**ਪ੍ਰਸ਼ਨ 5. ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਦੀ ਸੇਵਾ ਕਿਸ ਨੇ ਕੀਤੀ?**

ਉੱਤਰ : ਭਾਈ ਗੁਰਦਾਸ ਜੀ ਨੇ।

**ਪ੍ਰਸ਼ਨ 6. ਭਾਈ ਗੁਰਦਾਸ ਜੀ ਨੇ ਕਿਹੜੀ-ਕਿਹੜੀ ਰਚਨਾ ਕੀਤੀ?**

ਉੱਤਰ : ਆਪ ਨੇ 40 ਵਾਰਾਂ ਤੇ 675 ਕਬਿੱਤ ਸਵੱਯੇ ਲਿਖੇ।

**ਪ੍ਰਸ਼ਨ 7. ਆਪ ਕਿਹੜੇ-ਕਿਹੜੇ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਰਹੇ?**

ਉੱਤਰ : ਆਪ ਤੀਸਰੀ ਪਾਤਸ਼ਾਹੀ ਤੋਂ ਛੇਵੀਂ ਪਾਤਸ਼ਾਹੀ ਤੱਕ ਸਤਿਗੁਰੂ ਦੀ ਹਜ਼ੂਰੀ ਦਾ ਅਨੰਦ ਮਾਣਦੇ ਰਹੇ।

**ਪ੍ਰਸ਼ਨ 8. ਆਪ ਦੇ ਉੱਦਮ ਨਾਲ ਸਿੱਖੀ ਪ੍ਰਚਾਰ ਵਿਚ ਕਿੰਨਾ ਵਾਧਾ ਹੋਇਆ?**

ਉੱਤਰ : ਆਪ ਨੇ ਕਾਸ਼ੀ ਵਿਚ ਜਾ ਕੇ ਐਸੇ ਅਨੋਖੇ ਢੰਗ ਨਾਲ ਪ੍ਰਚਾਰ ਕੀਤਾ ਕਿ ਉੱਥੋਂ ਦੇ ਰਾਜੇ ਨੇ 700 ਹੋਰ ਪ੍ਰਾਣੀਆਂ ਸਮੇਤ ਸਿੱਖੀ ਧਾਰਨ ਕੀਤੀ।

**ਪ੍ਰਸ਼ਨ 9. ਭਾਈ ਗੁਰਦਾਸ ਜੀ ਦਾ ਦੇਹਾਂਤ ਕਿੱਥੇ ਤੇ ਕਦੋਂ ਹੋਇਆ?**

ਉੱਤਰ : ਸੰਨ 1637 ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ।

## 4. ਭਾਈ ਨੰਦ ਲਾਲ ਸਿੰਘ ਜੀ

**ਪ੍ਰਸ਼ਨ 1. ਭਾਈ ਨੰਦ ਲਾਲ ਸਿੰਘ ਜੀ ਕਿਸ ਭਾਸ਼ਾ ਦੇ ਵਿਦਵਾਨ ਸਨ?**

ਉੱਤਰ : ਆਪ ਅਰਬੀ ਤੇ ਫ਼ਾਰਸੀ ਦੇ ਵਿਦਵਾਨ ਸਨ।

**ਪ੍ਰਸ਼ਨ 2. ਆਪ ਦਾ ਜਨਮ ਕਿੱਥੇ, ਕਦੋਂ ਤੇ ਕਿਸ ਦੇ ਘਰ ਹੋਇਆ?**

ਉੱਤਰ : ਆਪ ਦਾ ਜਨਮ ਮੁਨਸ਼ੀ ਛੱਜੂ ਰਾਮ ਦੇ ਘਰ ਸੰਨ 1633 ਵਿਚ ਗਜ਼ਨੀ ਵਿਖੇ ਹੋਇਆ।

**ਪ੍ਰਸ਼ਨ 3. ਭਾਈ ਜੀ ਦੇ ਬਚਪਨ ਦੀ ਕੋਈ ਘਟਨਾ ਦੱਸੋ।**

ਉੱਤਰ : ਜਦ 12 ਵਰ੍ਹੇ ਦੇ ਸਨ ਤਾਂ ਆਪ ਦੇ ਪਿਤਾ ਨੇ ਆਪ ਨੂੰ ਲੱਕੜ ਦੀ ਕੰਠੀ ਕੁਲ-ਗੁਰੂ ਪਾਸੋਂ ਪਵਾਉਣੀ ਚਾਹੀ ਪਰ ਆਪ ਨੇ ਇਹ ਪਾਉਣ



ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮੈਨੂੰ ਇਹ ਕੰਠੀ ਨਹੀਂ, ਸਗੋਂ ਪਰਮਾਤਮਾ ਦੇ ਨਾਮ ਦੀ ਕੰਠੀ ਚਾਹੀਦੀ ਹੈ।

**ਪ੍ਰਸ਼ਨ 4. ਭਾਈ ਜੀ ਨੇ ਸਿੱਖੀ ਦਾਇਰੇ ਵਿਚ ਕਿਵੇਂ ਪ੍ਰਵੇਸ਼ ਕੀਤਾ?**

ਉੱਤਰ : ਮੁਲਤਾਨ ਵਿਚ ਆਪ ਦਾ ਵਿਆਹ ਇਕ ਸਿੱਖ ਘਰਾਣੇ ਦੀ ਲੜਕੀ ਨਾਲ ਹੋ ਗਿਆ। ਇਸ ਤੋਂ ਆਪ ਦੇ ਦਿਲ ਵਿਚ ਸਿੱਖੀ ਲਈ ਪਿਆਰ ਪੈਦਾ ਹੋ ਗਿਆ। ਇਸ ਪਿਆਰ ਸਦਕਾ ਪਹਿਲਾਂ ਆਪ ਅੰਮ੍ਰਿਤਸਰ ਦਰਸ਼ਨਾਂ ਲਈ ਆਏ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਅਨੰਦਪੁਰ ਪਹੁੰਚ ਗਏ ਤੇ ਸਿੱਖੀ ਦੀ ਦਾਤ ਪ੍ਰਾਪਤ ਕੀਤੀ।

**ਪ੍ਰਸ਼ਨ 5. ਭਾਈ ਨੰਦ ਲਾਲ ਜੀ ਸੰਨ 1683 ਵਿਚ ਕਿਸ ਕੋਲ, ਕਿੱਥੇ 'ਮੀਰ ਮੁਨਸ਼ੀ' ਬਣੇ।**

ਉੱਤਰ : ਆਗਰੇ ਸ਼ਹਿਜ਼ਾਦਾ ਮੁਅੱਜ਼ਮ ਕੋਲ।

**ਪ੍ਰਸ਼ਨ 6. ਭਾਈ ਜੀ ਨੇ ਰਾਜ ਦਰਬਾਰ ਦੀ ਨੌਕਰੀ ਕਿਉਂ ਛੱਡੀ?**

ਉੱਤਰ : ਔਰੰਗਜ਼ੇਬ ਨੇ ਇਕ ਦਫ਼ਾ ਇਕ ਚਿੱਠੀ ਦਾ ਫ਼ਾਰਸੀ ਵਿਚ ਉੱਤਰ ਬਣਾਉਣ ਲਈ ਸਭ ਵਿਦਵਾਨ ਸੱਦੇ ਤੇ ਸਭ ਵਿਚੋਂ ਆਪ ਦਾ ਉੱਤਰ ਪਸੰਦ ਕੀਤਾ। ਇਸੇ ਤਰ੍ਹਾਂ ਕੁਰਾਨ ਦੀ ਇਕ ਆਇਤ ਦੇ ਅਰਥ ਆਪ ਦੇ ਕੀਤੇ ਹੋਏ ਬਹੁਤ ਸਲਾਹੇ ਗਏ। ਔਰੰਗਜ਼ੇਬ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਕਿਹਾ ਕਿ ਐਸੇ ਚੰਗੇ ਵਿਦਵਾਨ ਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ। ਇਹ ਪਤਾ ਲਗਦੇ ਸਾਰ 'ਭਾਈ ਜੀ' ਰਾਜ ਦਰਬਾਰ ਦੀ ਨੌਕਰੀ ਛੱਡ ਕੇ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਸ ਆ ਗਏ।

**ਪ੍ਰਸ਼ਨ 7. ਅਨੰਦਪੁਰ ਵਿਖੇ ਚਲਦੇ ਲੰਗਰਾਂ ਦੀ ਜਦੋਂ ਗੁਰੂ ਜੀ ਨੇ ਪ੍ਰੀਖਿਆ ਲਈ ਤਾਂ ਕਿਹੜਾ ਲੰਗਰ ਗੁਰੂ ਜੀ ਨੂੰ ਸਭ ਤੋਂ ਵੱਧ ਪਸੰਦ ਆਇਆ ਸੀ?**

ਉੱਤਰ : ਉਹ ਲੰਗਰ, ਜਿਸ ਦਾ ਪ੍ਰਬੰਧ ਭਾਈ ਨੰਦ ਲਾਲ ਸਿੰਘ ਜੀ ਕੋਲ ਸੀ।

**ਪ੍ਰਸ਼ਨ 8. ਆਪ ਦੀਆਂ ਕਈ ਲਿਖਤਾਂ ਹਨ, ਕੁਝ ਨਾਮ ਲਿਖੋ?**

ਉੱਤਰ : ਜ਼ਿੰਦਗੀ ਨਾਮਾ, ਤੌਸੀਫੋਸਨਾ ਅਤੇ ਖ਼ਾਤਮਾ, ਗੰਜਨਾਮਾ, ਜੋਤਿ ਬਿਗਾਸ, ਦੀਵਾਨਿ ਗੋਇਆ, ਤਨਖ਼ਾਹਨਾਮਾ, ਰਹਿਤਨਾਮਾ, ਦਸਤੂਰੁਲ-ਇਨਸ਼ਾ ਅਤੇ ਅਰਜ਼ੁਲ-ਅਲਫਾਜ਼ ਆਦਿ।

**ਪ੍ਰਸ਼ਨ 9. ਆਪ ਨੇ ਕਿਤਨੀ ਆਯੂ ਤੱਕ ਸਿੱਖੀ ਦੀ ਸੇਵਾ ਕੀਤੀ ਤੇ ਆਪ ਦਾ ਦਿਹਾਂਤ ਕਦੋਂ ਹੋਇਆ?**

ਉੱਤਰ : ਆਪ ਨੇ ਅੰਤਮ ਸਵਾਸਾਂ ਤੱਕ ਸਿੱਖੀ ਦੀ ਸੇਵਾ ਕੀਤੀ। ਅਨੁਮਾਨ ਕੀਤਾ ਜਾਂਦਾ ਹੈ ਕਿ ਸੰਨ 1713 ਵਿਚ ਆਪ ਦਾ ਦੇਹਾਂਤ ਹੋਇਆ।

## (ਗ) ਗੁਰਦੁਆਰਾ ਸੁਧਾਰ ਲਹਿਰ

**ਪ੍ਰਸ਼ਨ 1. ਅੰਗਰੇਜ਼ ਰਾਜ ਸਮੇਂ ਸਰਕਾਰ ਨੇ ਗੁਰਦੁਆਰਾ ਪ੍ਰਬੰਧ ਵਿਚ ਕਿਵੇਂ ਵਿਗਾੜ ਪੈਦਾ ਕੀਤਾ?**

ਉੱਤਰ : ਸਰਕਾਰ ਨੇ ਤਰਨਤਾਰਨ ਅਤੇ ਅੰਮ੍ਰਿਤਸਰ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਰਬਰਾਹ ਨਿਯੁਕਤ ਕਰ ਦਿੱਤੇ ਜੋ ਸਰਕਾਰ ਦੀ ਮਰਜ਼ੀ ਅਨੁਸਾਰ ਕੰਮ ਕਰਦੇ ਸਨ।

**ਪ੍ਰਸ਼ਨ 2. ਅੰਗਰੇਜ਼ ਰਾਜ ਸਮੇਂ ਗੁਰਦੁਆਰਾ ਜਾਇਦਾਦ ਬਾਰੇ ਪੁਜਾਰੀ ਮਹੰਤਾਂ ਦੇ ਹੱਕ ਕਿਸ ਤਰ੍ਹਾਂ ਦੇ ਸਨ?**

ਉੱਤਰ : 'ਗੁਰਦੁਆਰੇ' ਮਹੰਤਾਂ ਪੁਜਾਰੀਆਂ ਦੀ ਨਿਜੀ ਜਾਇਦਾਦ ਬਣ ਗਏ ਸਨ।

**ਪ੍ਰਸ਼ਨ 3. ਮਹੰਤਾਂ ਪੁਜਾਰੀਆਂ ਵਲੋਂ ਗੁਰਦੁਆਰਿਆਂ ਵਿਚ ਕਿਹੜੇ-ਕਿਹੜੇ ਵਿਗਾੜ ਪੈਦਾ ਕੀਤੇ ਗਏ?**

ਉੱਤਰ :
1. ਗੁਰਦੁਆਰਿਆਂ ਦੀਆਂ ਜਾਇਦਾਦਾਂ ਅਤੇ ਆਮਦਨ ਸਿੱਖੀ ਅਸੂਲਾਂ ਦੇ ਉਲਟ ਆਪਣੀ ਐਸ਼ ਬਹਾਰਾਂ ਲਈ ਵਰਤਣ ਲੱਗੇ।
2. ਗੁਰਦੁਆਰਿਆਂ ਵਿਚ ਕਲਪਤ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰਖਵਾ ਕੇ ਉਹਨਾਂ ਦੀ ਬਾਕਾਇਦਾ ਪੂਜਾ ਹੋਣ ਲੱਗੀ।

**ਪ੍ਰਸ਼ਨ 4. ਗੁਰਦੁਆਰਿਆਂ ਦੇ ਸੁਧਾਰ ਹਿਤ ਸੁਧਾਰਕਾਂ ਵਲੋਂ ਸ਼ੁਰੂ ਵਿਚ ਕੀ ਢੰਗ ਵਰਤਿਆ ਗਿਆ?**

ਉੱਤਰ : ਜਿੱਥੇ ਵਿਗਾੜ ਨਜ਼ਰ ਆਉਂਦਾ, ਸੰਗਤਾਂ ਦੀਵਾਨ ਸਜਾਉਂਦੀਆਂ ਅਤੇ ਸੰਬੰਧਤ ਮਹੰਤ ਨੂੰ ਸੁਧਰਨ ਲਈ ਕਹਿੰਦੀਆਂ ਅਤੇ ਬਹੁਤੀ ਵੇਰ ਮਹੰਤਾਂ ਨੂੰ ਝੁਕਣਾ ਪੈਂਦਾ ਅਤੇ ਆਪਣੇ ਆਪ ਨੂੰ ਤੇ ਗੁਰਦੁਆਰਾ ਪ੍ਰਬੰਧ ਨੂੰ ਕੁਝ ਨਾ ਕੁਝ ਸੁਧਾਰਨਾ ਹੀ ਪੈਂਦਾ ਸੀ।

**ਪ੍ਰਸ਼ਨ 5. ਗੁਰਦੁਆਰਿਆਂ ਦੇ ਪੁਜਾਰੀਆਂ ਦਾ ਵਤੀਰਾ ਸੰਗਤਾਂ ਪ੍ਰਤੀ ਕਿਸ ਤਰ੍ਹਾਂ ਦਾ ਹੋ ਗਿਆ ਸੀ?**

ਉੱਤਰ : ਪੁਜਾਰੀ ਖੁਲ੍ਹੇ ਆਮ ਸੰਗਤਾਂ ਨੂੰ ਗਾਲੀਆਂ ਦਿੰਦੇ, ਇਸਤਰੀਆਂ ਨਾਲ ਭੱਦਾ ਸਲੂਕ ਕਰਦੇ, ਛੇੜਖਾਨੀਆਂ ਕਰਦੇ ਅਤੇ ਵਰਜਣ ਵਾਲਿਆਂ ਨੂੰ ਕਹਿੰਦੇ ਕਿ ਇਹ ਤਾਂ ਸਾਡੀ ਦੁਕਾਨ ਹੈ ਤੁਸੀਂ ਆਪਣੀਆਂ ਇਸਤਰੀਆਂ ਨੂੰ ਏਥੇ ਨਾ ਭੇਜੋ।

**ਪ੍ਰਸ਼ਨ 6. ਸਰਕਾਰ ਵਲੋਂ ਗੁਰਦੁਆਰਾ ਰਕਾਬ ਗੰਜ (ਦਿੱਲੀ) ਦੀ ਬਾਹਰਲੀ ਕੰਧ ਕਿਉਂ ਢਾਈ ਗਈ?**

ਉੱਤਰ : ਇਹ ਕਹਿ ਕੇ ਕਿ ਵਾਇਸਰਾਏ ਦੀ ਕੋਠੀ ਕੋਲ ਗੁਰਦੁਆਰੇ ਦੀ ਛੇ ਨੁਕਰੀ ਕੰਧ ਸੋਭਦੀ ਨਹੀਂ।



**ਪ੍ਰਸ਼ਨ 7. ਗੁਰਦੁਆਰਾ ਰਕਾਬ ਗੰਜ ਦੀ ਕੰਧ ਦੀ ਮੁੜ ਉਸਾਰੀ ਦੇ ਸੰਬੰਧ ਵਿਚ ਸ਼ਹੀਦੀ ਜਥਾ ਭੇਜਣ ਦੀ ਤਜਵੀਜ਼ ਕਿਸ ਸਮਾਗਮ ਵਿਚ ਰੱਖੀ ਗਈ?**

ਉੱਤਰ : ਲਾਹੌਰ ਵਿਖੇ ਸਿੱਖ ਲੀਗ ਦੇ ਸਮਾਗਮ ਵਿਚ।

**ਪ੍ਰਸ਼ਨ 8. ਸ਼ਹੀਦੀ ਜਥਾ ਭੇਜਣ ਲਈ ਕਿਹੜਾ ਦਿਨ ਮਿਥਿਆ ਗਿਆ?**

ਉੱਤਰ : 1 ਦਸੰਬਰ, 1920

**ਪ੍ਰਸ਼ਨ 9. ਸ਼ਹੀਦੀ ਜਥਾ ਭੇਜਣ ਦੇ ਪ੍ਰਸਤਾਵ ਦਾ ਸਰਕਾਰ ਉੱਤੇ ਕੀ ਅਸਰ ਹੋਇਆ?**

ਉੱਤਰ : ਸਰਕਾਰ ਨੇ 1 ਦਸੰਬਰ, 1920 ਤੋਂ ਪਹਿਲਾਂ-ਪਹਿਲਾਂ ਗੁਰਦੁਆਰੇ ਦੀ ਕੰਧ ਮੁੜ ਉਸਾਰ ਦਿੱਤੀ।

**ਪ੍ਰਸ਼ਨ 10. ਗੁਰਦੁਆਰਾ ਬੇਰ ਸਾਹਿਬ ਸਿਆਲਕੋਟ ਦੇ ਮਹੰਤ ਹਰਨਾਮ ਸਿੰਘ ਦੇ ਮਰਨ ਪਿੱਛੋਂ ਕਿਸ ਨੇ ਕਿਸ ਨੂੰ ਮਹੰਤ ਨਿਯੁਕਤ ਕੀਤਾ?**

ਉੱਤਰ : ਪ੍ਰੇਮ ਸਿੰਘ ਨੇ ਆਪਣੇ ਪੋਤੇ ਗੁਰਚਰਨ ਸਿੰਘ ਨੂੰ ਜੋ ਕਿ ਨਾਬਾਲਗ ਸੀ।

**ਪ੍ਰਸ਼ਨ 11. ਖ਼ਾਲਸਾ ਦੀਵਾਨ ਸਿਆਲਕੋਟ ਨੇ ਡਿਪਟੀ ਕਮਿਸ਼ਨਰ ਅਤੇ ਕੁਲੈਕਟਰ ਸਿਆਲਕੋਟ ਨੂੰ ਕੀ ਅਰਜ਼ੀ ਲਿਖੀ?**

ਉੱਤਰ : ਕਿ ਗੁਰਦੁਆਰਾ ਬੇਰ ਸਾਹਿਬ ਸਿਆਲਕੋਟ ਦਾ ਮਹੰਤ ਮਰ ਗਿਆ ਹੈ ਅਤੇ ਉਸ ਦੀ ਥਾਂ ਕੋਈ ਮਹੰਤ ਨਿਯੁਕਤ ਨਹੀਂ। ਇਸ ਲਈ ਪ੍ਰਬੰਧ ਸਿੱਖਾਂ ਦੀ ਇਕ ਕਮੇਟੀ ਦੇ ਹਵਾਲੇ ਕੀਤਾ ਜਾਵੇ।

**ਪ੍ਰਸ਼ਨ 12. ਮਹੰਤ ਹਰਨਾਮ ਸਿੰਘ ਦੀ ਵਿਧਵਾ ਨੇ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥ ਵਿਚ ਰੱਖਣ ਲਈ ਕੀ ਕੀਤਾ?**

ਉੱਤਰ : ਉਸਨੇ ਇਕ ਪਤਿਤ ਗੰਡਾ ਸਿੰਘ ਨੂੰ ਗੁਰਚਰਨ ਸਿੰਘ ਦਾ ਗਾਰਡੀਅਨ ਅਤੇ ਸਰਬਰਾਹ ਨਿਯੁਕਤ ਕਰ ਦਿੱਤਾ।

**ਪ੍ਰਸ਼ਨ 13. ਗੁਰਦੁਆਰਾ ਬੇਰ ਸਾਹਿਬ ਦੇ ਪ੍ਰਬੰਧ ਬਾਰੇ ਸਰਕਾਰ ਦਾ ਕੀ ਵਤੀਰਾ ਰਿਹਾ?**

ਉੱਤਰ : ਸਰਕਾਰੀ ਅਫਸਰਾਂ ਨੇ ਸਾਰੇ ਇੰਤਕਾਲ ਗੁਰਚਰਨ ਸਿੰਘ ਦੇ ਨਾਮ ਕਰ ਦਿੱਤੇ ਅਤੇ ਗੰਡਾ ਸਿੰਘ ਨੂੰ ਉਸਦਾ ਗਾਰਡੀਅਨ ਮੰਨ ਲਿਆ।

**ਪ੍ਰਸ਼ਨ 14. ਗੁਰਦੁਆਰਾ ਬੇਰ ਸਾਹਿਬ ਸਿਆਲਕੋਟ ਦੇ ਪ੍ਰਬੰਧ ਵਿਚ ਪਤਿਤ ਸਰਬਰਾਹ ਨੂੰ ਹਟਾਉਣ ਲਈ ਸੰਗਤਾਂ ਨੇ ਪਹਿਲਾ ਉੱਦਮ ਕੀ ਕੀਤਾ?**

ਉੱਤਰ : ਸੰਗਤਾਂ ਨੇ ਹਰ ਰੋਜ਼ ਸਵੇਰੇ ਬਾਬੇ ਕੀ ਬੇਰ ਜਾ ਕੇ ਦੀਵਾਨ ਸ਼ੁਰੂ ਕੀਤਾ।

**ਪ੍ਰਸ਼ਨ 15. ਸਿਆਲਕੋਟ ਦੇ ਗੁਰਦੁਆਰਾ ਬੇਰ ਸਾਹਿਬ ਦਾ ਮੋਰਚਾ ਕਿਵੇਂ ਖ਼ਤਮ ਹੋਇਆ ?**

ਉੱਤਰ : (ੳ) 5 ਅਕਤੂਬਰ, 1920 ਨੂੰ ਪੰਥ ਦਾ ਵੱਡਾ ਇਕੱਠ ਹੋਇਆ ਅਤੇ 13 ਸਿੰਘਾਂ ਦੀ ਕਮੇਟੀ ਗੁਰਦੁਆਰਾ ਪ੍ਰਬੰਧ ਚਲਾਉਣ ਲਈ ਬਣਾਈ ਗਈ।

(ਅ) ਸਿੱਖਾਂ ਦੇ ਰੋਹ ਨੂੰ ਦੇਖਦੇ ਹੋਏ ਇਲਾਕੇ ਦੇ ਕਮਿਸ਼ਨਰ ਨੇ ਉੱਥੇ ਆ ਕੇ 6 ਅਕਤੂਬਰ ਨੂੰ ਇਸ ਗੱਲ ਨੂੰ ਪ੍ਰਵਾਨ ਕਰਨ ਦਾ ਐਲਾਨ ਕੀਤਾ ਕਿ ਸਿੱਖ ਆਪਣੀ ਮਰਜ਼ੀ ਅਨੁਸਾਰ ਗੁਰਦੁਆਰੇ ਦਾ ਪ੍ਰਬੰਧ ਚਲਾਉਣ।

(ੲ) ਇਸ ਤਰ੍ਹਾਂ ਇਹ ਮੋਰਚਾ ਫ਼ਤਹਿ ਹੋਇਆ।

**ਪ੍ਰਸ਼ਨ 16. ਸ੍ਰੀ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਗੁਰਦੁਆਰਿਆਂ ਦੇ ਪੁਜਾਰੀ ਅਛੂਤ ਜਾਤਾਂ ਵਿਚੋਂ ਸਜੇ ਸਿੰਘਾਂ ਨਾਲ ਕੀ ਵਰਤਾਓ ਕਰਦੇ ਸਨ ?**

ਉੱਤਰ : ਉਹਨਾਂ ਨੂੰ 9 ਵਜੇ ਤੋਂ ਪਹਿਲਾਂ ਗੁਰਦੁਆਰੇ ਆਉਣ ਦੀ ਮਨਾਹੀ ਸੀ ਅਤੇ ਉਹਨਾਂ ਦਾ ਲਿਆਂਦਾ ਪ੍ਰਸ਼ਾਦ ਪ੍ਰਵਾਨ ਨਹੀਂ ਕੀਤਾ ਜਾਂਦਾ ਸੀ।

**ਪ੍ਰਸ਼ਨ 17. ਦਰਬਾਰ ਸਾਹਿਬ ਦੇ ਪੁਜਾਰੀਆਂ ਨੂੰ ਕਿਸ ਦਿਨ ਅਛੂਤ ਜਾਤਾਂ ਵਿਚੋਂ ਸਜੇ ਸਿੰਘਾਂ ਦਾ ਪ੍ਰਸ਼ਾਦ ਪ੍ਰਵਾਨ ਕਰਨਾ ਪਿਆ ?**

ਉੱਤਰ : 12 ਅਕਤੂਬਰ, 1920

**ਪ੍ਰਸ਼ਨ 18. ਅਕਤੂਬਰ 1920 ਵਿਚ ਸਰਕਾਰ ਨੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੇ ਪ੍ਰਬੰਧ ਲਈ ਕੀ ਕੀਤਾ ?**

ਉੱਤਰ : ਡਿਪਟੀ ਕਮਿਸ਼ਨਰ ਨੇ ਸਰਬਰਾਹ ਸਮੇਤ 9 ਸੱਜਣਾਂ ਦੀ ਇਕ ਆਰਜ਼ੀ ਕਮੇਟੀ ਬਣਾ ਦਿੱਤੀ। ਇਹ ਸਾਰੇ ਹੀ ਸੁਧਾਰ ਦੇ ਹਾਮੀ ਸਨ।

**ਪ੍ਰਸ਼ਨ 19. ਸ਼੍ਰੋਮਣੀ ਕਮੇਟੀ ਦਾ ਮੁੱਢ ਕਿਵੇਂ ਬੱਝਾ ?**

ਉੱਤਰ : (ੳ) ਸਰਕਾਰ ਨੇ 13 ਨਵੰਬਰ, ਸੰਨ 1920 ਨੂੰ ਗੁਰਦੁਆਰਿਆਂ ਦੇ ਪ੍ਰਬੰਧ ਲਈ 36 ਸੱਜਣਾਂ ਦੀ ਕਮੇਟੀ ਬਣਾ ਦਿੱਤੀ।

(ਅ) ਸ: ਹਰਬੰਸ ਸਿੰਘ ਅਟਾਰੀ ਦੀ ਪ੍ਰਧਾਨਗੀ ਹੇਠ ਨਿਯੁਕਤ ਕਰ ਦਿੱਤੀ। 15 ਅਤੇ 16 ਨਵੰਬਰ ਸੰਨ 1920 ਦੇ ਇਕੱਠ ਵਿਚ ਫ਼ੈਸਲਾ ਹੋਇਆ ਕਿ ਸਭ ਗੁਰਦੁਆਰਿਆਂ ਦੇ ਪ੍ਰਬੰਧ ਲਈ 175 ਸਿੰਘਾਂ ਦੀ ਕਮੇਟੀ ਬਣਾਈ ਜਾਵੇ, ਅਤੇ

(ੲ) ਸਰਕਾਰ ਵਲੋਂ ਬਣਾਈ ਕਮੇਟੀ ਦੇ 36 ਸਿੰਘ ਵੀ ਇਸ ਕਮੇਟੀ ਵਿਚ ਸ਼ਾਮਲ ਕਰ ਲਏ ਜਾਣ। ਇਸ ਕਮੇਟੀ ਦਾ ਨਾਮ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਜਾਵੇ।



**ਪ੍ਰਸ਼ਨ 20. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਇਜਲਾਸ ਕਦੋਂ ਅਤੇ ਕਿੱਥੇ ਹੋਇਆ ?**

ਉੱਤਰ : 12 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਵਿਖੇ।

**ਪ੍ਰਸ਼ਨ 21. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਦੋਂ ਰਜਿਸਟਰ ਕਰਵਾਈ ਗਈ ?**

ਉੱਤਰ : 30 ਅਪ੍ਰੈਲ, 1921 ਨੂੰ।

**ਪ੍ਰਸ਼ਨ 22. ਵੋਟਾਂ ਰਾਹੀਂ ਚੁਣੀ ਗਈ ਪਹਿਲੀ ਕਮੇਟੀ ਦੇ ਅਹੁਦੇਦਾਰਾਂ ਦੇ ਨਾਮ ਲਿਖੋ।**

ਉੱਤਰ :

| | | |
|---|---|---|
| ਪ੍ਰਧਾਨ | — | ਸ: ਖੜਕ ਸਿੰਘ ਜੀ ਸਿਆਲਕੋਟ |
| ਮੀਤ ਪ੍ਰਧਾਨ | — | ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ ਅੰਮ੍ਰਿਤਸਰ |
| ਸਕੱਤਰ | — | ਸ: ਬਹਾਦਰ ਮਹਿਤਾਬ ਸਿੰਘ ਜੀ ਬੈਰਿਸਟਰ |

**ਪ੍ਰਸ਼ਨ 23. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਸਿੱਖਾਂ ਉੱਤੇ ਕੀ ਅਸਰ ਹੋਇਆ ?**

ਉੱਤਰ : ਸਾਰੇ ਪੰਥ ਵਿਚ ਜੋਸ਼ ਪੈਦਾ ਹੋ ਗਿਆ। ਹਜ਼ਾਰਾਂ ਸਿੱਖ ਕਮੇਟੀ ਦੇ ਹੁਕਮ 'ਤੇ ਕੁਰਬਾਨੀਆਂ ਕਰਨ ਲਈ ਤਿਆਰ ਹੋ ਗਏ।

**ਪ੍ਰਸ਼ਨ 24. ਸ਼੍ਰੋਮਣੀ ਕਮੇਟੀ ਦੀ ਕਾਇਮੀ ਨਾਲ ਸਿੱਖਾਂ ਵਿਚ ਆਏ ਜੋਸ਼ ਨੂੰ ਠੀਕ ਲੀਹਾਂ ਉੱਤੇ ਪਾਉਣ ਅਤੇ ਕਮੇਟੀ ਦੀ ਸਹਾਇਤਾ ਲਈ ਕਿਹੜੀ ਜਥੇਬੰਦੀ ਹੋਂਦ ਵਿਚ ਆਈ ?**

ਉੱਤਰ : ਸ਼੍ਰੋਮਣੀ ਅਕਾਲੀ ਦਲ।

**ਪ੍ਰਸ਼ਨ 25. ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਦੋਂ ਹੋਈ ?**

ਉੱਤਰ : 14 ਦਸੰਬਰ, 1920

**ਪ੍ਰਸ਼ਨ 26. ਸ਼੍ਰੋਮਣੀ ਅਕਾਲੀ ਦਲ ਨੇ ਕਿਹੜੇ-ਕਿਹੜੇ ਕੰਮ ਕੀਤੇ ?**

ਉੱਤਰ : ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਬਿਨਾਂ ਸਮਾਜ ਸੁਧਾਰ ਅਤੇ ਗੁਰਮਤਿ ਪ੍ਰਚਾਰ ਦੇ ਸ਼ਾਨਦਾਰ ਕੰਮ ਕੀਤੇ।

ਪਰਚਾ—ਤੀਜਾ ਅੰਕ—100

# 3. ਗੁਰਮਤਿ ਤੇ ਰਹਿਤ ਮਰਯਾਦਾ

## (ੳ) ਗੁਰਮਤਿ

**ਪ੍ਰਸ਼ਨ 1. ਸ਼ਰਾਬ ਪੀਣੀ ਸਿੱਖਾਂ ਵਾਸਤੇ ਬਿਲਕੁਲ ਮਨ੍ਹਾਂ ਹੈ? ਗੁਰਬਾਣੀ ਦਾ ਪ੍ਰਮਾਣ ਅਰਥਾਂ ਸਮੇਤ ਦਿਉ?**

ਉੱਤਰ : ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥

*(ਸਲੋਕ ਮਹਲਾ ੩, ਪੰਨਾ ੫੫੪)*

ਜਿਸ ਸ਼ਰਾਬ ਦੇ ਪੀਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਮਨੁੱਖ ਝੱਲਪੁਣਾ ਖਿਲਾਰਣ ਅਤੇ ਮੂੰਹੋਂ ਬਕਣ ਲੱਗ ਜਾਂਦਾ ਹੈ, ਆਪਣੇ ਪਰਾਏ ਦੀ ਪਹਿਚਾਣ ਨਹੀਂ ਰਹਿੰਦੀ ਤੇ ਪ੍ਰਭੂ ਵਲੋਂ ਧੱਕੇ ਪੈਂਦੇ ਹਨ। ਜਿਸ ਸ਼ਰਾਬ ਨੂੰ ਪੀਣ ਨਾਲ ਪ੍ਰਭੂ ਵਿਸਰਦਾ ਹੈ ਅਤੇ ਮਨੁੱਖ ਪ੍ਰਭੂ ਦੀ ਦਰਗਾਹ ਵਿਚ ਸਜ਼ਾ ਪਾਉਂਦਾ ਹੈ। ਐਸੀ ਚੰਦਰੀ ਸ਼ਰਾਬ ਕਦੇ ਭੁੱਲ ਕੇ ਵੀ ਨਹੀਂ ਪੀਣੀ ਚਾਹੀਦੀ।

**ਪ੍ਰਸ਼ਨ 2. ਤੰਬਾਕੂ ਖਾਣਾ ਜਾਂ ਪੀਣਾ ਸਿੱਖਾਂ ਵਾਸਤੇ ਬਿਲਕੁਲ ਮਨ੍ਹਾਂ ਹੈ। ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿਚ ਕਿਸ ਤਰ੍ਹਾਂ ਲਿਖਿਆ ਹੋਇਆ ਹੈ?**

ਉੱਤਰ : ਕੁਠਾ ਹੁਕਾ ਚਰਸ ਤਮਾਕੂ॥
ਗਾਂਜਾ, ਟੋਪੀ, ਤਾੜੀ, ਖਾਕੂ॥
ਇਨ ਕੀ ਓਰ ਨ ਕਬਹੂ ਦੇਖੈ॥
ਰਹਤਵੰਤ ਸੋ ਸਿੰਘ ਵਿਸੇਖੈ॥

**ਪ੍ਰਸ਼ਨ 3. ਤੰਬਾਕੂ ਅੰਦਰ ਕਿਹੜੀ ਜ਼ਹਿਰ ਹੁੰਦੀ ਹੈ?**

ਉੱਤਰ : ਨਿਕੋਟੀਨ।

**ਪ੍ਰਸ਼ਨ 4. ਤੰਬਾਕੂ ਦੇ ਧੂੰਏਂ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ?**

ਉੱਤਰ : (ੳ) ਸਿਗਰਟ ਬੀੜੀ ਪੀਂਦੇ ਲੋਕਾਂ ਕੋਲ ਨਹੀਂ ਬੈਠਣਾ ਚਾਹੀਦਾ।
(ਅ) ਸਿਗਰਟ ਬੀੜੀ ਪੀਣ ਵਾਲੇ ਲੋਕਾਂ ਕੋਲੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ ਚਾਹੀਦੀ।





(ੲ) ਜੇ ਕੋਈ ਸਾਡੇ ਕੋਲ ਬੈਠ ਕੇ ਸਿਗਰਟ ਬੀੜੀ ਪੀਣਾ ਚਾਹੇ, ਉਸਨੂੰ ਮਨ੍ਹਾਂ ਕਰ ਦੇਣਾ ਚਾਹੀਦਾ ਹੈ।

**ਪ੍ਰਸ਼ਨ 5. ਪਾਨ ਖਾਣ ਦੇ ਨੁਕਸਾਨ ਲਿਖੋ।**

ਉੱਤਰ : (ੳ) ਪਾਨ ਖਾਣ ਨਾਲ ਦੰਦ ਖ਼ਰਾਬ ਹੋ ਜਾਂਦੇ ਹਨ।
(ਅ) ਪਾਨ ਖਾਣ ਨਾਲ ਪਾਚਣ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ।
(ੲ) ਪਾਨ ਅੱਖਾਂ ਨੂੰ ਕਮਜ਼ੋਰ ਕਰ ਦੇਂਦਾ ਹੈ।
(ਸ) ਪਾਨ ਖਾਣ ਵਾਲਾ ਚੰਗੇ ਲੋਕਾਂ ਦੀ ਸੰਗਤ 'ਚ ਨਹੀਂ ਬੈਠ ਸਕਦਾ।
(ਹ) ਪਾਨ ਖਾਣ ਵਾਲੇ ਦੇ ਮੂੰਹ ਵਿਚੋਂ ਥੁੱਕਾਂ ਡਿਗਦੀਆਂ ਰਹਿੰਦੀਆਂ ਹਨ।
(ਕ) ਪਾਨ ਖਾਣ ਨਾਲ ਮਸੂੜਿਆਂ ਵਿਚ ਪਾਕ ਪੈ ਜਾਂਦੀ ਹੈ ਤੇ ਕੈਂਸਰ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

**ਪ੍ਰਸ਼ਨ 6. ਕੀ ਗੁਰੂ ਦਾ ਸਿੱਖ ਪਾਨ ਖਾ ਸਕਦਾ ਹੈ?**

ਉੱਤਰ : ਨਹੀਂ ਜੀ।

**ਪ੍ਰਸ਼ਨ 7. ਸਿੱਖ ਤਿਉਹਾਰ ਮਨਾਉਣ ਦਾ ਕੀ ਮਨੋਰਥ ਹੋਣਾ ਚਾਹੀਦਾ ਹੈ?**

ਉੱਤਰ : ਗੁਰੂ ਦੀ ਸਿੱਖਿਆ ਨੂੰ ਸੁਣਨਾ, ਮੰਨਣਾ ਤੇ ਆਪਣਾ ਜੀਵਨ ਗੁਰੂ ਆਸ਼ੇ ਅਨੁਸਾਰ ਬਣਾਉਣਾ।

**ਪ੍ਰਸ਼ਨ 8. ਸਿੱਖ ਤਿਉਹਾਰ ਮਨਾਉਣ ਸਮੇਂ ਕਿਹੜੇ-ਕਿਹੜੇ ਪ੍ਰੋਗਰਾਮ ਹੋਣੇ ਚਾਹੀਦੇ ਹਨ?**

ਉੱਤਰ : ਗੁਰਬਾਣੀ ਦਾ ਕੀਰਤਨ, ਗੁਰਬਾਣੀ ਦੀ ਵੀਚਾਰ, ਇਤਿਹਾਸਕ ਲੈਕਚਰ, ਢਾਡੀ ਸਿੰਘਾਂ ਦੀਆਂ ਬੀਰ ਰਸੀ ਵਾਰਾਂ, ਗੁਰੂ ਕਾ ਲੰਗਰ, ਗਤਕਾ, ਸ਼ਸਤਰ ਵਿੱਦਿਆ ਦੇ ਜੌਹਰ ਤੇ ਅੰਮ੍ਰਿਤ ਸੰਚਾਰ।

**ਪ੍ਰਸ਼ਨ 9. ਸਿੱਖ ਤਿਉਹਾਰ ਮਨਾਉਣ ਸਮੇਂ ਸੰਗਤਾਂ ਦੀ ਸਰੀਰਕ ਤ੍ਰਿਪਤੀ ਅਤੇ ਆਤਮਿਕ ਤ੍ਰਿਪਤੀ ਕਿਵੇਂ ਹੁੰਦੀ ਹੈ?**

ਉੱਤਰ : ਸਿੱਖ ਤਿਉਹਾਰ ਮਨਾਉਣ ਸਮੇਂ ਸੰਗਤਾਂ ਦੀ ਸਰੀਰਕ ਤ੍ਰਿਪਤੀ 'ਗੁਰੂ ਕਾ ਲੰਗਰ' ਛਕ ਕੇ ਹੁੰਦੀ ਹੈ ਤੇ ਆਤਮਿਕ ਤ੍ਰਿਪਤੀ ਗੁਰੂ ਕੇ ਸ਼ਬਦ ਦਾ ਕੀਰਤਨ ਤੇ ਵੀਚਾਰ ਸੁਣ ਕੇ ਹੁੰਦੀ ਹੈ।

**ਪ੍ਰਸ਼ਨ 10. ਕਿਹੜਾ ਪ੍ਰੋਗਰਾਮ ਸਿੱਖ ਤਿਉਹਾਰ ਦਾ ਜ਼ਰੂਰੀ ਅੰਗ ਹੈ?**

**ਉੱਤਰ** : ਅੰਮ੍ਰਿਤ ਸੰਚਾਰ।

**ਪ੍ਰਸ਼ਨ 11. ਕੀ ਕੋਈ ਸਿੱਖ ਆਪਣੇ ਨਾਮ ਨਾਲ ਸਿੰਘ ਜਾਂ ਕੌਰ ਤੋਂ ਬਾਅਦ ਕੋਈ ਜਾਤ ਜਾਂ ਗੋਤ ਦੀ ਵਰਤੋਂ ਕਰ ਸਕਦਾ ਹੈ?**

**ਉੱਤਰ** : ਨਹੀਂ ਜੀ।

**ਪ੍ਰਸ਼ਨ 12. ਸਿੱਖ ਧਰਮ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ, ਕਿਵੇਂ?**

**ਉੱਤਰ** : (ੳ) ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਸਾਨੂੰ ਸਹੀ ਗਿਆਨ ਹੁੰਦਾ ਹੈ ਕਿ ਸਿੱਖ ਕਿਸੇ ਜਾਤ-ਪਾਤ ਨੂੰ ਨਹੀਂ ਮੰਨਦਾ।

(ਅ) ਪੰਜ ਪਿਆਰਿਆਂ ਵਲੋਂ ਅੰਮ੍ਰਿਤ ਛਕਾਉਣ ਸਮੇਂ ਇਕੋ ਬਾਟੇ ਵਿਚ ਸਭ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

(ੲ) ਗੁਰੂ ਕੇ ਲੰਗਰ ਵਿਚ ਵੀ ਇਕੋ ਪੰਗਤ ਵਿਚ ਪ੍ਰਸ਼ਾਦਾ ਛਕਾਇਆ ਜਾਂਦਾ ਹੈ।

(ਸ) ਗੁਰਦੁਆਰੇ ਸੰਗਤ ਵਿਚ ਵੀ ਬਿਨਾਂ ਕਿਸੇ ਭਿੰਨ-ਭੇਦ ਦੇ ਸਾਰੇ ਇਕੱਠੇ ਬੈਠਦੇ ਹਨ।

(ਹ) ਸਰੋਵਰਾਂ ਵਿਚ ਵੀ ਸਾਰੇ ਬਿਨਾਂ ਕਿਸੇ ਭੇਦ-ਭਾਵ ਦੇ ਇਸ਼ਨਾਨ ਕਰਦੇ ਹਨ।

**ਪ੍ਰਸ਼ਨ 13. ਪਹਿਲਾ ਸਿੱਖ ਗੁਰਦੁਆਰਾ ਕਿੱਥੇ ਸਥਾਪਿਤ ਕੀਤਾ ਗਿਆ ਸੀ?**

**ਉੱਤਰ** : ਐਮਨਾਬਾਦ ਵਿਖੇ।

**ਪ੍ਰਸ਼ਨ 14. ਸਿੱਖ ਧਰਮ ਵਿਚ ਗੁਰਦੁਆਰਿਆਂ ਦੀ ਕੀ ਮਹਾਨਤਾ ਹੈ?**

**ਉੱਤਰ** : (ੳ) ਗੁਰਦੁਆਰੇ ਸਿੱਖੀ ਪ੍ਰਚਾਰ ਦੇ ਸੋਮੇ ਹਨ। ਗੁਰਬਾਣੀ ਦੇ ਕੀਰਤਨ ਅਤੇ ਕਥਾ ਰਾਹੀਂ ਗੁਰੂ ਸਾਹਿਬ ਦੇ ਉਪਦੇਸ਼ ਦ੍ਰਿੜ੍ਹ ਕਰਾਏ ਜਾਂਦੇ ਹਨ।

(ਅ) ਗੁਰਦੁਆਰੇ ਵਿਚ ਗੁਰੂ ਦਾ ਲੰਗਰ ਹੁੰਦਾ ਹੈ। ਉੱਥੇ ਆਏ ਗਏ ਮੁਸਾਫਰ ਨੂੰ ਮੁਫਤ ਰੋਟੀ ਮਿਲਦੀ ਹੈ, ਭਾਵੇਂ ਉਹ ਕਿਸੇ ਵੀ ਧਰਮ ਜਾਂ ਬਰਾਦਰੀ ਦਾ ਹੋਵੇ।

(ੲ) ਗੁਰਦੁਆਰਿਆਂ ਵਿਚ ਆਏ-ਗਏ ਮੁਸਾਫਰਾਂ ਨੂੰ ਰਾਤ ਟਿਕਣ ਲਈ ਥਾਂ ਅਤੇ ਮੰਜਾ ਬਿਸਤਰਾ ਵੀ ਮਿਲ ਜਾਂਦਾ ਹੈ। ਇਸ ਤਰ੍ਹਾਂ ਗੁਰਦੁਆਰੇ ਸਰਾਵਾਂ ਦਾ ਵੀ ਕੰਮ ਦੇਂਦੇ ਹਨ।

(ਸ) ਗੁਰਦੁਆਰਿਆਂ ਵਿਚ ਗ੍ਰੰਥੀ ਸਿੰਘ ਬੱਚਿਆਂ ਨੂੰ ਗੁਰਬਾਣੀ ਤੇ ਗੁਰਮੁਖੀ ਪੜ੍ਹਾਇਆ ਕਰਦੇ ਹਨ।

(ਹ) ਕਈ ਗੁਰਦੁਆਰਿਆਂ ਨਾਲ ਵੱਖਰੇ ਦਵਾ ਘਰ ਬਣੇ ਹੁੰਦੇ ਹਨ।



(ਕ) ਕਈ ਗੁਰਦੁਆਰਿਆਂ ਵਿਚ ਵੱਖਰੇ ਸਕੂਲ ਜਾਂ ਪਾਠਸ਼ਾਲਾਵਾਂ ਬਣੀਆਂ ਹੁੰਦੀਆਂ ਹਨ।

(ਖ) ਕਈ ਗੁਰਦੁਆਰਿਆਂ ਵਿਚ ਧਾਰਮਿਕ ਪੁਸਤਕਾਂ ਦੀ ਇਕ ਲਾਇਬ੍ਰੇਰੀ ਹੁੰਦੀ ਹੈ। ਉੱਥੋਂ ਸੰਗਤਾਂ ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਸੰਬੰਧੀ ਧਾਰਮਿਕ ਪੁਸਤਕਾਂ ਪੜ੍ਹ ਕੇ ਆਪਣੇ ਸਿੱਖੀ ਵਿਰਸੇ ਤੋਂ ਜਾਣੂ ਹੁੰਦੀਆਂ ਹਨ।

(ਗ) ਜਿਨ੍ਹਾਂ ਬੱਚਿਆਂ ਦਾ ਘਰ-ਘਾਟ ਨਹੀਂ ਹੁੰਦਾ ਜਾਂ ਜਿਨ੍ਹਾਂ ਦੀ ਸੇਵਾ ਸੰਭਾਲ ਕਰਨ ਵਾਲਾ ਕੋਈ ਨਹੀਂ ਹੁੰਦਾ, ਉਨ੍ਹਾਂ ਮੁਥਾਜਾਂ ਨੂੰ ਗੁਰਦੁਆਰਿਆਂ ਵਿਚ ਥਾਂ ਤੇ ਆਸਰਾ ਮਿਲਦਾ ਹੈ। ਇਸ ਲਈ ਗੁਰਦੁਆਰੇ ਮੁਥਾਜਾਂ ਲਈ ਓਟ ਘਰ ਹਨ।

**ਪ੍ਰਸ਼ਨ 15. ਗੁਰਦੁਆਰੇ ਦੇ ਪ੍ਰਬੰਧ ਵਿਚ ਸਾਡਾ ਸਿੱਖਾਂ ਦਾ ਕੀ ਫ਼ਰਜ਼ ਬਣਦਾ ਹੈ?**

**ਉੱਤਰ** : ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਵੇਖੀਏ ਕਿ ਗੁਰਦਆਰੇ ਵਿਚ ਕੇਵਲ ਗੁਰਮਤਿ ਦਾ ਪ੍ਰਚਾਰ ਹੀ ਹੁੰਦਾ ਹੈ, ਮਨਮਤਿ ਦਾ ਤਾਂ ਨਹੀਂ। ਕਿਉਂਕਿ ਗੁਰਦੁਆਰੇ ਕੇਵਲ ਗੁਰਮਤਿ ਪ੍ਰਚਾਰ ਲਈ ਹੀ ਬਣਾਏ ਗਏ ਹਨ। ਇਸ ਤੋਂ ਇਲਾਵਾ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਗੁਰਦੁਆਰੇ ਅੰਦਰ ਪ੍ਰੋਗਰਾਮ, ਲੰਗਰ, ਸਰਾਵਾਂ, ਸਕੂਲ, ਦਵਾ ਘਰ, ਲਾਇਬ੍ਰੇਰੀ ਆਦਿ ਦਾ ਪ੍ਰਬੰਧ ਠੀਕ ਹੋਵੇ ਅਤੇ ਗੁਰਦੁਆਰੇ ਦੀ ਆਮਦਨ ਹੋਰ ਫਾਲਤੂ ਕੰਮਾਂ 'ਤੇ ਖਰਚ ਨਾ ਹੋਵੇ।

## (ਅ) ਸਿਮਰਨ ਕਿਵੇਂ ਕਰੀਏ?

**ਪ੍ਰਸ਼ਨ 1. ਸਿਮਰਨ ਦੇ ਅੱਖਰੀ ਅਰਥ ਕੀ ਹਨ?**

**ਉੱਤਰ** : ਸਿਮਰਨ ਦੇ ਅੱਖਰੀ ਅਰਥ ਯਾਦ, ਚੇਤਾ ਤੇ ਚਿੰਤਨ ਹਨ।

**ਪ੍ਰਸ਼ਨ 2. ਵਾਹਿਗੁਰੂ ਦਾ ਸਿਮਰਨ ਕੀ ਹੈ?**

**ਉੱਤਰ** : ਵਾਹਿਗੁਰੂ ਦੇ ਗੁਣਾਂ ਨੂੰ ਮਨ ਵਿਚ ਵਸਾ ਕੇ ਉਹਨਾਂ ਗੁਣਾਂ ਨੂੰ ਵਾਰ-ਵਾਰ ਯਾਦ ਕਰਨਾ।

**ਪ੍ਰਸ਼ਨ 3. ਸਿਮਰਨ ਵਿਚ ਲੱਗੇ ਮਨੁੱਖ ਅੰਦਰ ਕੀ ਅਹਿਸਾਸ ਹੋਣਾ ਜ਼ਰੂਰੀ ਹੈ?**

**ਉੱਤਰ** : ਸਿਮਰਨ ਵਿਚ ਲੱਗੇ ਮਨੁੱਖ ਲਈ ਇਹ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਉਹ ਪ੍ਰਭੂ ਤੋਂ ਵਿਛੜਿਆ ਹੋਇਆ ਹੈ।

**ਪ੍ਰਸ਼ਨ 4. ਗੁਰਮਤਿ ਅਨੁਸਾਰ ਆਤਮਾ ਕੀ ਹੈ?**

**ਉੱਤਰ** : ਗੁਰਮਤਿ ਅਨੁਸਾਰ ਆਤਮਾ ਪਰਮਾਤਮਾ ਦੀ ਛੋਟੀ ਜਿਹੀ ਅੰਸ਼ ਹੈ।

**ਪ੍ਰਸ਼ਨ 5. ਗੁਰਸਿੱਖ ਨੇ ਕਿਸ ਦਾ ਸਿਮਰਨ ਕਰਨਾ ਹੈ?**

ਉੱਤਰ : ਗੁਰਸਿੱਖ ਨੇ ਕੇਵਲ ਇਕ ਅਕਾਲਪੁਰਖ ਦਾ ਹੀ ਸਿਮਰਨ ਕਰਨਾ ਹੈ।

**ਪ੍ਰਸ਼ਨ 6. ਸਿਮਰਨ ਕਰਨ ਲੱਗਿਆਂ ਧਿਆਨ ਕਿਸ ਦਾ ਰੱਖਣਾ ਹੈ?**

ਉੱਤਰ : ਸਿਮਰਨ ਕਰਦੇ ਸਮੇਂ ਸਿਰਫ਼ ਅਕਾਲ ਪੁਰਖ ਦੇ ਗੁਣਾਂ ਦਾ ਹੀ ਧਿਆਨ ਰੱਖਣਾ ਹੈ।

**ਪ੍ਰਸ਼ਨ 7. ਕੀ ਸਿਮਰਨ ਕਰਨ ਸਮੇਂ ਕਿਸੇ ਤਸਵੀਰ, ਬੁੱਤ ਜਾਂ ਆਪਣੇ ਨੱਕ ਦੀ ਪਿਪਲੀ ਉੱਤੇ ਧਿਆਨ ਰੱਖਿਆ ਜਾ ਸਕਦਾ ਹੈ?**

ਉੱਤਰ : ਨਹੀਂ, ਧਿਆਨ ਕੇਵਲ ਵਾਹਿਗੁਰੂ ਦੇ ਗੁਣਾਂ ਦਾ ਹੀ ਰੱਖਣਾ ਹੈ ਤਾਂ ਕਿ ਉਸਦੇ ਗੁਣ ਗਾਂਦਿਆਂ ਉਸ ਵਾਹਿਗੁਰੂ ਨਾਲ ਪਿਆਰ ਬਣ ਜਾਏ।

## (ਅ) ਸਿੱਖ ਰਹਿਤ ਮਰਯਾਦਾ

**ਪ੍ਰਸ਼ਨ 1. ਸਿੱਖ ਦੀ ਸ਼ਖ਼ਸੀ ਰਹਿਣੀ ਦੇ ਕਿਹੜੇ-ਕਿਹੜੇ ਅੰਗ ਹਨ?**

ਉੱਤਰ :
1. ਨਾਮ ਬਾਣੀ ਦਾ ਅਭਿਆਸ
2. ਗੁਰਮਤਿ ਦੀ ਰਹਿਣੀ
3. ਸੇਵਾ

**ਪ੍ਰਸ਼ਨ 2. ਸਿੱਖ ਦੀ ਪੰਥਕ ਰਹਿਣੀ ਦੇ ਕਿਹੜੇ-ਕਿਹੜੇ ਅੰਗ ਹਨ?**

ਉੱਤਰ :
1. ਗੁਰੂ ਪੰਥ
2. ਅੰਮ੍ਰਿਤ ਸੰਸਕਾਰ
3. ਤਨਖਾਹ ਲਾਉਣ ਦੀ ਵਿਧੀ
4. ਗੁਰਮਤਾ ਕਰਨ ਦੀ ਵਿਧੀ
5. ਸਥਾਨਕ ਫ਼ੈਸਲਿਆਂ ਦੀ ਅਪੀਲ।

**ਪ੍ਰਸ਼ਨ 3. ਸਿੱਖ ਰਹਿਤ ਮਰਯਾਦਾ ਅਨੁਸਾਰ "ਸੋ ਦਰੁ ਰਹਰਾਸਿ ਸਾਹਿਬ" ਦਾ ਪਾਠ ਕਿੱਥੋਂ ਤੋਂ ਕਿੱਥੋਂ ਤੱਕ ਕਰਨ ਦੀ ਹਦਾਇਤ ਹੈ?**

ਉੱਤਰ : (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 9 ਸ਼ਬਦ (ਸੋ ਦਰੁ ਤੋਂ ਲੈ ਕੇ ਸਰਣਿ ਪਰੇ ਕੀ ਰਾਖਹੁ ਸਰਮਾ ਤੱਕ)।

(ਅ) ਬੇਨਤੀ ਚੌਪਈ ਪਾਤਸ਼ਾਹੀ ੧੦ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹੁ ਬਚਾਈ ਤੱਕ, ਸਵੈਯਾ "ਪਾਇ ਗਹੇ ਜਬ ਤੇ ਤੁਮਰੇ" ਅਤੇ ਦੋਹਰਾ "ਸਗਲ ਦੁਆਰ ਕਉ ਛਾਡਿ ਕੈ")।

(ੲ) ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ।

(ਸ) ਮੁੰਦਾਵਣੀ ਤੇ ਸਲੋਕ ਮਹਲਾ ੫ "ਤੇਰਾ ਕੀਤਾ ਜਾਤੋ ਨਾਹੀ"।



**ਪ੍ਰਸ਼ਨ 4. ਪੰਥ ਪ੍ਰਵਾਨਤ ਅਰਦਾਸ ਦੀਆਂ ਕਿਹੜੀਆਂ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ?**

ਉੱਤਰ : ਪ੍ਰਿਥਮ ਭਗੌਤੀ ਵਾਲੀ ਪਉੜੀ ਅਤੇ ਨਾਨਕ ਨਾਮ ਚੜ੍ਹਦੀ ਕਲਾ ਵਾਲੀਆਂ ਦੋ ਤੁਕਾਂ ਵਿਚ।

**ਪ੍ਰਸ਼ਨ 5. ਕਿਸ ਪਾਸੇ ਮੂੰਹ ਕਰਕੇ ਅਰਦਾਸ ਕਰਨੀ ਚਾਹੀਦੀ ਹੈ?**

ਉੱਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜ੍ਹੇ ਹੋ ਕੇ ਅਰਦਾਸ ਕੀਤੀ ਜਾਵੇ। ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਵੀ ਮੂੰਹ ਕਰਕੇ ਅਰਦਾਸ ਕਰੋ, ਪ੍ਰਵਾਨ ਹੈ।

**ਪ੍ਰਸ਼ਨ 6. ਅਰਦਾਸ ਵਿਚ ਸੰਗਤ ਕਿਸ ਤਰ੍ਹਾਂ ਸ਼ਾਮਲ ਹੋਵੇ?**

ਉੱਤਰ : ਸੰਗਤ ਵਿਚ ਹਾਜ਼ਰ ਸਾਰੇ ਇਸਤ੍ਰੀ-ਪੁਰਸ਼, ਦੋਨੋਂ ਹੱਥ ਜੋੜ ਕੇ, ਨਿਮਰਤਾ ਸਹਿਤ ਸ਼ਾਮਲ ਹੋਣ।

**ਪ੍ਰਸ਼ਨ 7. ਅਰਦਾਸ ਸਮੇਂ, ਅਰਦਾਸੀਆ ਸਿੰਘ ਤੇ ਸੰਗਤ, ਅਰਦਾਸ ਵਿਚ ਕਿਵੇਂ ਜੁੜੇ?**

ਉੱਤਰ : ਗੁਰੂ ਸਾਹਿਬ ਨੂੰ ਹਾਜ਼ਰ-ਨਾਜ਼ਰ ਜਾਣਦੇ ਹੋਏ, ਅਰਦਾਸ ਵਿਚ ਆਉਂਦੇ ਸ਼ਬਦਾਂ ਵੱਲ ਧਿਆਨ ਧਰਦੇ ਹੋਏ, ਅਰਦਾਸ ਵਿਚ ਜੁੜਨ ਦਾ ਯਤਨ ਕੀਤਾ ਜਾਵੇ।

**ਪ੍ਰਸ਼ਨ 8. ਇਕ ਜਾਂ ਵਧੀਕ ਵਿਅਕਤੀਆਂ ਵਲੋਂ ਕੀਤੀ ਜਾਣ ਵਾਲੀ ਖ਼ਾਸ ਅਰਦਾਸ ਵਿਚ ਕੀ ਬਾਕੀ ਸੰਗਤ ਦਾ ਖੜ੍ਹੇ ਹੋਣਾ ਜ਼ਰੂਰੀ ਹੈ?**

ਉੱਤਰ : ਨਹੀਂ ਜੀ। (ਕੇਵਲ ਉਸ ਵਿਅਕਤੀ ਦਾ ਜਿਸ ਵਲੋਂ ਅਰਦਾਸ ਕੀਤੀ ਜਾ ਰਹੀ ਹੋਵੇ, ਅਰਦਾਸ ਵਿਚ ਖੜ੍ਹੇ ਹੋਣਾ ਜ਼ਰੂਰੀ ਹੈ)।

**ਪ੍ਰਸ਼ਨ 9. ਕੀ ਕਿਸੇ ਗੁਰੂ ਸਾਹਿਬ ਦੀ ਫੋਟੋ ਵੱਲ ਜਾਂ ਨਿਸ਼ਾਨ ਸਾਹਿਬ ਵੱਲ ਵਿਸ਼ੇਸ਼ ਤੌਰ 'ਤੇ ਮੂੰਹ ਕਰਕੇ ਅਰਦਾਸ ਕਰਨੀ ਯੋਗ ਹੈ?**

ਉੱਤਰ : ਨਹੀਂ ਜੀ।

**ਪ੍ਰਸ਼ਨ 10. ਕੀ ਗੁਰਦੁਆਰੇ ਜਾਣ 'ਤੇ ਕਿਸੇ ਉੱਤੇ ਪਾਬੰਦੀ ਲਾਈ ਜਾ ਸਕਦੀ ਹੈ? ਕਿਹੜੀ ਚੀਜ਼ ਉੱਤੇ ਗੁਰਦੁਆਰੇ ਲਿਜਾਣ ਲਈ ਪਾਬੰਦੀ ਹੈ?**

ਉੱਤਰ : (ੳ) ਗੁਰਦੁਆਰੇ ਵਿਚ ਕਿਸੇ ਵੀ ਦੇਸ਼, ਮਜ਼੍ਹਬ ਜਾਂ ਜਾਤ ਦਾ ਵਿਅਕਤੀ ਸਿਰ ਢੱਕ ਕੇ, ਸਾਫ ਸੁਥਰਾ ਹੋ ਕੇ ਜਾ ਸਕਦਾ ਹੈ, ਕੋਈ ਪਾਬੰਦੀ ਨਹੀਂ।

(ਅ) ਸਿੱਖ ਧਰਮ ਤੋਂ ਵਿਵਰਜਤ ਤੰਮਾਕੂ, ਹੋਰ ਨਸ਼ੇ ਦੀਆਂ ਚੀਜ਼ਾਂ ਲਿਜਾਣ ਜਾਂ ਨਸ਼ਾ ਕਰਕੇ ਜਾਣ 'ਤੇ ਪਾਬੰਦੀ ਹੈ।

**ਪ੍ਰਸ਼ਨ 11. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਤੱਕ ਰੱਖਣਾ ਚਾਹੀਦਾ ਹੈ?**

**ਉੱਤਰ** : ਜਦੋਂ ਤੱਕ ਸੰਗਤਾਂ ਦੀ ਆਵਾਜਾਈ ਰਹੇ। ਉਪਰੰਤ ਸੁਖ-ਆਸਣ ਕਰ ਦੇਣਾ ਚਾਹੀਦਾ ਹੈ। ਰਾਤ ਨੂੰ ਸੋਦਰ ਦੇ ਪਾਠ ਜਾਂ ਦੀਵਾਨ ਦੀ ਸਮਾਪਤੀ ਉਪਰੰਤ ਸੋਹਿਲਾ ਸਾਹਿਬ ਦਾ ਪਾਠ ਕਰਦੇ ਹੋਏ ਸੁਖ-ਆਸਣ ਕਰਨਾ ਚਾਹੀਦਾ ਹੈ।

**ਪ੍ਰਸ਼ਨ 12. ਸਿੱਖ ਨੇ ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕਿਸ ਨੂੰ ਮੰਨਣਾ ਹੈ?**

**ਉੱਤਰ** : ਹਰ ਸਿੱਖ ਨੇ ਆਪਣਾ ਇਸ਼ਟ ਅਤੇ ਮੁਕਤੀ ਦਾ ਦਾਤਾ ਕੇਵਲ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਅਤੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਣਾ ਹੈ।

**ਪ੍ਰਸ਼ਨ 13. ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਗੁਰਦੁਆਰੇ ਵਿਚ, ਸੰਗਤ ਲਈ, ਨਿਤਾਪ੍ਰਤੀ ਪ੍ਰੋਗਰਾਮ ਦੀ ਤਰਤੀਬ ਲਿਖੋ?**

**ਉੱਤਰ** : (1) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ (2) ਕੀਰਤਨ (3) ਕਥਾ (4) ਲੈਕਚਰ/ਵਖਿਆਨ (5) ਅਨੰਦ ਸਾਹਿਬ (ਪਹਿਲੀਆਂ ਪੰਜ ਤੇ ਇਕ ਅੰਤਲੀ ਪਉੜੀ) (6) ਅਰਦਾਸ (7) ਫ਼ਤਹਿ (8) ਜੈਕਾਰਾ (9) ਹੁਕਮਨਾਮਾ।

**ਪ੍ਰਸ਼ਨ 14. "ਸਤਿਗੁਰੂ ਦੇ ਦਰਸ਼ਨ ਕਰਨਾ" ਕਿਸ ਨੂੰ ਆਖਦੇ ਹਨ?**

**ਉੱਤਰ** : (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਤਿਕਾਰ ਨਾਲ ਮੱਥਾ ਟੇਕਣਾ।
(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਅਦਬ ਨਾਲ ਵਾਕ ਲੈਣਾ ਜਾਂ ਸੁਣਨਾ, ਸਤਿਗੁਰੂ ਦੇ ਦਰਸ਼ਨ ਕਰਨੇ ਹਨ।

**ਪ੍ਰਸ਼ਨ 15. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ (ਵਾਕ) ਲੈਣ ਦੀ ਕੀ ਮਰਯਾਦਾ ਹੈ?**

**ਉੱਤਰ** : "ਹੁਕਮ" ਲੈਣ ਲੱਗਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੱਬੇ ਪੰਨੇ ਦੇ ਉਤਲੇ ਪਾਸਿਉਂ ਜੋ ਪਹਿਲਾ ਸ਼ਬਦ ਜਾਰੀ ਹੈ, ਮੁੱਢ ਤੋਂ ਪੜ੍ਹਨਾ ਹੈ। ਜੇਕਰ ਉਸ ਸ਼ਬਦ ਦਾ ਅਰੰਭ ਪਿਛਲੇ ਪੰਨੇ ਤੋਂ ਹੁੰਦਾ ਹੋਵੇ ਤਾਂ ਪੱਤਰਾ ਪਰਤਾ ਕੇ ਪੜ੍ਹਨਾ ਸ਼ੁਰੂ ਕਰੋ, ਸ਼ਬਦ ਸਾਰਾ ਪੜ੍ਹੋ। ਜੇ 'ਵਾਰ' ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿੱਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।



**ਪ੍ਰਸ਼ਨ 16. ਜੇਕਰ ਵਾਕ 'ਭਗਤ ਬਾਣੀ' ਵਿਚੋਂ ਆ ਜਾਵੇ ਤਾਂ ਸਮਾਪਤੀ ਕਿੱਥੇ ਕਰਨੀ ਯੋਗ ਹੈ?**

**ਉੱਤਰ** : ਸ਼ਬਦ ਦੇ ਅੰਤ ਵਿਚ ਜਿੱਥੇ ਭਗਤ ਜੀ ਦਾ ਨਾਮ ਆ ਜਾਵੇ, ਉੱਥੇ ਵਾਕ ਦੀ ਸਮਾਪਤੀ ਕਰਨਾ ਯੋਗ ਹੈ।

**ਪ੍ਰਸ਼ਨ 17. ਕੀ ਹਰ ਇਕ ਸਿੱਖ ਲਈ ਰੋਜ਼ਾਨਾ ਹੁਕਮ ਲੈਣਾ ਜ਼ਰੂਰੀ ਹੈ? ਜੇ ਕਰ ਸਫ਼ਰ ਜਾਂ ਕਿਸੇ ਔਕੜ ਵਿਚ ਹੋਵੇ ਤਾਂ ਕੀ ਕਰੇ?**

**ਉੱਤਰ** : ਹਰ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਜ਼ਰੂਰ ਲਵੇ। ਜੇ ਸਵੇਰੇ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਸਮੇਂ ਲਵੇ। ਜੇਕਰ ਸਫ਼ਰ ਜਾਂ ਕਿਸੇ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰੱਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।

**ਪ੍ਰਸ਼ਨ 18. ਤਖ਼ਤਾਂ ਦੇ ਖ਼ਾਸ ਅਸਥਾਨ ਉੱਤੇ ਕੌਣ-ਕੌਣ ਚੜ੍ਹ ਸਕਦਾ ਹੈ?**

**ਉੱਤਰ** : ਤਖ਼ਤਾਂ ਦੇ ਖ਼ਾਸ ਅਸਥਾਨ ਉੱਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘ ਜਾਂ ਸਿੰਘਣੀਆਂ ਹੀ ਚੜ੍ਹ ਸਕਦੇ ਹਨ।

**ਪ੍ਰਸ਼ਨ 19. ਤਖ਼ਤਾਂ ਉੱਤੇ ਕਿਸ ਦੀ ਅਰਦਾਸ ਹੋ ਸਕਦੀ ਹੈ?**

**ਉੱਤਰ** : ਹਰ ਇਕ ਪ੍ਰਾਣੀ ਮਾਤਰ ਸਿੱਖ, ਗ਼ੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ।

**ਪ੍ਰਸ਼ਨ 20. ਤਖ਼ਤਾਂ ਉੱਤੇ ਕਿਸ-ਕਿਸ ਦੀ ਅਰਦਾਸ ਨਹੀਂ ਹੋ ਸਕਦੀ?**

**ਉੱਤਰ** : ਤਖ਼ਤਾਂ ਉੱਤੇ ਪਤਿਤ ਅਤੇ ਤਨਖਾਹੀਏ ਸਿੱਖ ਦੀ ਅਰਦਾਸ ਨਹੀਂ ਹੋ ਸਕਦੀ।

**ਪ੍ਰਸ਼ਨ 21. ਸਮੁੱਚੇ ਸਿੱਖ ਪੰਥ ਲਈ ਹੁਕਮਨਾਮਾ ਕਿਸ ਤਖ਼ਤ ਤੋਂ ਜਾਰੀ ਹੋ ਸਕਦਾ ਹੈ?**

**ਉੱਤਰ** : ਸ੍ਰੀ ਅਕਾਲ ਤਖ਼ਤ ਸਾਹਿਬ ਤੋਂ।

**ਪ੍ਰਸ਼ਨ 22. ਗ਼ੈਰ-ਸਿੱਖ ਨੂੰ ਸੰਗਤ ਵਿਚ ਕੀਰਤਨ ਕਰਨ ਦੀ ਆਗਿਆ ਕਿਉਂ ਨਹੀਂ?**

**ਉੱਤਰ** : ਜੋ ਆਪ ਹੀ ਸਿੱਖ ਨਹੀਂ, ਉਹ ਸੰਗਤ ਉੱਤੇ ਸਿੱਖੀ ਦਾ ਪ੍ਰਭਾਵ ਨਹੀਂ ਪਾ ਸਕਦਾ। ਇਸ ਲਈ ਉਸ ਨੂੰ ਸਿੱਖੀ ਪ੍ਰਚਾਰ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ।

**ਪ੍ਰਸ਼ਨ 23. ਸੰਗਤ ਵਿਚ ਕੀਰਤਨ ਕਿਹੜੀ ਬਾਣੀ ਜਾਂ ਰਚਨਾ ਦਾ ਹੋ ਸਕਦਾ ਹੈ?**

**ਉੱਤਰ** : ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਸਿੰਘ ਜੀ ਦੀ ਬਾਣੀ ਦਾ ਹੀ ਹੋ ਸਕਦਾ ਹੈ।

**ਪ੍ਰਸ਼ਨ 24. ਕੀਰਤਨ ਕਰਨ ਸਮੇਂ ਸ਼ਬਦ ਦੀਆਂ ਕਿਹੜੀਆਂ ਤੁਕਾਂ ਨੂੰ ਆਧਾਰ ਬਣਾਇਆ ਜਾਵੇ?**

**ਉੱਤਰ :** ਸ਼ਬਦ ਦੀਆਂ ਰਹਾਉ ਵਾਲੀਆਂ ਤੁਕਾਂ ਨੂੰ ਆਧਾਰ ਬਣਾ ਕੇ ਕੀਰਤਨ ਕੀਤਾ ਜਾਵੇ ਕਿਉਂਕਿ ਰਹਾਉ ਦੇ ਬੰਦ ਵਿਚ ਸ਼ਬਦ ਦਾ ਕੇਂਦਰੀ ਭਾਵ ਹੁੰਦਾ ਹੈ।

**ਪ੍ਰਸ਼ਨ 25. ਕੀਰਤਨ ਕਰਦੇ ਸਮੇਂ ਰਹਾਉ ਦੀ ਤੁਕ ਨੂੰ ਅਸਥਾਈ ਬਣਾਉਣਾ ਕਿਉਂ ਜ਼ਰੂਰੀ ਹੈ?**

**ਉੱਤਰ :** ਸ਼ਬਦ ਦੀ ਰਹਾਉ ਦੀ ਤੁਕ (ਪੰਗਤੀ) ਵਿਚ ਸਾਰੇ ਸ਼ਬਦ ਦਾ ਕੇਂਦਰੀ ਭਾਵ ਹੁੰਦਾ ਹੈ। ਜੇਕਰ ਰਹਾਉ ਦੀ ਤੁਕ ਨੂੰ ਅਸਥਾਈ ਬਣਾ ਕੇ ਸ਼ਬਦ ਕੀਰਤਨ ਕੀਤਾ ਜਾਵੇ ਤਾਂ ਸ਼ਬਦ ਦਾ ਤੱਤ-ਸਾਰ ਸੰਗਤ ਦੇ ਹਿਰਦੇ ਵਿਚ ਜਲਦੀ ਵੱਸ ਸਕਦਾ ਹੈ।

**ਪ੍ਰਸ਼ਨ 26. ਸੰਗਤ ਵਿਚ ਪਾਠ ਦੇ ਨਾਲ-ਨਾਲ ਕੀਰਤਨ ਜਾਂ ਕਥਾ ਕਿਉਂ ਨਹੀਂ ਕੀਤੀ ਜਾ ਸਕਦੀ?**

**ਉੱਤਰ :** ਜੇਕਰ ਪਾਠ ਦੇ ਨਾਲ ਕੀਰਤਨ ਹੋਵੇਗਾ ਤਾਂ ਪਾਠ ਕਰਨ ਵਾਲੇ ਦਾ ਧਿਆਨ ਵੀ ਕੀਰਤਨ ਵੱਲ ਜਾਵੇਗਾ ਅਤੇ ਸੰਗਤ ਨੂੰ ਪਾਠ ਦਾ ਕੋਈ ਲਾਭ ਨਹੀਂ ਹੋ ਸਕਦਾ। ਜੇਕਰ ਪਾਠੀ, ਪਾਠ ਉੱਚੀ ਕਰੇਗਾ ਤਾਂ ਕੀਰਤਨ ਦੀ ਸਮਝ ਸੰਗਤ ਨੂੰ ਨਹੀਂ ਆਵੇਗੀ। ਇਸ ਲਈ ਇਕ ਸਮੇਂ ਪਾਠ, ਕੀਰਤਨ ਜਾਂ ਕਥਾ (ਵਖਿਆਨ) ਕੋਈ ਇਕ ਹੀ ਕਰਨ ਦੀ ਮਰਯਾਦਾ ਹੈ।

**ਪ੍ਰਸ਼ਨ 27. ਦੀਵਾਨ ਦੀ ਸਮਾਪਤੀ 'ਤੇ ਜੋ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕੀਤਾ ਜਾਂਦਾ ਹੈ, ਉਸ ਦਾ ਕੀ ਭਾਵ ਹੈ?**

**ਉੱਤਰ :** ਅਨੰਦ ਸਾਹਿਬ ਪੜ੍ਹਨ ਦਾ ਭਾਵ ਗੁਰੂ ਸਾਹਿਬ ਦੇ ਮਿਲਾਪ ਲਈ ਖ਼ੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ।

**ਪ੍ਰਸ਼ਨ 28. ਕੀ ਸੰਗਤ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਵਖਿਆਨ ਹੋ ਸਕਦਾ ਹੈ?**

**ਉੱਤਰ :** ਸੰਗਤ ਵਿਚ/ਗੁਰਦੁਆਰੇ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਵੀ ਵਖਿਆਨ ਨਹੀਂ ਹੋ ਸਕਦਾ।

**ਪ੍ਰਸ਼ਨ 29. ਕੀ ਸੰਗਤ ਵਿਚ ਕਿਸੇ ਦੀ ਬੇਲੋੜੀ ਉਸਤਤ ਜਾਂ ਨਿੰਦਾ ਕਰਨਾ ਯੋਗ ਹੈ?**

**ਉੱਤਰ :** ਸੰਗਤ ਵਿਚ ਕੇਵਲ ਗੁਰੂ ਦੀ ਬਾਣੀ, ਇਤਿਹਾਸ, ਗੁਰ-ਮਰਯਾਦਾ ਦੀ ਵਿਚਾਰ ਕਰਨਾ ਹੀ ਯੋਗ ਹੈ। ਕਿਸੇ ਵਿਅਕਤੀ ਦੀ ਬੇਲੋੜੀ



ਉਸਤਤ ਕਰਨਾ ਜਾਂ ਕਿਸੇ ਦੀ ਨਿੰਦਾ ਕਰਨਾ ਗੁਰਮਤਿ ਦੇ ਵਿਰੁੱਧ ਹੈ।

**ਪ੍ਰਸ਼ਨ 30. ਗੁਰਦੁਆਰੇ ਵਿਚ ਕਿਹੜੇ-ਕਿਹੜੇ ਕਰਮ ਕਰਨਾ ਮਨਮਤਿ ਹੈ?**

**ਉੱਤਰ :** (1) ਗੁਰਦੁਆਰੇ ਵਿਚ ਮੂਰਤੀਆਂ, ਬੁੱਤ ਜਾਂ ਫੋਟੋ ਰੱਖਣੀਆਂ।

(2) ਮੂਰਤੀ ਪੂਜਾ ਕਰਨਾ, ਤਸਵੀਰਾਂ (ਫੋਟੋ) ਅੱਗੇ ਮੱਥਾ ਟੇਕਣਾ ਜਾਂ ਉਹਨਾਂ ਉੱਤੇ ਚੌਰ ਕਰਨਾ।

(3) ਜੋਤਾਂ ਜਗਾਉਣੀਆਂ।

(4) ਭੋਗ ਲਾਉਣੇ।

(5) ਟੱਲ ਖੜਕਾਉਣੇ।

(6) ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ।

(7) ਕੰਧਾਂ ਜਾਂ ਥੜ੍ਹਿਆਂ 'ਤੇ ਨੱਕ ਰਗੜਨਾ।

(8) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁਲ) ਕਿਸੇ ਹੋਰ ਪੁਸਤਕ ਨੂੰ ਅਸਥਾਪਨ ਕਰਨਾ।

(9) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ (ਪੀੜ੍ਹੇ) ਦੇ ਪਾਵਿਆਂ ਨੂੰ ਮੁੱਠੀਆਂ ਭਰਨਾ।

(10) ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲਾ ਚੁੱਕ ਕੇ ਦਰਸ਼ਨ ਕਰਨਾ ਜਾਂ ਦਰਸ਼ਨ ਕਰਾਉਣਾ।

(11) ਮੰਜੀ ਸਾਹਿਬ (ਪੀੜ੍ਹੇ) ਹੇਠਾਂ ਪਾਣੀ ਰੱਖਣਾ।

(12) ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਗਦੇਲਾ, ਆਸਣ, ਚੌਂਕੀ, ਕੁਰਸੀ ਜਾਂ ਮੰਜਾ ਡਾਹ ਕੇ ਬੈਠਣਾ ਜਾਂ ਕਿਸੇ ਵਿਸ਼ੇਸ਼ ਵਿਤਕਰੇ ਨਾਲ ਬੈਠਣਾ।

(13) ਸੰਗਤ ਜਾਂ ਲੰਗਰ ਵਿਚ ਬੈਠਣ ਸਮੇਂ ਕਿਸੇ ਨਾਲ ਊਚ-ਨੀਚ ਜਾਂ ਜਾਤ-ਪਾਤ ਦਾ ਵਿਤਕਰਾ ਕਰਨਾ।

(14) ਕੜਾਹ ਪ੍ਰਸ਼ਾਦ ਜਾਂ ਲੰਗਰ ਵਰਤਾਉਣ ਸਮੇਂ ਕਿਸੇ ਨਾਲ ਜਾਤ-ਪਾਤ ਦਾ ਵਿਤਕਰਾ ਕਰਨਾ।

(15) ਸੰਗਤ ਵਿਚ ਸਹਿਜ ਪਾਠ ਜਾਂ ਅਖੰਡ ਪਾਠ ਦੇ ਨਾਲ ਇਕੋ ਸਮੇਂ ਕੀਰਤਨ, ਕਥਾ ਜਾਂ ਵਖਿਆਨ ਕਰਨਾ।

(16) ਸਹਿਜ ਪਾਠ ਜਾਂ ਅਖੰਡ ਪਾਠ ਵੇਲੇ ਕੁੰਭ, ਜੋਤ, ਨਲੀਏਰ ਰੱਖਣਾ।

(17) ਅਖੰਡ ਪਾਠ ਦੇ ਨਾਲ-ਨਾਲ ਜਾਂ ਵਿਚ-ਵਿਚ ਕਿਸੇ ਹੋਰ ਬਾਣੀ ਦਾ ਜਾਂ ਕਿਸੇ ਵਿਸ਼ੇਸ਼ ਸ਼ਬਦ ਦਾ ਪਾਠ ਕਰਨਾ।

(18) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਲਗੀ ਲਗਾ ਕੇ ਜਾਂ ਸਿਹਰੇ (ਮੁਕਟ) ਬੰਨ੍ਹ ਕੇ ਜਾਣਾ।

(19) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵਿਅਕਤੀ ਦੇ ਗਲ ਵਿਚ ਹਾਰ ਪਾਉਣੇ, ਉਪਰੋਂ ਫੁੱਲ ਸੁੱਟਣੇ ਜਾਂ ਪੈਸੇ ਵਾਰਨੇ ਕਰਨਾ।

(20) ਕਿਸੇ ਬੀਬੀ ਵਲੋਂ ਘੁੰਡ ਕੱਢ ਕੇ ਗੁਰਦੁਆਰੇ ਜਾਣਾ।

(21) ਗੁਰਦੁਆਰੇ ਨੰਗੇ ਸਿਰ ਜਾਂ ਠਾਠਾ ਬੰਨ੍ਹ ਕੇ ਜਾਣਾ।

(22) ਜੋੜਾ (ਜੁੱਤੀ) ਪਹਿਨ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਜਾਣਾ।

(23) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੱਚੀ ਬਾਣੀ ਪੜ੍ਹਨੀ ਜਾਂ ਪੜ੍ਹਾਉਣੀ।

(24) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵਿਅਕਤੀ ਦੀ ਫੋਕੀ ਵਡਿਆਈ (ਖ਼ੁਸ਼ਾਮਦ) ਕਰਨੀ ਜਾਂ ਨਿੰਦਾ ਕਰਨੀ।

(25) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਦੇ ਗੋਡੇ ਹੱਥ ਲਾਉਣਾ ਜਾਂ ਮੱਥਾ ਟੇਕਣਾ।

(26) ਗੁਰਦੁਆਰੇ ਵਿਚ ਗੁਰਮਤਿ ਵਿਰੁੱਧ ਕੋਈ ਰੀਤੀ ਕਰਨੀ।

(27) ਗੁਰਮਤਿ ਵਿਰੁੱਧ ਕੋਈ ਅਨਮਤ ਦਾ ਤਿਉਹਾਰ ਮਨਾਉਣਾ।

(28) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਜੇ ਦੀਵਾਨ ਵਿਚ ਕਿਸੇ ਆਗੂ ਦੇ ਪੁੱਜਣ ਸਮੇਂ ਉਸ ਦੇ ਸਤਿਕਾਰ ਲਈ ਵਿਸ਼ੇਸ਼ ਤੌਰ 'ਤੇ ਜੈਕਾਰੇ ਛੱਡਣਾ।

(29) ਕਿਸੇ ਪਤਿਤ ਜਾਂ ਤਨਖਾਹੀਏ ਨੂੰ ਸੰਗਤ ਵਿਚ ਮਾਣ-ਸਤਿਕਾਰ ਜਾਂ ਸਿਰੋਪਾਉ ਦੇਣਾ।

(30) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਦੁਨਿਆਵੀ ਗੱਲਾਂ ਬਾਤਾਂ ਕਰਨਾ।

(31) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲੜਾਈ ਝਗੜਾ ਜਾਂ ਗਾਲੀ ਗਲੋਚ ਕਰਨਾ।

(32) ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸ਼ਰਾਬ ਜਾਂ ਕੋਈ ਹੋਰ ਨਸ਼ਾ ਕਰਕੇ ਜਾਣਾ।

**ਪ੍ਰਸ਼ਨ 31. 'ਸਹਿਜ ਪਾਠ' ਕਿਸ ਨੂੰ ਕਹਿੰਦੇ ਹਨ? ਇਹ ਕਿਤਨੇ ਸਮੇਂ ਵਿਚ ਕੀਤਾ ਜਾਣਾ ਚਾਹੀਦਾ ਹੈ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਹਿਜੇ ਸਹਿਜੇ ਕਰਨ ਤੋਂ ਭਾਵ 'ਸਹਿਜ ਪਾਠ' ਹੈ। ਹਰ ਸਿੱਖ ਆਪਣਾ ਸਹਿਜ ਪਾਠ ਰੱਖੇ ਤੇ ਮਹੀਨੇ ਦੋ ਮਹੀਨੇ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾ ਲਵੇ।



**ਪ੍ਰਸ਼ਨ 32. 'ਅਖੰਡ ਪਾਠ' ਕਿਸ ਨੂੰ ਕਹਿੰਦੇ ਹਨ? ਇਹ ਕਿਤਨੇ ਸਮੇਂ ਵਿਚ ਕੀਤਾ ਜਾਣਾ ਚਾਹੀਦਾ ਹੈ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਜੋ ਕਿ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਵੇ, 'ਅਖੰਡ ਪਾਠ' ਕਹਾਉਂਦਾ ਹੈ। ਅਖੰਡ ਪਾਠ ਤਕਰੀਬਨ 48 ਘੰਟਿਆਂ ਵਿਚ ਸੰਪੂਰਨ ਕੀਤਾ ਜਾਂਦਾ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਦਾ ਹੈ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।

**ਪ੍ਰਸ਼ਨ 33. ਹਰ ਇਕ ਸਿੱਖ ਬੱਚੇ-ਬੱਚੀ ਲਈ ਗੁਰਮੁਖੀ ਦਾ ਸਿੱਖਣਾ ਕਿਉਂ ਜ਼ਰੂਰੀ ਹੈ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਗੁਰਮੁਖੀ' ਵਿਚ ਹੈ। ਜੇਕਰ ਸਿੱਖ ਬੱਚਾ-ਬੱਚੀ ਗੁਰਮੁਖੀ ਨਹੀਂ ਜਾਣਦਾ ਹੋਵੇਗਾ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਿਵੇਂ ਕਰ ਸਕੇਗਾ?

**ਪ੍ਰਸ਼ਨ 34. 'ਸਹਿਜ ਪਾਠ' ਜਾਂ 'ਅਖੰਡ ਪਾਠ' ਅਰੰਭ ਕਿਵੇਂ ਕੀਤਾ ਜਾਵੇ?**

**ਉੱਤਰ** : ਸਹਿਜ ਪਾਠ ਜਾਂ ਅਖੰਡ ਪਾਠ ਅਰੰਭ ਕਰਨ ਵੇਲੇ ਕੜਾਹ ਪ੍ਰਸ਼ਾਦਿ ਹੋਵੇ, ਫੇਰ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ, ਫਿਰ ਹੁਕਮਨਾਮਾ ਲਿਆ ਜਾਵੇ। ਫਿਰ ਪਾਠ ਅਰੰਭ ਕੀਤਾ ਜਾਵੇ।

**ਪ੍ਰਸ਼ਨ 35. ਸਹਿਜ ਜਾਂ ਅਖੰਡ ਪਾਠ ਦਾ ਭੋਗ ਜਾਂ ਸਮਾਪਤੀ ਕਿਵੇਂ ਕੀਤੀ ਜਾਣੀ ਚਾਹੀਦੀ ਹੈ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਜਾਂ ਅਖੰਡ ਪਾਠ ਦਾ ਭੋਗ (ਸਮਾਪਤੀ) ਮੁੰਦਾਵਣੀ ਉੱਤੇ ਜਾਂ ਰਾਗ ਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਉਪਰੰਤ ਅਨੰਦੁ ਸਾਹਿਬ ਦਾ ਪਾਠ (ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ) ਕਰਕੇ ਅਰਦਾਸ ਕੀਤੀ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

**ਪ੍ਰਸ਼ਨ 36. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਵੇਲੇ ਕੀ-ਕੀ ਸੇਵਾ ਕੀਤੀ ਜਾਣੀ ਯੋਗ ਹੈ?**

**ਉੱਤਰ** : ਸਹਿਜ ਪਾਠ ਜਾਂ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੋੜ ਅਨੁਸਾਰ ਰੁਮਾਲੇ (ਦੋਹਰਾ, ਪਲਕਾਂ ਸਮੇਤ) ਚੌਰ, ਚਾਨਣੀ ਆਦਿ ਲਈ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤਿ ਮਾਇਆ ਅਰਦਾਸ ਕਰਾਈ ਜਾਵੇ।

**ਪ੍ਰਸ਼ਨ 37. ਕੀ ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਤੋਂ ਕਿਸੇ ਬੱਚੇ ਨੂੰ ਚੋਲਾ ਬਣਾ ਕੇ ਪਹਿਨਾਉਣਾ ਯੋਗ ਹੈ?**

**ਉੱਤਰ :** ਰੁਮਾਲੇ ਤੋਂ ਕਿਸੇ ਬੱਚੇ ਨੂੰ ਚੋਲਾ ਬਣਾ ਕੇ ਪਹਿਨਾਉਣਾ ਮਨਮਤ ਹੈ।

**ਪ੍ਰਸ਼ਨ 38. "ਧਰੇ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿੱਖ, ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੈ ਭਿਖ..." ਦੇ ਅਰਥ ਲਿਖੋ।**

**ਉੱਤਰ :** ਜਿਸ ਨੇ ਕੇਸ ਤਾਂ ਰੱਖੇ ਹਨ ਪਰ ਅੰਮ੍ਰਿਤ ਨਹੀਂ ਛਕਿਆ ਉਹ ਬਹੁਰੂਪੀਆ ਹੈ, ਉਹ ਸਿੱਖ ਨਹੀਂ, ਉਹ ਤਾਂ ਸਿਰਫ਼ ਸਿੱਖ ਹੋਣ ਦਾ ਨਾਟਕ ਹੀ ਕਰ ਰਿਹਾ ਹੈ ਤੇ ਝੂਠ ਬੋਲਦਾ ਹੈ ਕਿ ਮੈਂ ਸਿੱਖ ਹਾਂ। ਗੁਰੂ ਜੀ ਕਹਿੰਦੇ ਹਨ, ਮੈਂ ਐਸੇ ਝੂਠੇ ਬੰਦੇ ਨੂੰ ਦਰਸ਼ਨ ਨਹੀਂ ਦਿੰਦਾ।

**ਪ੍ਰਸ਼ਨ 39. ਅੰਮ੍ਰਿਤ ਛਕਣ ਸਮੇਂ ਸਭ ਸਿੱਖਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਕਿਉਂ ਛਕਾਇਆ ਜਾਂਦਾ ਹੈ?**

**ਉੱਤਰ :** ਤਾਂ ਜੋ ਸਿੱਖਾਂ ਵਿਚੋਂ ਉਚ-ਨੀਚ ਤੇ ਜਾਤ-ਪਾਤ ਦਾ ਭੇਦਭਾਵ ਖ਼ਤਮ ਹੋ ਜਾਵੇ।

**ਪ੍ਰਸ਼ਨ 40. ਕੀ ਕੰਘੇ ਨਾਲ ਲੱਗੀ ਛੋਟੀ ਕ੍ਰਿਪਾਨ 'ਕਕਾਰ' ਅਖਵਾ ਸਕਦੀ ਹੈ?**

**ਉੱਤਰ :** ਨਹੀਂ ਜੀ।

**ਪ੍ਰਸ਼ਨ 41. ਚਾਰ ਕੁਰਹਿਤਾਂ ਕਿਹੜੀਆਂ ਹਨ?**

**ਉੱਤਰ :**
1. ਕੇਸਾਂ ਦੀ ਬੇਅਦਬੀ ਕਰਨੀ (ਕੇਸ ਕੱਟਣੇ, ਰੋਮਾਂ ਦੀ ਬੇਅਦਬੀ ਕਰਨੀ)।
2. ਤਮਾਕੂ ਵਰਤਣਾ।
3. ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਇਆ (ਕੁੱਠਾ, ਹਲਾਲ) ਮਾਸ ਖਾਣਾ।
4. ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਸੰਗ ਕਰਨਾ।

**ਪ੍ਰਸ਼ਨ 42. ਜੇ ਚਾਰ ਕੁਰਹਿਤਾਂ ਵਿਚੋਂ ਕੋਈ ਇਕ ਵੀ ਕਰ ਲਏ ਤਾਂ ਉਹ ਕੀ ਹੋ ਜਾਂਦਾ ਹੈ?**

**ਉੱਤਰ :** ਪਤਿਤ ਜਾਂ ਕੁਰਹਿਤੀਆ।

**ਪ੍ਰਸ਼ਨ 43. ਪਤਿਤ ਹੋਏ ਸਿੱਖ ਨੂੰ ਦੁਬਾਰਾ ਸਿੱਖੀ ਵਿਚ ਸ਼ਾਮਲ ਹੋਣ ਵਾਸਤੇ ਕੀ ਕਰਨਾ ਪੈਂਦਾ ਹੈ?**

**ਉੱਤਰ :** ਸਿੱਖੀ ਵਿਚ ਦੁਬਾਰਾ ਪ੍ਰਵੇਸ਼ ਕਰਨ ਲਈ ਪੰਜ ਪਿਆਰਿਆਂ ਪਾਸ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੇਸ਼ ਹੋਣਾ ਪੈਂਦਾ ਹੈ, ਭੁੱਲ ਬਖਸ਼ਾ ਕੇ ਸਜ਼ਾ ਲਵਾਉਣੀ ਪੈਂਦੀ ਹੈ ਤੇ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ।



**ਪ੍ਰਸ਼ਨ 44. ਹੇਠ ਲਿਖੀਆਂ ਖ਼ਾਲੀ ਥਾਵਾਂ ਭਰੋ। (ਉੱਤਰ ਅਖੀਰ 'ਤੇ ਵੇਖੋ ਜੀ)**

1. ..............ਨੇ ਕਦੀ ਵੀ, ਕਿਸੇ ਕਿਸਮ ਦਾ ਨਸ਼ਾ (ਸ਼ਰਾਬ, ਭੰਗ, ਅਫ਼ੀਮ, ਚਰਸ, ਤੰਬਾਕੂ, ਸਿਗਰਟ, ਸਮੈਕ) ਆਦਿ ਨਹੀਂ ਵਰਤਣਾ।
2. ਸਿਖ ਲੜਕੀਆਂ ਲਈ ਨੱਕ, ਕੰਨ..............ਤੇ ਨੱਕ ਕੰਨ ਵਿਚ..............ਪਾਉਣੇ ਸਿੱਖ ਰਹਿਤ ਮਰਯਾਦਾ ਅਨੁਸਾਰ ਮਨ੍ਹਾਂ ਹੈ।
3. ਸਿੱਖ ਇਸਤਰੀਆਂ ਲਈ..............ਕੱਢਣਾ ਸਿੱਖ ਧਰਮ ਵਿਚ ਮਨ੍ਹਾਂ ਹੈ।
4. ਸਿੱਖ ਇਸਤਰੀਆਂ ਜਾਂ ਮਰਦਾਂ ਲਈ..............ਸਿਰ ਬਾਜ਼ਾਰ ਵਿਚ ਘੁੰਮਣਾ ਅਤੇ..............ਸਿਰ ਰਹਿਣਾ ਮਨ੍ਹਾਂ ਹੈ। ਕੇਸਾਂ ਦੇ ਸਤਿਕਾਰ ਲਈ ਹਰ ਸਮੇਂ ਕੇਸਾਂ ਨੂੰ.............. ਜਾਂ..............ਨਾਲ ਢੱਕ ਕੇ ਰੱਖਣਾ ਹੈ।
5. ਸਿੱਖ ਇਸਤਰੀਆਂ ਨੇ ਕਿਸੇ ਕਿਸਮ ਦਾ ਕੋਈ..............ਨਹੀਂ ਰੱਖਣਾ। ਕਰਵਾ ਚੌਥ, ਪੂਰਨਮਾਸ਼ੀ, ਮੱਸਿਆ ਆਦਿ ਦੇ ਵਰਤ ਰੱਖਣਾ ਨਿਰੋਲ..............ਹੈ।
6. ਸਿੱਖ ਵਾਸਤੇ ਸਾਰੇ ਦਿਨ ਹੀ..............ਹਨ। ਮਾੜੇ ਚੰਗੇ..............ਦੀ ਵਿਚਾਰ ਨਹੀਂ ਕਰਨੀ। ਸੰਗਰਾਂਦ, ਮੱਸਿਆ, ਪੂਰਨਮਾਸ਼ੀ ਆਦਿ ਦਿਨ ਕੋਈ ਖਾਸ............. ਨਹੀਂ, ਸਗੋਂ ਬਾਕੀ ਦੇ ਦਿਨਾਂ ਵਾਂਗ ਹੀ ਹਨ।
7. ਗੁਰਸਿੱਖ ਨੇ ਕਦੀ ਵੀ ਕਿਸੇ ਪੰਡਿਤ ਜਾਂ ਜੋਤਸ਼ੀ ਉੱਪਰ..............ਨਹੀਂ ਰੱਖਣਾ ਅਤੇ ਨਾ ਹੀ ..............ਫਲ ਦੇ ਚੱਕਰ ਵਿਚ ਪੈਣਾ ਹੈ। ਜਨਮ ਸਮੇਂ..............ਨਹੀਂ ਬਣਵਾਉਣੀ ਤੇ ਵਿਆਹ ਸਮੇਂ..............ਨਹੀਂ ਕਢਵਾਉਣਾ।
8. ਸਿੱਖ ਨੇ ਕਿਸੇ ਮੂਰਤੀ ਦੀ..............ਨਹੀਂ ਕਰਨੀ, ਫੋਟੋ ਜਾਂ ਮੂਰਤੀ ਨੂੰ ਹਾਰ ਪਾਉਣੇ, ਧੂਪ ਦੇਣਾ, ਸਿੱਖ ਰਹਿਤ ਮਰਯਾਦਾ ਅਨੁਸਾਰ..............ਹੈ।
9. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ..............ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ..............ਤੇ ਨੱਕ ਰਗੜਨਾ ਤੇ ਮੰਜੀ ਸਾਹਿਬ ਹੇਠਾਂ..............ਰੱਖਣਾ ਮਨਮੱਤ ਹੈ।

**ਉੱਤਰ :** (1) ਸਿੱਖ। (2) ਛੇਦਣਾ, ਛੇਦਕ ਗਹਿਣੇ। (3) ਘੁੰਡ। (4) ਨੰਗੇ, ਨੰਗੇ, ਦਸਤਾਰ, ਚੁੰਨੀ। (5) ਵਰਤ, ਮਨਮੱਤ। (6) ਚੰਗੇ, ਦਿਨਾਂ, ਪਵਿੱਤਰ (7) ਨਿਸ਼ਚਾ, ਰਾਸ਼ੀ, ਜਨਮ ਕੁੰਡਲੀ, ਸਾਹਾ। (8) ਪੂਜਾ, ਮਨ੍ਹਾਂ। (9) ਪੀੜ੍ਹੇ, ਥੜਿਆਂ, ਜਲ।

**ਪ੍ਰਸ਼ਨ 45. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਕੌਣ ਬੈਠ ਸਕਦਾ ਹੈ?**

**ਉੱਤਰ** : ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਕੇਵਲ ਸਿੱਖ (ਮਰਦ ਜਾਂ ਇਸਤ੍ਰੀ) ਹੀ ਬੈਠਣ ਦਾ ਅਧਿਕਾਰੀ ਹੈ।

**ਪ੍ਰਸ਼ਨ 46. ਤਾਬਿਆ ਬੈਠਣ ਸਮੇਂ ਕੀ ਧਿਆਨ ਕਰਨਾ ਹੈ?**

**ਉੱਤਰ** : ਹੱਥ-ਪੈਰ ਧੋ ਕੇ ਹੀ ਮਹਾਰਾਜ ਦੇ ਤਾਬਿਆ ਬੈਠਿਆ ਜਾਵੇ।

**ਪ੍ਰਸ਼ਨ 47. ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ/ਮਰਯਾਦਾ ਦੱਸੋ।**

**ਉੱਤਰ** : ਆਟਾ, ਉੱਤਮ ਮਿੱਠਾ (ਖੰਡ) ਤੇ ਘੀ (ਦੇਸੀ ਘਿਓ) ਇਕੋ ਜਿਹੇ (ਤੋਲ ਕੇ) ਲੈਣੇ ਹਨ।

**ਵਿਧੀ—** (ੳ) ਖੰਡ ਨਾਲੋਂ ਸਾਢੇ ਤਿੰਨ ਗੁਣਾ ਸਾਫ ਜਲ ਇਕ ਬਰਤਨ ਵਿਚ ਪਾ ਕੇ ਖੰਡ ਰਲਾ ਕੇ, ਅੱਗ ਉੱਪਰ ਰੱਖ ਕੇ ਚਾਸ਼ਨੀ ਤਿਆਰ ਕੀਤੀ ਜਾਵੇ।

(ਅ) ਆਟਾ ਤੇ ਘਿਉ ਨੂੰ ਇਕ ਵੱਖਰੇ ਭਾਂਡੇ (ਕੜਾਹੀ) ਵਿਚ ਪਾ ਕੇ ਅੱਗ ਉੱਪਰ ਰੱਖ ਕੇ ਭੁੰਨਣਾ ਸ਼ੁਰੂ ਕਰੋ, ਨਾਲ-ਨਾਲ ਗੁਰਬਾਣੀ ਦਾ ਪਾਠ ਅਰੰਭ ਕਰੋ।

(ੲ) ਜਦੋਂ ਆਟਾ ਭੁੱਜ ਜਾਵੇ (ਆਟਾ ਲਾਲੀ ਵਿਚ ਹੋਵੇ, ਆਟਾ ਭੁੱਜਣ ਦੀ ਖੁਸ਼ਬੂ ਆਵੇ, ਘਿਉ ਦੀਆਂ ਛਿੱਟਾਂ ਪੈਣੀਆਂ ਸ਼ੁਰੂ ਹੋਣ) ਤਾਂ ਸੱਜੇ ਹੱਥ ਉੱਪਰ ਕੱਪੜਾ ਲਪੇਟ ਕੇ ਗਰਮ ਗਰਮ ਤਿਆਰ ਹੋਈ ਚਾਸ਼ਨੀ ਭੁੱਜੇ ਹੋਏ ਆਟੇ ਵਿਚ ਥੋੜ੍ਹੀ-ਥੋੜ੍ਹੀ ਕਰਕੇ ਪਾਉ ਤੇ ਕੜਛੀ ਜਾਂ ਖੁਰਪੀ ਨਾਲ ਹਿਲਾਈ ਜਾਉ ਤੇ ਚੰਗੀ ਤਰ੍ਹਾਂ ਰਲਾ ਦਿਉ। ਇਸ ਤਰ੍ਹਾਂ ਦੇਗ ਤਿਆਰ ਹੋ ਜਾਵੇਗੀ।

(ਸ) ਤਿਆਰ ਹੋਈ ਕੜਾਹ ਪ੍ਰਸ਼ਾਦਿ ਦੀ ਦੇਗ ਨੂੰ ਕੜਾਹੀ ਵਿਚੋਂ ਕੱਢ ਕੇ ਕਿਸੇ ਖੁੱਲ੍ਹੇ ਥਾਲ/ਪਰਾਤ ਜਾਂ ਵੱਡੇ ਬਰਤਨ ਵਿਚ ਪਾ ਕੇ, ਠੰਢੀ ਕਰਕੇ ਕੱਪੜੇ ਨਾਲ ਢੱਕ ਕੇ ਗੁਰੂ ਦਰਬਾਰ ਵਿਚ ਲੈ ਜਾਉ।

**ਪ੍ਰਸ਼ਨ 48. ਸੰਗਤ ਵਿਚ ਕੜਾਹ ਪ੍ਰਸ਼ਾਦਿ ਦੀ ਪ੍ਰਵਾਨਗੀ ਦਾ ਢੰਗ ਦੱਸੋ?**

**ਉੱਤਰ** : ਕੜਾਹ ਪ੍ਰਸ਼ਾਦਿ ਸੰਗਤ ਵਿਚ ਪੁੱਜਣ ਉਪਰੰਤ ਉੱਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦਾ ਪਾਠ (ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ) ਕੀਤਾ ਜਾਵੇ। ਫਿਰ ਅਰਦਾਸਾ ਸੋਧਿਆ ਜਾ ਕੇ (ਸੋਧਿਆ ਜਾਣ ਉਪਰੰਤ ਹੀ) ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

*ਨੋਟ : ਅਰਦਾਸ ਦੀ ਸਮਾਪਤੀ ਤੋਂ ਪਹਿਲਾਂ (ਅਰਦਾਸ ਵਿਚਕਾਰ ਹੀ) ਕਿਰਪਾਨ ਭੇਟ ਕਰਨਾ ਠੀਕ ਨਹੀਂ ਹੈ। ਹੁਕਮਨਾਮੇ ਤੋਂ ਬਾਅਦ ਦੇਗ ਵਰਤਾਉਣ ਤੋਂ ਪਹਿਲਾਂ, ਕਿਰਪਾਨ ਭੇਟ ਕਰਕੇ ਹੀ ਵਰਤਾਈ ਜਾਵੇ।*



**ਪ੍ਰਸ਼ਨ 49. ਜੇਕਰ ਸੰਗਤ ਵਿਚ ਇਕ ਵਾਰੀ ਅਨੰਦ ਸਾਹਿਬ ਦਾ ਪਾਠ ਹੋਣ ਮਗਰੋਂ ਫਿਰ ਕੜਾਹ ਪ੍ਰਸ਼ਾਦਿ ਦੀ ਦੇਗ ਆ ਜਾਵੇ ਤਾਂ ਕੀ ਅਨੰਦ ਸਾਹਿਬ ਦਾ ਪਾਠ ਦੁਬਾਰਾ ਕਰਨਾ ਜ਼ਰੂਰੀ ਹੈ?**

**ਉੱਤਰ** : ਅਨੰਦ ਸਾਹਿਬ ਦਾ ਪਾਠ ਮੁੜ-ਮੁੜ ਨਹੀਂ ਕਰਨਾ, ਕੇਵਲ ਕਿਰਪਾਨ ਭੇਟ ਕਰਨਾ ਹੀ ਕਾਫੀ ਹੈ।

**ਪ੍ਰਸ਼ਨ 50. ਸੰਗਤ ਵਿਚ ਕੜਾਹ ਪ੍ਰਸ਼ਾਦਿ ਵਰਤਾਉਣ ਦਾ ਢੰਗ ਦੱਸੋ?**

**ਉੱਤਰ** : ਕਿਰਪਾਨ ਭੇਟ ਕਰਨ ਉਪਰੰਤ ਕੜਾਹ ਪ੍ਰਸ਼ਾਦਿ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ (ਪੰਜਾਂ ਪਿਆਰਿਆਂ ਦੀ ਯਾਦ ਵਿਚ) ਕੱਢ ਕੇ ਵਰਤਾਇਆ ਜਾਵੇ। ਉਪਰੰਤ ਸੰਗਤ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ ਨੂੰ ਕੌਲ ਵਿਚ ਪਾ ਕੇ ਦਿੱਤਾ ਜਾਵੇ। ਫਿਰ ਸੰਗਤ ਵਿਚ ਇਕੋ ਜਿਹਾ ਵਰਤਾਇਆ ਜਾਵੇ।

**ਪ੍ਰਸ਼ਨ 51. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਕੌਲ ਵਿਚ ਰੱਖਿਆ ਜਾਂਦਾ ਪ੍ਰਸ਼ਾਦਿ ਕਿਸ ਲਈ ਹੁੰਦਾ ਹੈ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੇਠ ਕੌਲ ਵਿਚ ਪਾ ਕੇ ਰੱਖਿਆ ਜਾਂਦਾ ਪ੍ਰਸ਼ਾਦਿ ਤਾਬਿਆ ਬੈਠੇ ਗ੍ਰੰਥੀ ਸਿੰਘ ਵਾਸਤੇ ਹੁੰਦਾ ਹੈ ਤਾਂ ਜੋ ਉਹ ਸੇਵਾ ਤੋਂ ਵਿਹਲਾ ਹੋ ਕੇ ਛਕ ਸਕੇ।

**ਪ੍ਰਸ਼ਨ 52. ਕੀ ਗ੍ਰੰਥੀ ਸਿੰਘ ਲਈ ਕੌਲ ਵਿਚ ਰੱਖੇ ਜਾਂਦੇ ਪ੍ਰਸ਼ਾਦਿ ਵਿਚ ਦੂਹਰਾ ਗੱਫਾ ਪਾਉਣਾ ਯੋਗ ਹੈ?**

**ਉੱਤਰ** : ਤਾਬਿਆ ਬੈਠੇ ਸਿੰਘ ਨੂੰ ਕੌਲ ਵਿਚ ਪਾ ਕੇ ਕੜਾਹ ਪ੍ਰਸ਼ਾਦਿ ਦਾ ਦੂਹਰਾ ਗੱਫਾ ਦੇਣਾ ਯੋਗ ਨਹੀਂ।

**ਪ੍ਰਸ਼ਨ 53. ਕੀ ਕੜਾਹ ਪ੍ਰਸ਼ਾਦਿ ਭੇਟ ਕਰਨ ਸਮੇਂ ਕੁਝ ਹੋਰ ਭੇਟਾ ਵੀ ਅਰਪਨ ਕਰਨਾ ਜ਼ਰੂਰੀ ਹੈ?**

**ਉੱਤਰ** : ਸਿੱਖ ਰਹਿਤ ਮਰਯਾਦਾ ਅਨੁਸਾਰ ਹੁਕਮ ਹੈ ਕਿ ਕੜਾਹ ਪ੍ਰਸ਼ਾਦਿ ਭੇਟਾ ਕਰਨ ਵੇਲੇ ਘੱਟੋ-ਘੱਟ ਇਕ "ਟਕਾ" ਭਾਵ ਯਥਾ ਸ਼ਕਤਿ ਕੁਝ ਮਾਇਆ, ਨਕਦ ਅਰਦਾਸ ਵੀ ਹੋਵੇ।

**ਪ੍ਰਸ਼ਨ 54. ਸਿੱਖ ਦੀ ਰਹਿਣੀ, ਕਿਰਤ-ਵਿਰਤ ਕਿਹੋ ਜਿਹੀ ਹੋਣੀ ਚਾਹੀਦੀ ਹੈ?**

**ਉੱਤਰ** : ਸਿੱਖ ਦੀ ਆਮ ਰਹਿਣੀ, ਕਿਰਤ, ਵਿਰਤ ਗੁਰਮਤਿ ਅਨੁਸਾਰ ਹੋਣੀ ਚਾਹੀਦੀ ਹੈ।

**ਪ੍ਰਸ਼ਨ 55. ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਮਤਿ ਕੀ ਹੈ ਜਾਂ ਗੁਰਮਤਿ ਦੇ ਕਿਹੜੇ-ਕਿਹੜੇ ਅੰਗ ਹਨ?**

**ਉੱਤਰ** : ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਮਤਿ ਦੇ ਹੇਠ ਲਿਖੇ ਅੰਗ ਹਨ :

(1) ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ-ਦੇਵਤੇ ਦੀ ਉਪਾਸਨਾ ਨਹੀਂ ਕਰਨੀ।

(2) ਆਪਣੀ ਸ਼ਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ ਤੇ ਉਹਨਾਂ ਦੀ ਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਣਾ।

(3) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ।

(4) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰਨੀ।

(5) ਖ਼ਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

(6) ਸਿੱਖ ਲਈ ਗੁਰਮੁਖੀ ਵਿੱਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਸਿੱਖਿਆ ਵੀ ਪੜ੍ਹੇ।

(7) ਸੰਤਾਨ ਨੂੰ ਗੁਰਸਿੱਖੀ ਦੀ ਵਿੱਦਿਆ ਦਿਵਾਉਣਾ ਸਿੱਖ ਦਾ ਮੁੱਢਲਾ ਫ਼ਰਜ਼ ਹੈ।

(8) ਗੁਰੂ ਅਸਥਾਨਾਂ ਤੋਂ ਬਿਨਾਂ ਕਿਸੇ ਅਨਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਨਹੀਂ ਮੰਨਣਾ।

(9) ਦੇਵ ਸ਼ਾਸਤਰ, ਗੀਤਾ, ਕੁਰਾਨ, ਅੰਜੀਲ ਆਦਿ ਅਨਮਤ ਦੇ ਧਰਮ ਗ੍ਰੰਥਾਂ 'ਤੇ ਨਿਸਚਾ ਨਹੀਂ ਕਰਨਾ। ਹਾਂ ਕੇਵਲ ਆਮ ਵਾਕਫੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।

(10) ਕੇਸ ਬੱਚਿਆਂ ਦੇ ਜਮਾਂਦਰੂ ਰੱਖੇ, ਉਹਨਾਂ ਦਾ ਬੁਰਾ ਨਹੀਂ ਮੰਨਣਾ, ਕੇਸ ਸਾਬਤ ਰੱਖੇ।

(11) ਬੱਚਿਆਂ ਦੇ ਨਾਮ 'ਸਿੰਘ' ਅਤੇ 'ਕੌਰ' ਸਮੇਤ ਗੁਰੂ ਗ੍ਰੰਥ ਸਾਹਿਬ ਤੋਂ ਰੱਖੇ ਜਾਣ।

(12) ਅਮਲ ਪ੍ਰਸ਼ਾਦੇ ਦਾ ਰੱਖੇ, ਕੋਈ ਵੀ ਨਸ਼ਾ, ਭੰਗ, ਅਫ਼ੀਮ, ਸ਼ਰਾਬ ਆਦਿ ਨਾ ਕਰੇ।

(13) ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ ਅਤੇ ਦਸਵੰਧ ਕੱਢੇ।

(14) ਗ਼ਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਸਮਝ ਕੇ ਲੋੜਵੰਦ ਨਾਲ ਵੰਡ ਛਕੇ।



(15) ਗੁਰੂ ਕਾ ਸਿੱਖ ਜਨਮ ਤੋਂ ਲੈ ਕੇ ਦਿਹਾਂਤ ਤੱਕ ਗੁਰ ਮਰਯਾਦਾ ਕਰੇ।

(16) ਸਿੱਖ ਨੂੰ ਮਿਲਣ ਸਮੇਂ (ਸਿੰਘ/ਸਿੰਘਣੀ) "ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥" ਬੁਲਾਵੇ।

(17) ਸਿੱਖ, 'ਇਸਤਰੀ-ਬਰਤ ਧਰਮ' ਵਿਚ ਅਤੇ ਇਸਤ੍ਰੀ 'ਪਤੀ-ਬਰਤ ਧਰਮ' ਵਿਚ ਪ੍ਰਪੱਕ ਰਹੇ।

**ਪ੍ਰਸ਼ਨ 56. ਮਨਮਤਿ ਤੋਂ ਕੀ ਭਾਵ ਹੈ?**

**ਉੱਤਰ** : ਗੁਰਮਤਿ ਦੇ ਵਿਰੁੱਧ ਕਰਮ ਕਰਨਾ 'ਮਨਮਤਿ' ਹੈ।

**ਪ੍ਰਸ਼ਨ 57. ਸਿੱਖ ਧਰਮ ਵਿਚ ਕਿਹੜੇ-ਕਿਹੜੇ ਕਰਮ ਕਰਨਾ ਮਨਮਤਿ ਹੈ?**

**ਉੱਤਰ** : ਹੇਠ ਲਿਖੇ ਕਰਮ ਕਰਨਾ ਮਨਮਤਿ ਹੈ :

(1) ਜਾਤ-ਪਾਤ ਜਾਂ ਛੂਤ-ਛਾਤ ਦਾ ਭਰਮ ਮੰਨਣਾ।

(2) ਜੰਤ੍ਰ, ਮੰਤ੍ਰ, ਤੰਤ੍ਰ ਉੱਤੇ ਵਿਸ਼ਵਾਸ ਰੱਖਣਾ।

(3) ਸ਼ਗਨ-ਅਪਸ਼ਗਨ, ਥਿੱਤ-ਮਹੂਰਤ ਨੂੰ ਮੰਨਣਾ।

(4) ਚੰਗੇ-ਮੰਦੇ ਦਿਨ ਦਾ ਵਹਿਮ, ਭਰਮ ਮੰਨਣਾ।

(5) ਸ਼ਰਧਾ, ਖਿਆਹ, ਪਿਤਰ ਪੂਜਾ ਕਰਨਾ।

(6) ਪਿੰਡ, ਪਤਲ, ਦੀਵਾ-ਕਿਰਿਆ ਕਰਮ ਕਰਨਾ।

(7) ਹੋਮ-ਜੱਗ, ਤਰਪਣ, ਗਾਇਤਰੀ ਉੱਤੇ ਨਿਸਚਾ ਰੱਖਣਾ।

(8) ਸਿਖਾ-ਸੂਤ, ਭੱਦਣ ਕਰਨਾ।

(9) ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ ਰੱਖਣਾ।

(10) ਤਿਲਕ, ਜੰਞੂ, ਤੁਲਸੀ, ਮਾਲਾ ਉੱਤੇ ਨਿਸਚਾ ਕਰਨਾ।

(11) ਗੋਰ, ਮੜ੍ਹੀ, ਮੱਠ, ਮੂਰਤੀ ਪੂਜਾ ਕਰਨਾ (ਮੱਥੇ ਟੇਕਣਾ)।

(12) ਪੀਰ, ਬ੍ਰਾਹਮਣ ਦੀ ਪੂਜਾ ਕਰਨਾ।

(13) ਪੁੱਛਣਾ (ਹੱਥ ਦਿਖਾਣੇ), ਸੁਖਣਾ ਸੁੱਖਣੀ।

(14) ਨੱਕ ਕੰਨ ਛੇਦਣਾ ਜਾਂ ਛੇਦਕ ਗਹਿਣੇ ਪਹਿਨਣਾ।

(15) ਭੰਗ, ਅਫ਼ੀਮ, ਸ਼ਰਾਬ ਆਦਿ ਕੋਈ ਨਸ਼ਾ ਵਰਤਣਾ।

(16) ਕੰਨਿਆ ਨੂੰ ਮਾਰਨਾ ਜਾਂ ਕੁੜੀਮਾਰ ਨਾਲ ਵਰਤਣਾ।

(17) ਚੋਰੀ, ਯਾਰੀ, ਦਗ਼ਾ, ਧੋਖਾ ਕਰਨਾ, ਝੂਠ ਬੋਲਣਾ।

(18) ਜੂਆ ਖੇਡਣਾ।

(19) ਇਸਤ੍ਰੀ ਵਲੋਂ ਘੁੰਡ ਕੱਢਣਾ ਜਾਂ ਪੜਦਾ ਕਰਨਾ।

(20) ਕਿਸੇ ਦੇਹਧਾਰੀ ਨੂੰ ਮੱਥਾ ਟੇਕਣਾ।

**ਪ੍ਰਸ਼ਨ 58. ਸਿੱਖ ਧਰਮ ਵਿਚ 'ਜਨਮ ਤੇ ਨਾਮ-ਸੰਸਕਾਰ' ਤੋਂ ਕੀ ਭਾਵ ਹੈ?**

**ਉੱਤਰ** : ਸਿੱਖ ਘਰ ਵਿਚ ਬੱਚੇ/ਬੱਚੀ ਦਾ ਜਨਮ ਹੋਣ 'ਤੇ ਉਸ ਦਾ ਨਾਮ ਰੱਖਣ ਦੀ ਮਰਯਾਦਾ ਨੂੰ 'ਜਨਮ ਤੇ ਨਾਮ ਸੰਸਕਾਰ' ਕਹਿੰਦੇ ਹਨ।

**ਪ੍ਰਸ਼ਨ 59. ਸਿੱਖ ਬੱਚੇ ਦੇ 'ਨਾਮ-ਸੰਸਕਾਰ' ਦੀ ਕੀ ਮਰਯਾਦਾ ਹੈ?**

**ਉੱਤਰ** : (ੳ) ਜਦੋਂ ਬੱਚੇ ਦੀ ਮਾਤਾ ਉੱਠਣ ਬੈਠਣ ਤੇ ਇਸ਼ਨਾਨ ਕਰਨਯੋਗ ਹੋ ਜਾਵੇ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਦੇ ਸੰਬੰਧੀ ਕੜਾਹ ਪ੍ਰਸ਼ਾਦਿ ਲੈ ਕੇ ਗੁਰਦੁਆਰਾ ਸਾਹਿਬ (ਗੁਰੂ ਦੀ ਹਜ਼ੂਰੀ ਵਿਚ) ਜਾਣ ਜਾਂ ਪ੍ਰਸ਼ਾਦ ਕਰਵਾਉਣ।

(ਅ) ਗੁਰੂ ਜੀ ਦੇ ਹਜ਼ੂਰ "ਪਰਮੇਸਰਿ ਦਿਤਾ ਬੰਨਾ" ਜਾਂ "ਸਤਿਗੁਰ ਸਾਚੈ ਦੀਆ ਭੇਜਿ" ਆਦਿ ਖੁਸ਼ੀ ਦੇ ਸ਼ਬਦ ਪੜ੍ਹੇ ਜਾਣ।

(ੲ) ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਵਾਲੇ ਅੱਖਰ ਤੋਂ ਬੱਚੇ/ਬੱਚੀ ਦਾ ਨਾਮ ਗ੍ਰੰਥੀ ਸਿੰਘ ਤਜਵੀਜ਼ ਕਰੇ ਅਤੇ ਸੰਗਤ ਵਿਚ ਜੈਕਾਰੇ ਨਾਲ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕੀਤਾ ਜਾਵੇ। ਲੜਕੇ ਦੇ ਨਾਮ ਪਿੱਛੇ 'ਸਿੰਘ' ਤੇ ਲੜਕੀ ਦੇ ਨਾਮ ਪਿੱਛੇ 'ਕੌਰ' ਲਾਉਣਾ ਜ਼ਰੂਰੀ ਹੈ।

(ਸ) ਉੱਚੀ ਆਵਾਜ਼ ਵਿਚ ਅਨੰਦੁ ਸਾਹਿਬ (ਪਹਿਲੀਆਂ ਪੰਜ ਤੇ ਅੰਤਲੀ ਪਉੜੀ) ਦਾ ਪਾਠ ਕਰਕੇ ਬੱਚੇ ਦੇ ਨਾਮ-ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਫਿਰ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

**ਪ੍ਰਸ਼ਨ 60. "ਅਨੰਦ" ਰੀਤੀ (ਮਰਯਾਦਾ) ਦਾ ਸੰਖੇਪ ਵਿਚ ਵਰਨਣ ਕਰੋ।**

**ਉੱਤਰ** : (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸਜੇ ਦੀਵਾਨ ਵਿਚ ਲੜਕਾ-ਲੜਕੀ (ਜਿਨ੍ਹਾਂ ਦਾ ਅਨੰਦ ਕਾਰਜ ਹੋਣਾ ਹੋਵੇ) ਮਾਤਾ ਪਿਤਾ ਸਮੇਤ ਹਾਜ਼ਰ ਹੋਣ।

(ਅ) ਕੀਰਤਨ ਉਪਰੰਤ ਅਰੰਭਤਾ ਦਾ ਅਰਦਾਸਾ ਸੋਧ ਕੇ ਲੜਕਾ-ਲੜਕੀ ਨੂੰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਦਿੱਤਾ ਜਾਵੇ ਅਤੇ ਸੂਹੀ ਰਾਗ ਵਿਚ ਦਰਜ ਚਾਰ ਲਾਵਾਂ ਦੇ ਉਪਦੇਸ਼ ਦ੍ਰਿੜ੍ਹ ਕਰਾਏ ਜਾਣ।

(ੲ) ਲੜਕੀ ਨੂੰ ਲੜਕੇ ਦਾ ਪੱਲਾ ਪਕੜਾਇਆ ਜਾਵੇ, ਦੋਨੋਂ ਮੱਥਾ ਟੇਕ ਕੇ ਖੜ੍ਹੇ ਹੋ ਕੇ ਲਾਂਵ ਦਾ ਪਾਠ ਸੁਣਨ। ਫਿਰ ਮੱਥਾ ਟੇਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ (ਲੜਕਾ ਅੱਗੇ ਲੜਕੀ ਪਿੱਛੇ ਚਲਦੇ ਹੋਏ) ਕਰਨ। ਨਾਲੋ-ਨਾਲ ਰਾਗੀ ਜਾਂ



ਸੰਗਤ ਉਸ ਲਾਂਵ ਦਾ ਕੀਰਤਨ ਕਰਨ।

(ਸ) ਹਰ ਵਾਰ ਪਰਕਰਮਾ ਕਰਨ ਉਪਰੰਤ ਲੜਕਾ-ਲੜਕੀ ਮੱਥਾ ਟੇਕ ਕੇ ਅਗਲੀ ਲਾਂਵ ਦਾ ਪਾਠ ਖੜ੍ਹੇ ਹੋ ਕੇ ਸਰਵਣ ਕਰਨ।

(ਹ) ਚੌਥੀ ਲਾਂਵ 'ਤੇ ਪਰਕਰਮਾ ਕਰਨ ਉਪਰੰਤ ਮੱਥਾ ਟੇਕ ਕੇ ਬੈਠ ਜਾਣ।

(ਕ) ਫਿਰ ਅਨੰਦੁ ਸਾਹਿਬ ਦਾ ਪਾਠ (ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ) ਹੋਣ ਉਪਰੰਤ ਅਰਦਾਸਾ ਸੋਧਿਆ ਜਾਵੇ ਤੇ ਹੁਕਮਨਾਮਾ ਲੈ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

**ਪ੍ਰਸ਼ਨ 61. ਕੀ "ਅਨੰਦ ਕਾਰਜ" ਸਮੇਂ ਲੜਕਾ-ਲੜਕੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਰਕਰਮਾ ਕਰਨਾ ਜ਼ਰੂਰੀ ਹੈ?**

**ਉੱਤਰ** : "ਅਨੰਦ ਕਾਰਜ" ਸਮੇਂ ਲੜਕਾ-ਲੜਕੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਰਕਰਮਾ ਕਰਨਾ ਅਤੀ ਜ਼ਰੂਰੀ ਹੈ, ਜਿਸ ਤੋਂ ਭਾਵ ਸਤਿਗੁਰੂ ਤੋਂ ਵਾਰਨੇ ਜਾਣਾ ਹੈ।

**ਪ੍ਰਸ਼ਨ 62. ਕੀ ਲਾਵਾਂ ਦਾ ਪਾਠ ਲੜਕਾ-ਲੜਕੀ ਬੈਠ ਕੇ ਵੀ ਸੁਣ ਸਕਦੇ ਹਨ ਜਾਂ ਖੜ੍ਹੇ ਹੋ ਕੇ ਸੁਣਨਾ ਜ਼ਰੂਰੀ ਹੈ?**

**ਉੱਤਰ** : ਸਿੱਖ ਰਹਿਤ ਮਰਯਾਦਾ ਅਨੁਸਾਰ "ਅਨੰਦ" ਦੇ ਸਮੇਂ ਲੜਕਾ-ਲੜਕੀ ਵਲੋਂ ਖੜ੍ਹੇ ਹੋ ਕੇ ਹਰ ਲਾਂਵ ਦਾ ਪਾਠ ਸੁਣਨਾ ਜ਼ਰੂਰੀ ਹੈ।

**ਪ੍ਰਸ਼ਨ 63. ਕੀ "ਅਨੰਦ" ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਹੈ?**

**ਉੱਤਰ** : ਨਹੀਂ ਜੀ।

**ਪ੍ਰਸ਼ਨ 64. "ਅਨੰਦ" ਤੋਂ ਪਹਿਲਾਂ ਕੁੜਮਾਈ ਦੀ ਰਸਮ ਸੰਬੰਧੀ ਗੁਰਮਤਿ ਵਿਚਾਰ ਲਿਖੋ?**

**ਉੱਤਰ** : (ੳ) ਸਿੱਖ ਰਹਿਤ ਮਰਯਾਦਾ ਅਨੁਸਾਰ, "ਅਨੰਦ" ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ। (ਅ) ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ, ਇਕ ਕਿਰਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

**ਪ੍ਰਸ਼ਨ 65. "ਅਨੰਦ" ਦਾ ਦਿਨ ਮੁਕੱਰਰ ਕਰਨ ਦਾ ਕੀ ਢੰਗ ਹੈ?**

**ਉੱਤਰ** : (ੳ) ਅਨੰਦ ਦਾ ਦਿਨ ਮੁਕੱਰਰ ਕਰਨ ਵੇਲੇ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਕੋਈ ਪੱਤ੍ਰੀ ਨਹੀਂ ਵਾਚਣੀ। (ਅ) ਜੋ ਦਿਨ ਦੋਹਾਂ ਧਿਰਾਂ (ਪਰਿਵਾਰਾਂ) ਨੂੰ ਆਪਸ ਵਿਚ ਸਲਾਹ ਕਰਕੇ ਠੀਕ ਲੱਗੇ ਨਿਯਤ ਕਰ ਲੈਣਾ ਚਾਹੀਦਾ ਹੈ।

**ਪ੍ਰਸ਼ਨ 66. ਵਿਆਹ ਸਮੇਂ 'ਮਿਲਣੀ' ਸੰਬੰਧੀ ਸਿੱਖ ਰਹਿਤ ਮਰਯਾਦਾ ਦਾ ਕੀ ਆਦੇਸ਼ ਹੈ?**

**ਉੱਤਰ** : ਦੋਨੋਂ ਪਰਿਵਾਰ ਇਕੱਤਰ ਹੋਣ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ ਫ਼ਤਹਿ ਗਜਾਈ ਜਾਵੇ।

**ਪ੍ਰਸ਼ਨ 67. ਅੱਜਕਲ੍ਹ "ਅਨੰਦ ਕਾਰਜ" ਸਮੇਂ ਕਿਹੜੀਆਂ ਕੁਰੀਤੀਆਂ ਜਾਂ ਮਨਮਤਾਂ ਕੀਤੀਆਂ ਜਾਂਦੀਆਂ ਹਨ?**

**ਉੱਤਰ** : (1) ਜਾਤ ਪਾਤ ਜਾਂ ਗੋਤ ਦੀ ਵਿਚਾਰ ਕਰਨਾ।
(2) ਚੰਗੇ ਦਿਨ ਦੀ ਖੋਜ ਲਈ ਪੱਤ੍ਰੀ ਵਾਚਣਾ।
(3) ਵਿਆਹ ਤੋਂ ਪਹਿਲਾਂ ਰਿੰਗ-ਸੈਰੇਮਨੀ ਕਰਨਾ।
(4) ਵਿਆਹ ਤੋਂ ਪਹਿਲਾਂ ਚੁੰਨੀ ਚੜ੍ਹਾਉਣ ਜਾਣਾ।
(5) ਕੋਈ ਮੰਗ ਮਨਵਾਉਣੀ ਜਾਂ ਪੈਸਾ ਲੈ ਕੇ ਸੰਜੋਗ ਕਰਨਾ।
(6) ਸ਼ਰਾਬ ਪੀਣੀ ਜਾਂ ਪਿਲਾਉਣੀ।
(7) ਭੰਗੜਾ ਪਾਉਣਾ ਤੇ ਨਾਚ-ਗਾਣੇ ਦਾ ਪ੍ਰੋਗਰਾਮ ਕਰਨਾ।
(8) ਸਿਹਰਾ ਮੁਕਟ ਜਾਂ ਗਾਨਾ ਬੰਨ੍ਹਣਾ।
(9) ਜੈਮਾਲਾ ਪਾਉਣੀ।
(10) 'ਅਨੰਦ' ਵੇਲੇ ਲੜਕੇ-ਲੜਕੀ ਹੇਠਾਂ ਵੱਖਰਾ ਗਦੇਲਾ ਵਿਛਾਉਣਾ।
(11) ਮਨੋਕਲਪਿਤ ਸਿਹਰਾ ਜਾਂ ਸਿੱਖਿਆ ਪੜ੍ਹਨੀ।
(12) ਵਾਰਨੇ ਕਰਨੇ।
(13) ਲਾਵਾਂ ਮਗਰੋਂ ਲੜਕਾ-ਲੜਕੀ ਉੱਪਰ ਫੁੱਲ ਸੁੱਟਣੇ।
(14) ਕਿਸੇ ਸਮਾਧ ਆਦਿ 'ਤੇ ਜਾ ਕੇ ਮੱਥੇ ਟੇਕਣੇ ਤੇ ਮੰਨਤਾਂ ਮੰਨਣੀਆਂ।

**ਪ੍ਰਸ਼ਨ 68. ਕੀ ਲੜਕਾ-ਲੜਕੀ ਦਾ ਵਿਆਹ ਬਚਪਨ ਵਿਚ ਕਰਨਾ ਠੀਕ ਹੈ?**

**ਉੱਤਰ** : ਬਚਪਨ ਵਿਚ ਵਿਆਹ ਕਰਨਾ ਯੋਗ ਨਹੀਂ।

**ਪ੍ਰਸ਼ਨ 69. ਵਿਆਹ ਕਿਸ ਉਮਰ ਵਿਚ ਹੋਣਾ ਚਾਹੀਦਾ ਹੈ?**

**ਉੱਤਰ** : ਜਦੋਂ ਲੜਕਾ-ਲੜਕੀ ਸਰੀਰ, ਮਨ ਅਤੇ ਆਚਾਰ ਕਰਕੇ ਵਿਆਹ ਕਰਨ ਯੋਗ ਹੋ ਜਾਣ, ਤਦ ਅਨੰਦ ਕਾਰਜ ਕਰਨਾ ਚਾਹੀਦਾ ਹੈ।

**ਪ੍ਰਸ਼ਨ 70. ਕੀ ਸਿੱਖ ਇਕ ਇਸਤ੍ਰੀ ਦੇ ਹੁੰਦਿਆਂ ਦੂਜਾ ਵਿਆਹ ਕਰਵਾ ਸਕਦਾ ਹੈ?**

**ਉੱਤਰ** : ਸਿੱਖ ਰਹਿਤ ਮਰਯਾਦਾ ਅਨੁਸਾਰ ਅਜਿਹਾ ਕਰਨਾ ਯੋਗ ਨਹੀਂ।



**ਪ੍ਰਸ਼ਨ 71. ਕਿਸੇ ਸਿੱਖ ਦੀ ਇਸਤ੍ਰੀ ਕਾਲਵੱਸ ਹੋ ਜਾਵੇ ਜਾਂ ਕਿਸੇ ਇਸਤ੍ਰੀ ਦਾ ਪਤੀ ਕਾਲਵੱਸ ਹੋ ਜਾਵੇ ਤਾਂ ਉਸ ਲਈ ਕੀ ਹੁਕਮ ਹੈ?**

**ਉੱਤਰ** : (ੳ) ਜੇ ਉਹ ਸਿੱਖ ਜਾਂ ਸਿੱਖਣੀ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਵਿਆਹ ਕਰ ਲਵੇ।
(ਅ) ਪੁਨਰ ਵਿਆਹ ਵੀ ਅਨੰਦ ਦੀ ਰੀਤੀ ਅਨੁਸਾਰ ਹੀ ਹੋਵੇ।

**ਪ੍ਰਸ਼ਨ 72. ਕਿਸੇ ਪ੍ਰਾਣੀ ਦੇ ਦੇਹ ਤਿਆਗਣ 'ਤੇ ਕੀ ਕਰਨਾ ਯੋਗ ਹੈ?**

**ਉੱਤਰ** : (ੳ) ਕਿਸੇ ਪ੍ਰਾਣੀ ਦੇ ਦੇਹ ਤਿਆਗਣ 'ਤੇ ਰੋਣਾ ਕੁਰਲਾਣਾ ਨਹੀਂ ਚਾਹੀਦਾ। (ਅ) ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਸਤਿਨਾਮ-ਵਾਹਿਗੁਰੂ ਦਾ ਜਾਪ ਕਰਨਾ ਹੀ ਯੋਗ ਹੈ।

**ਪ੍ਰਸ਼ਨ 73. ਛੋਟੀ ਉਮਰੇ ਬੱਚੇ ਦੀ ਮੌਤ ਹੋਣ ਮਗਰੋਂ ਉਸਦੀ ਦੇਹ ਦਾ ਨਿਪਟਾਰਾ ਕਿਵੇਂ ਕਰਨਾ ਚਾਹੀਦਾ ਹੈ?**

**ਉੱਤਰ** : (ੳ) ਛੋਟੀ ਉਮਰ ਦੇ ਪ੍ਰਾਣੀ (ਬੱਚੇ) ਦੇ ਦੇਹ ਤਿਆਗਣ 'ਤੇ ਉਸ ਦਾ ਸਸਕਾਰ ਕਰਨਾ ਜ਼ਰੂਰੀ ਹੈ। (ਅ) ਜਿੱਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉੱਥੇ ਜਲ ਪ੍ਰਵਾਹ ਕਰ ਦੇਣਾ ਜਾਂ ਕੋਈ ਹੋਰ ਤਰੀਕਾ ਵਰਤਣਾ ਯੋਗ ਹੈ।

**ਪ੍ਰਸ਼ਨ 74. ਮ੍ਰਿਤਕ ਪ੍ਰਾਣੀ ਦੇ ਸਸਕਾਰ ਕਰਨ ਦੀ ਕੀ ਮਰਯਾਦਾ ਹੈ, ਸੰਖੇਪ ਵਿਚ ਦੱਸੋ।**

**ਉੱਤਰ** : (ੳ) ਮ੍ਰਿਤਕ ਪ੍ਰਾਣੀ ਦੇ ਸਰੀਰ ਨੂੰ ਇਸ਼ਨਾਨ ਕਰਾ ਕੇ ਸਵੱਛ ਬਸਤਰ ਪਹਿਨਾਣਾ। ਉਸ ਦੇ ਕਕਾਰ ਸਰੀਰ ਨਾਲੋਂ ਵੱਖਰੇ ਨਹੀਂ ਕਰਨੇ।
(ਅ) ਤਖ਼ਤੇ ਉੱਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ।
(ੲ) ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ।
(ਸ) ਵੈਰਾਗਮਈ ਸ਼ਬਦਾਂ ਦਾ ਉਚਾਰਨ ਜਾਂ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਜਾਵੇ।
(ਹ) ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ।
(ਕ) ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ।
(ਖ) ਪ੍ਰਾਣੀ ਨੂੰ ਅੰਗੀਠੇ ਉੱਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਅਗਨੀ ਲਾ ਦੇਵੇ।
(ਗ) ਸੰਗਤ (ਪਰਿਵਾਰ ਦੇ ਸੰਬੰਧੀ) ਕੁਝ ਵਿੱਥ 'ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ।

(ਘ) ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ ਸੋਹਿਲੇ ਦਾ ਪਾਠ ਕਰਕੇ, ਅਰਦਾਸਾ ਸੋਧ ਕੇ, ਸੰਗਤ ਮੁੜ ਆਵੇ।

(ङ) ਘਰ ਆ ਕੇ ਜਾਂ ਨੇੜੇ ਦੇ ਕਿਸੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਜਿਸ ਦੀ ਸਮਾਪਤੀ ਦਸਵੇਂ ਦਿਨ ਜਾਂ ਸੌਖ ਵਾਲੇ ਕਿਸੇ ਹੋਰ ਦਿਨ ਹੋਵੇ।

(ਚ) ਅਨੰਦੁ ਸਾਹਿਬ (ਪਹਿਲੀਆਂ ਪੰਜ ਤੇ ਅੰਤਲੀ ਪਉੜੀ) ਦਾ ਪਾਠ ਕਰਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

**ਪ੍ਰਸ਼ਨ 75. ਮ੍ਰਿਤਕ ਪ੍ਰਾਣੀ ਦੇ "ਅੰਗੀਠੇ" ਦੀ ਸੰਭਾਲ ਕਰਨ ਦੀ ਕੀ ਮਰਯਾਦਾ ਹੈ?**

**ਉੱਤਰ** : (ੳ) ਪ੍ਰਾਣੀ ਦੇ ਸਸਕਾਰ ਕਰਨ ਮਗਰੋਂ "ਅੰਗੀਠਾ" ਠੰਢਾ ਹੋਣ 'ਤੇ ਸਾਰੀ ਦੇਹ ਦੀ ਭਸਮ ਅਸਥੀਆਂ (ਹੱਡੀਆਂ) ਸਮੇਤ ਇਕੱਠੀ ਕਰ ਲਈ ਜਾਵੇ।

(ਅ) ਚਲਦੇ ਜਲ ਵਿਚ ਜਲ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉੱਥੇ ਹੀ ਦੱਬ ਕੇ ਜ਼ਮੀਨ ਬਰਾਬਰ ਕਰ ਦਿੱਤੀ ਜਾਵੇ।

**ਪ੍ਰਸ਼ਨ 76. ਕੀ ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਈ ਜਾ ਸਕਦੀ ਹੈ?**

**ਉੱਤਰ** : ਨਹੀਂ ਜੀ।

**ਪ੍ਰਸ਼ਨ 77. ਕੀ ਮ੍ਰਿਤਕ ਪ੍ਰਾਣੀ ਦਾ ਅੰਗੀਠਾ ਫਰੋਲ ਕੇ ਫੁੱਲ (ਹੱਡੀਆਂ) ਚੁਗ ਕੇ ਗੰਗਾ, ਪਤਾਲਪੁਰੀ (ਕੀਰਤਪੁਰ) ਜਾਂ ਕਰਤਾਰਪੁਰ ਸਾਹਿਬ ਲਿਜਾ ਕੇ ਪਾਉਣਾ ਸਿੱਖ ਰਹਿਤ ਮਰਯਾਦਾ ਅਨੁਸਾਰ ਠੀਕ ਹੈ?**

**ਉੱਤਰ** : ਮ੍ਰਿਤਕ ਪ੍ਰਾਣੀ ਦੇ ਫੁੱਲ ਚੁਗ ਕੇ ਉਚੇਚੇ ਤੌਰ 'ਤੇ ਗੰਗਾ, ਪਤਾਲਪੁਰੀ ਜਾਂ ਕਰਤਾਰਪੁਰ ਸਾਹਿਬ ਜਾ ਕੇ ਪਾਉਣਾ ਠੀਕ ਨਹੀਂ, ਮਨਮਤ ਹੈ।

**ਪ੍ਰਸ਼ਨ 78. ਮ੍ਰਿਤਕ ਪ੍ਰਾਣੀ ਦੇ ਸਸਕਾਰ ਉਪਰੰਤ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਤੇ ਅੰਤਮ ਅਰਦਾਸ ਕਿੰਨੇ ਦਿਨਾਂ ਮਗਰੋਂ ਹੋਵੇ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਦਸਵੇਂ ਦਿਨ ਜਾਂ ਸਾਕ-ਸੰਬੰਧੀਆਂ ਦੀ ਸੌਖ ਵਾਲੇ ਕਿਸੇ ਹੋਰ ਦਿਨ ਕਰ ਲਈ ਜਾਵੇ।

**ਪ੍ਰਸ਼ਨ 79. "ਦਸਹਿਰੇ" (ਅੰਤਮ ਅਰਦਾਸ) ਦੇ ਪਿੱਛੋਂ ਕੋਈ ਹੋਰ ਰਸਮ ਕਰਨੀ ਜ਼ਰੂਰੀ ਹੈ?**

**ਉੱਤਰ** : ਨਹੀਂ ਜੀ। ਦਸਹਿਰੇ ਪਿੱਛੋਂ ਹੋਰ ਕੋਈ ਰਸਮ ਬਾਕੀ ਨਹੀਂ ਰਹਿ ਜਾਂਦੀ।



**ਪ੍ਰਸ਼ਨ 80. ਕੀ ਮੌਤ ਤੋਂ ਸਾਲ ਬਾਅਦ ਵਰ੍ਹੀਣਾ ਕਰਨਾ ਜਾਂ ਬਰਸੀ ਮਨਾਉਣੀ ਯੋਗ ਹੈ?**

**ਉੱਤਰ** : ਨਹੀਂ ਜੀ। ਪਹਿਲੀ ਵਾਰ ਦੀ 'ਅੰਤਮ ਅਰਦਾਸ' ਦੇ ਮਗਰੋਂ ਹੋਰ ਕੋਈ ਰਸਮ ਨਹੀਂ ਕਰਨੀ।

**ਪ੍ਰਸ਼ਨ 81. ਮ੍ਰਿਤਕ ਪ੍ਰਾਣੀ ਦੇ ਪਰਿਵਾਰ ਦੇ ਸੰਬੰਧੀਆਂ ਦਾ ਡੋਲਦਾ ਮਨ ਕਿਵੇਂ ਸ਼ਾਂਤ ਹੋ ਸਕਦਾ ਹੈ?**

**ਉੱਤਰ** : (ੳ) ਗੁਰਬਾਣੀ ਦੇ ਓਟ-ਆਸਰੇ ਨਾਲ। (ਅ) ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਸਹਿਜ ਪਾਠ ਵਿਚ ਹਿੱਸਾ ਲੈਣਾ ਚਾਹੀਦਾ ਹੈ ਜਾਂ ਪਾਠ ਸੁਣਨਾ ਚਾਹੀਦਾ ਹੈ। (ੲ) ਹਰ ਰੋਜ਼ ਰਾਤ ਵੇਲੇ ਘਰ ਵਿਚ ਕੀਰਤਨ ਕਰਨਾ ਚਾਹੀਦਾ ਹੈ ਅਤੇ ਸੱਦ ਬਾਣੀ ਦੀ ਕਥਾ/ਵਿਚਾਰ ਹੋਵੇ ਤਾਂ ਜੋ ਪਰਿਵਾਰ ਤੇ ਸੰਬੰਧੀਆਂ ਦਾ ਮਨ ਸ਼ਾਂਤ ਹੋ ਕੇ ਪ੍ਰਭੂ ਦੀ ਰਜ਼ਾ ਵਿਚ ਰਹਿ ਸਕੇ।

**ਪ੍ਰਸ਼ਨ 82. ਅੱਜਕਲ੍ਹ ਮ੍ਰਿਤਕ ਸਸਕਾਰ ਸਮੇਂ ਕਿਹੜੀਆਂ ਮਨਮਤਾਂ ਜਾਂ ਕੁਰੀਤੀਆਂ ਹੋ ਰਹੀਆਂ ਹਨ?**

**ਉੱਤਰ** : (1) ਪ੍ਰਾਣੀ ਨੂੰ ਮਰਨ ਵੇਲੇ ਜੇਕਰ ਮੰਜੇ ਉੱਤੇ ਹੈ ਤਾਂ ਹੇਠਾਂ ਉਤਾਰ ਲੈਣਾ।

(2) ਧਾਹਾਂ ਮਾਰਨੀਆਂ ਜਾਂ ਰੋਣਾ-ਪਿੱਟਣਾ।

(3) ਸਸਕਾਰ ਕਰਨ ਲਈ ਸਮੇਂ ਦਾ ਭਰਮ ਕਰਨਾ।

(4) ਅੱਧ ਮਾਰਗ ਕਰਕੇ ਢਾਹ ਮਾਰਨੀ।

(5) ਸਸਕਾਰ ਸਮੇਂ ਕਪਾਲ ਕਿਰਿਆ ਕਰਨੀ। (ਸਿਰ ਵਿਚ ਸੋਟਾ ਮਾਰਨਾ)

(6) ਬੁੱਢਾ ਮਰਨਾ ਜਾਂ ਵੱਡਾ ਕਰਨਾ।

(7) ਅੰਗੀਠੇ ਵਿਚੋਂ ਫੁੱਲ ਚੁਗ ਕੇ ਉਚੇਚੇ ਤੌਰ 'ਤੇ ਗੰਗਾ, ਪਤਾਲਪੁਰੀ (ਕੀਰਤਪੁਰ ਜਾਂ ਕਰਤਾਰਪੁਰ ਸਾਹਿਬ) ਜਾ ਕੇ ਪਾਉਣੇ।

## (ਸ) ਅੰਮ੍ਰਿਤ ਸੰਚਾਰ

**ਪ੍ਰਸ਼ਨ 1. ਅੰਮ੍ਰਿਤ ਕੌਣ ਛਕ ਸਕਦਾ ਹੈ?**

**ਉੱਤਰ** : (ੳ) ਕਿਸੇ ਵੀ ਦੇਸ਼, ਜਾਤ, ਵਰਣ ਦਾ ਕੋਈ ਵੀ ਇਸਤ੍ਰੀ ਜਾਂ ਪੁਰਸ਼ ਜੋ ਖੁਸ਼ੀ ਨਾਲ ਸਿੱਖ ਧਰਮ ਵਿਚ ਪ੍ਰਵੇਸ਼ ਕਰਨਾ ਚਾਹੇ; (ਅ) ਪੰਜ ਕਕਾਰੀ ਰਹਿਤ ਰੱਖਣ ਲਈ ਤਿਆਰ ਹੋਵੇ; (ੲ) ਸਿੱਖ ਧਰਮ ਦੇ ਅਸੂਲਾਂ ਅਤੇ ਰਹਿਤ ਮਰਯਾਦਾ ਅਨੁਸਾਰ ਜੀਵਨ ਜੀਊਣ ਦਾ ਪ੍ਰਣ ਕਰੇ, ਅੰਮ੍ਰਿਤ ਛਕ ਸਕਦਾ ਹੈ।

**ਪ੍ਰਸ਼ਨ 2. ਅੰਮ੍ਰਿਤ ਛਕ ਕੇ ਕਿਹੜੀ-ਕਿਹੜੀ ਬਾਣੀ ਦਾ ਪਾਠ, ਕਦੋਂ-ਕਦੋਂ ਕਰਨਾ ਜ਼ਰੂਰੀ ਹੈ?**

**ਉੱਤਰ :** ਅੰਮ੍ਰਿਤ ਵੇਲੇ : ਜਪੁ, ਜਾਪ, ਸਵੱਯੇ (ਸ੍ਰਾਵਗ ਸੁੱਧ ਵਾਲੇ), ਸ਼ਾਮ ਸਮੇਂ ਸੂਰਜ ਡੁੱਬਣ ਵੇਲੇ : ਸੋਦਰੁ ਰਹਰਾਸਿ ਅਤੇ ਸੌਣ ਵੇਲੇ : ਸੋਹਿਲਾ ਸਾਹਿਬ ਦਾ ਪਾਠ ਕਰਨਾ ਅਤੀ ਜ਼ਰੂਰੀ ਹੈ।

**ਪ੍ਰਸ਼ਨ 3. ਕੀ ਅੰਮ੍ਰਿਤ ਛਕ ਕੇ ਕੋਈ ਬੀਬੀ ਨੱਕ, ਕੰਨ ਛੇਦਕ ਗਹਿਣਾ ਪਹਿਨ ਸਕਦੀ ਹੈ?**

**ਉੱਤਰ :** ਨਹੀਂ ਜੀ, ਅੰਮ੍ਰਿਤ ਛਕਣ ਵਾਲੇ ਨੂੰ ਨੱਕ, ਕੰਨ ਛੇਦਕ ਗਹਿਣਾ ਪਾਉਣ ਦੀ ਮਨਾਹੀ ਹੈ।

**ਪ੍ਰਸ਼ਨ 4. ਕੀ ਕੋਈ ਇਕੱਲਾ ਮਹਾਂਪੁਰਸ਼, ਸੰਤ ਜਾਂ ਡੇਰੇਦਾਰ ਅੰਮ੍ਰਿਤ ਛਕਾਉਣ ਦਾ ਅਧਿਕਾਰੀ ਹੈ?**

**ਉੱਤਰ :** (ੳ) ਕੋਈ ਵੀ ਇਕੱਲਾ ਵਿਅਕਤੀ ਅੰਮ੍ਰਿਤ ਨਹੀਂ ਛਕਾ ਸਕਦਾ। (ਅ) ਅੰਮ੍ਰਿਤ ਛਕਾਉਣ ਦਾ ਅਧਿਕਾਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤਿਆਰ-ਬਰ-ਤਿਆਰ ਪੰਜਾਂ ਪਿਆਰਿਆਂ ਨੂੰ ਹੀ ਹੈ।

**ਪ੍ਰਸ਼ਨ 5. ਅੰਮ੍ਰਿਤ ਛਕਾਉਣ ਲਈ ਅਸਥਾਨ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?**

**ਉੱਤਰ :** (ੳ) ਜਿੱਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ। (ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ।

**ਪ੍ਰਸ਼ਨ 6. ਅੰਮ੍ਰਿਤ ਛਕਾਉਣ ਲਈ ਕਿਤਨੇ ਸਿੰਘਾਂ ਦੀ ਕੀ-ਕੀ ਡਿਊਟੀ ਹੋਣੀ ਜ਼ਰੂਰੀ ਹੈ?**

**ਉੱਤਰ :** (ੳ) ਛੇ ਤਿਆਰ ਬਰ ਤਿਆਰ ਦਰਸ਼ਨੀ ਸਿੰਘ ਹੋਣ, (ਅ) ਇਕ ਤਾਬਿਆ ਬੈਠੇ, (ੲ) ਪੰਜ ਸਿੰਘ ਅੰਮ੍ਰਿਤ ਤਿਆਰ ਕਰਕੇ ਛਕਾਉਣ। (ਸ) ਦਰਵਾਜ਼ੇ 'ਤੇ ਇਕ ਜਾਂ ਦੋ ਪਹਿਰੇਦਾਰ ਹੋਣੇ ਵੀ ਜ਼ਰੂਰੀ ਹਨ।

**ਪ੍ਰਸ਼ਨ 7. ਕੀ ਪੰਜਾਂ ਪਿਆਰਿਆਂ ਵਿਚ ਸਿੰਘਣੀਆਂ ਵੀ ਸ਼ਾਮਲ ਹੋ ਸਕਦੀਆਂ ਹਨ?**

**ਉੱਤਰ :** ਹਾਂ ਜੀ, ਹੋ ਸਕਦੀਆਂ ਹਨ।

**ਪ੍ਰਸ਼ਨ 8. ਕੀ ਕੋਈ ਅੰਗਹੀਣ ਸਿੰਘ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਸਕਦਾ ਹੈ?**

**ਉੱਤਰ :** ਕੋਈ ਅੰਗਹੀਣ (ਅੰਨ੍ਹਾ, ਕਾਣਾ, ਲੂਲਾ, ਲੰਗੜਾ) ਜਾਂ ਦੀਰਘ ਰੋਗ ਵਾਲਾ ਪੰਜਾਂ ਪਿਆਰਿਆਂ ਵਿਚ ਸ਼ਾਮਲ ਨਹੀਂ ਹੋ ਸਕਦਾ।



**ਪ੍ਰਸ਼ਨ 9. ਕੀ ਕੋਈ 'ਤਨਖਾਹੀਆ' ਪੰਜ ਪਿਆਰਿਆਂ ਵਿਚ ਸ਼ਾਮਲ ਹੋ ਸਕਦਾ ਹੈ?**

**ਉੱਤਰ :** ਨਹੀਂ ਜੀ।

**ਪ੍ਰਸ਼ਨ 10. ਕੀ ਕਿਸੇ ਲਾਲਚ ਵੱਸ ਜਾਂ ਕਿਸੇ ਦੇ ਦਬ-ਦਬਾਅ ਹੇਠ ਆ ਕੇ ਅੰਮ੍ਰਿਤ ਛਕਣਾ ਚਾਹੀਦਾ ਹੈ?**

**ਉੱਤਰ :** (ੳ) ਅੰਮ੍ਰਿਤ ਛਕਣਾ ਆਪਣੀ ਖੁਸ਼ੀ ਨਾਲ ਸਿੱਖ ਧਰਮ ਵਿਚ ਪ੍ਰਵੇਸ਼ ਕਰਨਾ ਹੈ।

(ਅ) ਕਿਸੇ ਨੂੰ ਲਾਲਚ ਵੱਸ ਜਾਂ ਕਿਸੇ ਦੇ ਦਬ-ਦਬਾਅ ਹੇਠ ਅੰਮ੍ਰਿਤ ਨਹੀਂ ਛਕਣਾ ਚਾਹੀਦਾ।

**ਪ੍ਰਸ਼ਨ 11. ਅੰਮ੍ਰਿਤ ਦੀ ਤਿਆਰੀ ਲਈ ਕੀ-ਕੀ ਸਮਾਨ ਲੋੜੀਂਦਾ ਹੈ?**

**ਉੱਤਰ :** (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਵੇ। (ਅ) ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਹੋਵੇ। (ੲ) ਸਰਬ ਲੋਹ ਦਾ ਬਾਟਾ। (ਸ) ਸਵੱਛ ਚੌਂਕੀ ਜਾਂ ਸੁਨਹਿਰਾ। (ਹ) ਸਵੱਛ ਜਲ ਅਤੇ (ਕ) ਪਤਾਸੇ। (ਖ) ਖੰਡਾ।

**ਪ੍ਰਸ਼ਨ 12. ਪੰਜਾਂ ਪਿਆਰਿਆਂ ਵਲੋਂ ਕਿਸ ਤਰ੍ਹਾਂ ਬੈਠ ਕੇ ਅੰਮ੍ਰਿਤ ਤਿਆਰ ਕਰਨ ਦੀ ਮਰਯਾਦਾ ਹੈ?**

**ਉੱਤਰ :** ਬੀਰ ਆਸਣ ਲਗਾ ਕੇ।

**ਪ੍ਰਸ਼ਨ 13. 'ਬੀਰ ਆਸਣ' ਕਿਵੇਂ ਬੈਠਿਆ ਜਾਂਦਾ ਹੈ?**

**ਉੱਤਰ :** ਸੱਜਾ ਗੋਡਾ ਧਰਤੀ (ਫਰਸ਼) 'ਤੇ ਰੱਖ ਕੇ, ਸੱਜੀ ਲੱਤ ਦਾ ਭਾਰ ਪੈਰ 'ਤੇ ਰੱਖਣਾ ਅਤੇ ਖੱਬਾ ਗੋਡਾ ਉੱਚਾ ਕਰ ਕੇ ਬੈਠਣਾ।

**ਪ੍ਰਸ਼ਨ 14. ਅੰਮ੍ਰਿਤ ਕਿਵੇਂ ਤਿਆਰ ਕੀਤਾ ਜਾਂਦਾ ਹੈ?**

**ਉੱਤਰ :** (ੳ) ਸਰਬ ਲੋਹ ਦਾ ਬਾਟਾ ਚੌਂਕੀ ਆਦਿ ਉੱਪਰ ਟਿਕਾ ਕੇ। (ਅ) ਉਸ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਂਦੇ ਹਨ। (ੲ) ਬਾਟੇ ਦੇ ਇਰਦ-ਗਿਰਦ ਪੰਜ ਪਿਆਰੇ ਬੀਰ ਆਸਣ ਹੋ ਕੇ ਬੈਠ ਜਾਂਦੇ ਹਨ। (ਸ) ਵਾਰੀ ਵਾਰੀ ਪੰਜ ਬਾਣੀਆਂ ਦਾ ਪਾਠ ਕਰਦੇ ਹਨ। (ਹ) ਹਰੇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਰੱਖ ਕੇ, ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰਦਾ ਹੈ, ਸੁਰਤ ਇਕਾਗਰ ਰੱਖਦਾ ਹੈ। (ਕ) ਬਾਕੀ ਦੇ (ਪਿਆਰੇ) ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਰੱਖਦੇ ਹਨ। (ਖ) ਧਿਆਨ ਅੰਮ੍ਰਿਤ ਵਿਚ ਟਿਕਾਂਦੇ ਹਨ। (ਗ) ਪਾਠ ਦੀ ਸਮਾਪਤੀ ਉਪਰੰਤ ਅੰਮ੍ਰਿਤ ਤਿਆਰ ਹੋ ਜਾਂਦਾ ਹੈ ਤੇ (ਘ) ਅਰਦਾਸ ਕੀਤੀ ਜਾਂਦੀ ਹੈ।

**ਪ੍ਰਸ਼ਨ 15. ਅੰਮ੍ਰਿਤ ਤਿਆਰ ਕਰਨ ਸਮੇਂ ਕਿਹੜੀ-ਕਿਹੜੀ ਬਾਣੀ ਦਾ ਪਾਠ ਕੀਤਾ ਜਾਂਦਾ ਹੈ?**

**ਉੱਤਰ :** ਜਪੁ, ਜਾਪੁ, ੧੦ ਸਵੱਯੇ (ਸ੍ਰਾਵਗ ਸੁੱਧ ਵਾਲੇ), ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸ਼ਟ ਦੇਖ ਤੇ ਲੇਹੁ ਬਚਾਈ, ਤੱਕ) ਅਤੇ ਅਨੰਦੁ ਸਾਹਿਬ।

**ਪ੍ਰਸ਼ਨ 16. ਪੰਜ ਪਿਆਰੇ, ਅੰਮ੍ਰਿਤ ਅਭਿਲਾਖੀਆਂ ਨੂੰ, ਅੰਮ੍ਰਿਤ ਛਕਾਉਣ ਤੋਂ ਪਹਿਲਾਂ ਕਿਹੜੇ ਜ਼ਰੂਰੀ ਅਸੂਲ ਦੱਸਦੇ ਹਨ?**

**ਉੱਤਰ :** (ੳ) ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਅਕਾਲ ਪੁਰਖ ਦੀ ਪ੍ਰੇਮਾ ਭਗਤੀ ਤੇ ਉਪਾਸਨਾ ਕਰਨੀ।

(ਅ) ਗੁਰਬਾਣੀ ਦਾ ਅਭਿਆਸ (ਪਾਠ); ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ; ਤੇ ਨਾਮ ਦਾ ਪ੍ਰੇਮ ਰੱਖਣਾ।

(ੲ) ਅੰਮ੍ਰਿਤ ਛਕ ਕੇ ਰਹਿਤ ਬਹਿਤ ਰੱਖਣੀ।

**ਪ੍ਰਸ਼ਨ 17. ਕੀ ਅੰਮ੍ਰਿਤ ਦੀ ਤਿਆਰੀ ਦੌਰਾਨ ਅਧਵਾਟੇ ਆਉਣ ਵਾਲਾ ਅੰਮ੍ਰਿਤ ਛਕ ਸਕਦਾ ਹੈ?**

**ਉੱਤਰ :** ਨਹੀਂ ਜੀ, ਜਿਸ ਅੰਮ੍ਰਿਤ-ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿਚ ਹਿੱਸਾ ਲਿਆ ਹੈ (ਹਾਜ਼ਰ ਰਿਹਾ ਹੈ) ਕੇਵਲ ਉਸ ਨੂੰ ਹੀ ਅੰਮ੍ਰਿਤ ਛਕਾਇਆ ਜਾ ਸਕਦਾ ਹੈ।

**ਪ੍ਰਸ਼ਨ 18. ਪੰਜ ਪਿਆਰੇ ਅੰਮ੍ਰਿਤ ਕਿਵੇਂ ਛਕਾਉਂਦੇ ਹਨ?**

**ਉੱਤਰ :** (ੳ) ਅੰਮ੍ਰਿਤ ਅਭਿਲਾਖੀ ਨੂੰ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰਾ ਕੇ ਬੀਰ ਆਸਣ ਲਗਵਾ ਕੇ ਪੰਜ ਚੁਲੇ ਪੀਣ ਲਈ ਦਿੱਤੇ ਜਾਂਦੇ ਹਨ ਅਤੇ ਹਰ ਵਾਰੀ ਕਿਹਾ ਜਾਂਦਾ ਹੈ "ਬੋਲ! ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥"

(ਅ) ਫਿਰ ਪੰਜ ਛੱਟੇ ਨੇਤਰਾਂ ਵਿਚ ਪਾਏ ਜਾਂਦੇ ਹਨ ਅਤੇ ਹਰ ਵਾਰ ਬੁਲਾਇਆ ਜਾਂਦਾ ਹੈ—

**"ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥"**

(ੲ) ਫਿਰ ਪੰਜ ਚੁਲੇ ਸੀਸ ਵਿਚ ਪਾਏ ਜਾਂਦੇ ਹਨ ਅਤੇ ਹਰ ਵਾਰ ਬੁਲਾਇਆ ਜਾਂਦਾ ਹੈ—

**"ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥"**

(ਸ) ਸਾਰੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਬਚਿਆ ਅੰਮ੍ਰਿਤ, ਸਾਰੇ ਸਿੰਘ-ਸਿੰਘਣੀਆਂ ਨੂੰ ਇਕ ਕਤਾਰ ਵਿਚ ਖੜ੍ਹੇ ਕਰਕੇ, ਵਾਰੀ-ਵਾਰੀ ਛਕਾ ਦੇਣ ਦੀ ਮਰਯਾਦਾ ਹੈ।



(ਹ) ਫਿਰ ਪੰਜ ਪਿਆਰੇ ਰਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ "ਵਾਹਿਗੁਰੂ" ਨਾਮ ਦੱਸ ਕੇ, ਮੂਲ ਮੰਤਰ (੧ੳ ਤੋਂ ਲੈ ਕੇ ਗੁਰ ਪ੍ਰਸਾਦਿ ਤੱਕ) ਸੁਣਾਉਂਦੇ ਤੇ ਸਾਰਿਆਂ ਪਾਸੋਂ ਇਸ ਦਾ ਰਟਨ ਕਰਾਉਂਦੇ ਹਨ।

(ਕ) ਫਿਰ ਪੰਜਾਂ ਪਿਆਰਿਆਂ ਵਿਚੋਂ ਇਕ ਸੱਜਣ (ਜਥੇਦਾਰ) ਅੰਮ੍ਰਿਤ ਦੀ ਰਹਿਤ ਦੱਸਦਾ ਹੈ ਅਤੇ ਕੁਰਹਿਤਾਂ ਤੋਂ ਬਚ ਕੇ ਰਹਿਣ ਦੀ ਹਦਾਇਤ ਕਰਦਾ ਹੋਇਆ, ਨਿਤਨੇਮ ਦਾ ਪਾਠ ਕਰਨ, ਸਰਬ ਸ਼ਕਤੀਆਂ ਦਾ ਦਾਤਾ ਇਕ ਅਕਾਲ ਪੁਰਖ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ ਦ੍ਰਿੜ੍ਹ ਕਰਾਉਂਦਾ ਹੈ ਅਤੇ ਸਭ ਨੂੰ ਇਕੋ ਧਾਰਮਿਕ ਮਾਤਾ-ਪਿਤਾ, ਜਨਮ ਅਸਥਾਨ ਅਤੇ ਇਕੋ ਥਾਂ ਦੇ ਵਾਸੀ ਹੋਣ ਬਾਰੇ ਦੱਸਦਾ ਹੈ।

**ਪ੍ਰਸ਼ਨ 19. ਅੰਮ੍ਰਿਤ ਛਕੇ ਪ੍ਰਾਣੀਆਂ ਨੂੰ ਰਲ ਕੇ ਇਕੋ ਬਾਟੇ ਵਿਚ ਕੜਾਹ ਪ੍ਰਸ਼ਾਦਿ ਛਕਾਉਣ ਤੋਂ ਕੀ ਭਾਵ ਹੈ?**

**ਉੱਤਰ :** ਐਸਾ ਕਰਨਾ ਇਹ ਦ੍ਰਿੜ੍ਹ ਕਰਾਉਂਦਾ ਹੈ ਕਿ ਅੱਜ ਤੋਂ ਬਾਅਦ ਸਭ ਖਾਲਸਾ ਪਰਿਵਾਰ ਦੇ ਮੈਂਬਰ ਬਣ ਗਏ ਹਨ ਅਤੇ ਜਾਤ, ਕੁਲ, ਊਚ-ਨੀਚ, ਅਮੀਰ-ਗ਼ਰੀਬ ਦਾ ਅੰਤਰ (ਫ਼ਰਕ) ਮੂਲੋਂ ਖ਼ਤਮ ਕਰ ਦਿੱਤਾ ਗਿਆ ਹੈ।

**ਪ੍ਰਸ਼ਨ 20. ਕੀ ਅੰਮ੍ਰਿਤ ਸੰਚਾਰ ਸਮੇਂ ਬਚੇ ਅੰਮ੍ਰਿਤ ਵਿਚੋਂ ਕਿਸੇ ਬੱਚੇ ਨੂੰ ਚੁਲਾ ਛਕਾਇਆ ਜਾ ਸਕਦਾ ਹੈ?**

**ਉੱਤਰ :** ਸਿੱਖ ਰਹਿਤ ਮਰਯਾਦਾ ਅਨੁਸਾਰ ਕਿਸੇ ਬੱਚੇ ਨੂੰ ਚੁਲਾ ਛਕਾਉਣ ਦੀ ਕੋਈ ਮਰਯਾਦਾ ਨਹੀਂ।

**ਪ੍ਰਸ਼ਨ 21. ਤਨਖਾਹੀਆ ਕਿਸ ਨੂੰ ਆਖਦੇ ਹਨ?**

**ਉੱਤਰ :** ਰਹਿਤ ਵਿਚ ਕੋਈ ਭੁੱਲ ਕਰਨ ਵਾਲੇ ਨੂੰ ਤਨਖਾਹੀਆ ਆਖਦੇ ਹਨ।

**ਪ੍ਰਸ਼ਨ 22. ਪਤਿਤ ਕਿਸ ਨੂੰ ਆਖਦੇ ਹਨ?**

**ਉੱਤਰ :** ਚਾਰ ਕੁਰਹਿਤਾਂ ਵਿਚੋਂ ਕੋਈ ਇਕ ਵੀ ਕਰ ਲੈਣ ਵਾਲੇ ਨੂੰ ਪਤਿਤ ਆਖਦੇ ਹਨ।

**ਪ੍ਰਸ਼ਨ 23. ਪਤਿਤ, ਦੁਬਾਰਾ ਕਿਸ ਤਰ੍ਹਾਂ ਪੰਥ ਵਿਚ ਸ਼ਾਮਲ ਹੋ ਸਕਦਾ ਹੈ?**

**ਉੱਤਰ :** (ੳ) ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੇ ਸਨਮੁਖ ਨਿਮਰਤਾ ਸਹਿਤ ਪੇਸ਼ ਹੋਵੇ, (ਅ) ਹੋਈ ਕੁਰਹਿਤ ਬਾਰੇ ਦੱਸ ਕੇ ਪੰਜ ਪਿਆਰਿਆਂ ਪਾਸੋਂ (ਦੰਡ) ਤਨਖਾਹ ਲੁਆਵੇ। (ੲ) ਭੁੱਲਾਂ ਬਖਸ਼ਾ ਕੇ ਫਿਰ ਦੁਬਾਰਾ ਭੁੱਲ ਨਾ ਕਰਨ ਦਾ ਪ੍ਰਣ ਕਰੇ, (ਸ) ਫਿਰ ਅੰਮ੍ਰਿਤ ਛਕਾ ਕੇ ਉਸ ਨੂੰ ਦੁਬਾਰਾ ਪੰਥ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

**ਪ੍ਰਸ਼ਨ 24. ਕੀ ਅੰਮ੍ਰਿਤਧਾਰੀ ਗਲੇ ਵਿਚ, ਨਿੱਕੀ ਜਿਹੀ ਕਿਰਪਾਨ ਧਾਗਾ ਪਰੋ ਕੇ ਪਾ ਸਕਦਾ ਹੈ?**

ਉੱਤਰ : (ੳ) ਨਹੀਂ ਪਾ ਸਕਦਾ। (ਅ) ਕਿਉਂਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਕਿਰਪਾਨ ਕੇਵਲ ਗਾਤਰੇ ਵਾਲੀ ਹੀ ਪਹਿਨਣੀ ਹੈ।

**ਪ੍ਰਸ਼ਨ 25. ਤਨਖਾਹੀਏ ਕੌਣ-ਕੌਣ ਹਨ?**

ਉੱਤਰ : (1) ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਛਕਣ ਵਾਲਾ।
(2) ਦਾਹੜਾ, ਕੇਸ ਰੰਗਣ ਵਾਲਾ।
(3) ਰਹਿਤ ਵਿਚ ਭੁੱਲ ਕਰਨ ਵਾਲਾ।
(4) ਸ਼ਰਾਬ ਜਾਂ ਕੋਈ ਹੋਰ ਨਸ਼ਾ ਵਰਤਣ ਵਾਲਾ।
(5) ਗੁਰਮਤਿ ਦੇ ਵਿਰੁੱਧ ਕਰਮ ਕਰਨ ਵਾਲਾ।
(6) ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।
(7) ਮੀਣੇ, ਮਸੰਦ, ਧੀਰ ਮਲੀਏ, ਨੜੀ ਮਾਰ, ਕੁੜੀਮਾਰ, ਸਿਰਗੁੰਮ ਨਾਲ ਵਰਤਣ ਵਾਲਾ। (ਵਰਤਣ ਤੋਂ ਭਾਵ ਹੈ : ਇਨ੍ਹਾਂ ਲੋਕਾਂ ਦੇ ਪਰਿਵਾਰਾਂ ਵਿਚ ਆਪਣੇ ਲੜਕੇ ਜਾਂ ਲੜਕੀ ਦਾ ਵਿਆਹ ਕਰ ਕੇ ਰਿਸ਼ਤਾ-ਨਾਤਾ ਕਾਇਮ ਕਰਨਾ)।

**ਪ੍ਰਸ਼ਨ 26. ਕੀ ਅੰਮ੍ਰਿਤਧਾਰੀ ਨੂੰ ਆਪਣਾ ਨਾਮ ਸਿੰਘ ਜਾਂ ਕੌਰ ਬਿਨਾਂ ਅੱਧਾ ਲਿਖਣ ਜਾਂ ਬੁਲਾਉਣ ਦੀ ਆਗਿਆ ਹੈ?**

ਉੱਤਰ : ਨਹੀਂ ਜੀ। ਅੰਮ੍ਰਿਤਧਾਰੀ ਲਈ ਜ਼ਰੂਰੀ ਹੈ ਕਿ ਨਾਮ ਦੇ ਨਾਲ ਸਿੰਘ ਤੇ ਕੌਰ ਲਿਖੇ ਤੇ ਬੁਲਾਵੇ।

**ਪ੍ਰਸ਼ਨ 27. ਕੀ ਅੰਮ੍ਰਿਤਧਾਰੀ ਆਪਣੇ ਨਾਮ ਦੇ ਨਾਲ ਜਾਤ, ਗੋਤ ਲਿਖ ਸਕਦਾ ਹੈ ਜਾਂ ਬੁਲਾ ਸਕਦਾ ਹੈ?**

ਉੱਤਰ : ਨਹੀਂ ਜੀ। ਅੰਮ੍ਰਿਤਧਾਰੀ ਨੂੰ ਆਪਣੇ ਨਾਮ ਦੇ ਨਾਲ ਕੋਈ ਜਾਤ ਜਾਂ ਗੋਤ ਲਿਖਣ ਜਾਂ ਬੁਲਾਉਣ ਦੀ ਮਨਾਹੀ ਹੈ।

**ਪ੍ਰਸ਼ਨ 28. ਪੰਜ ਪਿਆਰੇ ਅੰਮ੍ਰਿਤ ਛਕਾ ਕੇ ਰਹਿਤ ਦੱਸਦੇ ਸਮੇਂ ਕਹਿੰਦੇ ਹਨ "ਸਤਿਗੁਰ ਕੇ ਜਨਮੈ ਗਵਨ ਮਿਟਾਇਆ" ਇਸ ਤੋਂ ਕੀ ਭਾਵ ਹੈ?**

ਉੱਤਰ : ਇਸ ਤੋਂ ਭਾਵ ਹੈ ਕਿ ਅੰਮ੍ਰਿਤ ਛਕਣ ਵਾਲਿਆਂ ਨੇ ਸੱਚੇ ਪਿਤਾ ਸਤਿਗੁਰੂ ਨੂੰ ਆਤਮ-ਸਮਰਪਣ ਕਰਕੇ ਉਸ ਦੇ ਘਰ ਵਿਚ ਜਨਮ ਲਿਆ ਹੈ ਤੇ ਸਤਿਗੁਰੂ ਦੀ ਮੱਤ ਧਾਰਨ ਕਰਕੇ (ਜੰਮਣ-ਮਰਨ ਤੋਂ) ਮੁਕਤੀ ਪ੍ਰਾਪਤ ਕਰ ਲਈ ਹੈ।



**ਪ੍ਰਸ਼ਨ 29. ਖਾਲਸਾ ਸਜਣ ਲਈ ਕੀ ਤਿਆਗਣਾ ਪੈਂਦਾ ਹੈ?**

ਉੱਤਰ : ਪਿਛਲੀ ਕੁਲ, ਕਿਰਤ, ਧਰਮ, ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖ਼ਿਆਲ ਤਿਆਗਣਾ ਪੈਂਦਾ ਹੈ।

**ਪ੍ਰਸ਼ਨ 30. ਕੀ ਅੰਮ੍ਰਿਤਧਾਰੀ ਲਈ ਪੰਜਾਬੀ ਸਿੱਖਣੀ ਜ਼ਰੂਰੀ ਹੈ?**

ਉੱਤਰ : ਅੰਮ੍ਰਿਤਧਾਰੀ ਨੂੰ ਹੁਕਮ ਹੈ ਕਿ ਉਹ ਜਿਤਨੀਆਂ ਮਰਜ਼ੀ ਭਾਸ਼ਾਵਾਂ ਜਾਣਦਾ ਹੋਵੇ, ਪੰਜਾਬੀ (ਗੁਰਮੁਖੀ) ਜ਼ਰੂਰ ਸਿੱਖੇ।

**ਪ੍ਰਸ਼ਨ 31. ਜੇਕਰ ਅੰਮ੍ਰਿਤਧਾਰੀ ਪਾਸੋਂ ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਕੀ ਕੀਤਾ ਜਾਵੇ?**

ਉੱਤਰ : (ੳ) ਸੰਗਤ ਵਿਚ ਪੰਜਾਂ ਪਿਆਰਿਆਂ ਦੇ ਸਾਹਮਣੇ ਪੇਸ਼ ਹੋ ਕੇ ਭੁੱਲ ਬਖਸ਼ਾਵੇ ਅਤੇ ਸੇਵਾ ਲਗਵਾਵੇ।
(ਅ) ਜੇਕਰ ਅਨਜਾਣੇ ਵਿਚ ਕੋਈ ਭੁੱਲ ਹੋਈ ਹੋਵੇ ਤਾਂ ਸੰਗਤ ਵਿਚ ਅਰਦਾਸ ਕਰੇ ਤੇ ਅੱਗੇ ਤੋਂ ਸੁਚੇਤ ਹੋਵੇ।

**ਪ੍ਰਸ਼ਨ 32. ਹੇਠ ਲਿਖੀਆਂ ਖ਼ਾਲੀ ਥਾਵਾਂ ਭਰੋ :**

ਉੱਤਰ : (1) ਸਿੱਖ ਧਰਮ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ.......... ਅਤੇ.......... ਹੈ। *(ਬਾਣੀ ਦਾ ਪਾਠ, ਅਰਦਾਸ)*
(2) ਸਿੱਖ ਕੋਈ ਵੀ ਕਾਰਜ ਅਰੰਭ ਕਰਨ ਤੋਂ ਪਹਿਲਾਂ ਵਾਹਿਗੁਰੂ ਪਾਸ ਸਹਾਇਤਾ ਲਈ..........ਕਰੇ। *(ਅਰਦਾਸ)*
(3) ਸੇਵਾ ਸਿੱਖ ਧਰਮ ਦਾ ਇਕ..........ਅੰਗ ਹੈ। *(ਉੱਘਾ)*
(4) ਸੇਵਾ ਤੇ ਸਿਮਰਨ ਸਿੱਖ ਧਰਮ ਦੇ ਮਹਿਲ ਦੀਆਂ ਦੋ..........ਹਨ। *(ਥੰਮ੍ਹੀਆਂ)*
(5) ਬੇ-ਅੰਮ੍ਰਿਤੀਏ ਦਾ ਜੂਠਾ ਛਕਣ ਵਾਲੇ ਨੂੰ................ਆਖਦੇ ਹਨ। *(ਤਨਖ਼ਾਹੀਆ)*
(6) ਰਹਿਤ ਵਿਚ ਭੁੱਲ ਕਰਨ ਵਾਲੇ ਨੂੰ..........ਆਖਦੇ ਹਨ। *(ਤਨਖ਼ਾਹੀਆ)*
(7) ਦਾਹੜਾ, ਕੇਸ..........ਵਾਲੇ ਨੂੰ ਤਨਖ਼ਾਹੀਆ ਆਖਦੇ ਹਨ। *(ਰੰਗਣ)*
(8) ..........ਜਾਂ ਹੋਰ ਨਸ਼ਾ ਪੀਣ ਵਾਲੇ ਨੂੰ ਤਨਖ਼ਾਹੀਆ ਆਖਦੇ ਹਨ। *(ਸ਼ਰਾਬ)*
(9) ਰੋਮਾਂ ਦੀ ਬੇ-ਅਦਬੀ ਕਰਨ ਵਾਲੇ ਨੂੰ..........ਆਖਦੇ ਹਨ। *(ਪਤਿਤ)*
(10) ਭਰਵੱਟੇ ਮੁੰਨਣ ਵਾਲੀ ਬੀਬੀ ਨੂੰ..........ਆਖਦੇ ਹਨ। *(ਪਤਿਤ)*

(11) ਕੁੱਠਾ ਖਾਣ ਵਾਲੇ ਨੂੰ..........ਆਖਦੇ ਹਨ। *(ਪਤਿਤ)*

(12) ਤਮਾਕੂ ਪੀਣ ਵਾਲੇ ਨੂੰ..........ਆਖਦੇ ਹਨ। *(ਪਤਿਤ)*

(13) ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਸੰਗ ਕਰਨ ਵਾਲੇ ਨੂੰ..........ਆਖਦੇ ਹਨ। *(ਪਤਿਤ)*

(14) ਪੰਗਤ ਵਿਚ ਲੰਗਰ ਛਕਣ ਸਮੇਂ ਕਿਸੇ ਦੇਸ਼/ਜਾਤੀ/ਮਜ਼ਹਬ ਦਾ..........ਨਹੀਂ ਕਰਨਾ ਚਾਹੀਦਾ। *(ਵਿਤਕਰਾ)*

(15) ਹਰ ਸਿੱਖ ਨੇ ਪੰਥ ਦਾ ਇਕ..........ਹੋ ਕੇ ਆਪਣਾ ਧਰਮ ਨਿਭਾਉਣਾ ਹੈ। *(ਅੰਗ)*

(16) ਅੰਮ੍ਰਿਤ ਦੀ ਤਿਆਰੀ ਸਮੇਂ.........ਹੱਥ ਬਾਟੇ ਦੇ ਕੰਢੇ 'ਤੇ ਰੱਖ ਕੇ..........ਹੱਥ ਨਾਲ ਖੰਡਾ ਜਲ ਵਿਚ ਫੇਰਿਆ ਜਾਂਦਾ ਹੈ। *(ਖੱਬਾ), (ਸੱਜੇ)*

(17) ਅੰਮ੍ਰਿਤ ਅਭਿਲਾਖੀ ਬੀਰ-ਆਸਣ ਲਗਾ ਕੇ..........ਹੱਥ ਹੇਠਾਂ ਅਤੇ..........ਹੱਥ ਉੱਪਰ ਰੱਖ ਕੇ ਚੁਲਾ ਬਣਾ ਕੇ ਅੰਮ੍ਰਿਤ ਛਕਦੇ ਹਨ। *(ਖੱਬਾ), (ਸੱਜਾ)*

(18) ਇਕ ਪਹਿਰ ਰਾਤ ਰਹਿੰਦੀ ਨੂੰ..........ਆਖਦੇ ਹਨ। *(ਅੰਮ੍ਰਿਤ ਵੇਲਾ)*

**ਪ੍ਰਸ਼ਨ 33. ਨਵੇਂ ਮਕਾਨ ਵਿਚ ਪ੍ਰਵੇਸ਼ ਕਰਨ, ਨਵੀਂ ਦੁਕਾਨ ਅਰੰਭ ਕਰਨ, ਬੱਚੇ ਨੂੰ ਪੜ੍ਹਨੇ ਪਾਉਣ ਜਾਂ ਕੋਈ ਵੀ ਕਾਰਜ ਅਰੰਭ ਕਰਨ ਸਮੇਂ ਸਿੱਖ ਦਾ ਪਹਿਲਾ ਫ਼ਰਜ਼ ਕੀ ਹੈ?**

**ਉੱਤਰ** : ਵਾਹਿਗੁਰੂ ਪਾਸੋਂ ਸਹਾਇਤਾ ਲਈ ਅਰਦਾਸ ਕਰਨਾ।

**ਪ੍ਰਸ਼ਨ 34. ਗੁਰੂ ਕੇ ਲੰਗਰ ਦੇ ਦੋ ਕਿਹੜੇ ਭਾਵ ਹਨ?**

**ਉੱਤਰ** :
1. ਸਿੱਖਾਂ ਨੂੰ ਸੇਵਾ ਸਿਖਾਉਣਾ।
2. ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।

**ਪ੍ਰਸ਼ਨ 35. ਗੁਰੂ ਪੰਥ ਕਿਸਨੂੰ ਆਖਦੇ ਹਨ?**

**ਉੱਤਰ** : ਤਿਆਰ-ਬਰ-ਤਿਆਰ ਗੁਰਸਿੱਖਾਂ ਦੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ।

**ਪ੍ਰਸ਼ਨ 36. ਗੁਰੂ ਪੰਥ ਦੀ ਤਿਆਰੀ ਕਿਸ ਨੇ ਕੀਤੀ?**

**ਉੱਤਰ** : ਦਸ ਗੁਰੂ ਸਾਹਿਬਾਨ ਨੇ ਤਿਆਰੀ ਕੀਤੀ।

**ਪ੍ਰਸ਼ਨ 37. ਗੁਰੂ ਪੰਥ ਨੂੰ ਗੁਰਿਆਈ ਕਿਸ ਨੇ ਸੌਂਪੀ?**

**ਉੱਤਰ** : ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ।



**ਪ੍ਰਸ਼ਨ 38. ਤਨਖ਼ਾਹ ਲਾਉਣ ਦੀ ਵਿਧੀ ਕੀ ਹੈ?**

**ਉੱਤਰ** :
(ੳ) ਜਿਸ ਕਿਸੇ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ ਸੰਗਤ ਪਾਸ ਹਾਜ਼ਰ ਹੋ ਕੇ ਆਪਣੀ ਭੁੱਲ ਮੰਨੇ।

(ਅ) ਸੰਗਤ ਵਿਚੋਂ ਪੰਜ ਪਿਆਰੇ ਬਣ ਜਾਣ ਤੇ ਪੇਸ਼ ਹੋਣ ਵਾਲੇ ਦੀ ਭੁੱਲ ਨੂੰ ਵੀਚਾਰ ਕੇ ਉਸ ਨੂੰ ਤਨਖ਼ਾਹ (ਦੰਡ) ਤਜਵੀਜ਼ ਕਰਨ, ਜਿਸ ਵਿਚ ਕੁਝ ਹੱਥੀਂ ਸੇਵਾ ਤੇ ਪਾਠ ਕਰਨਾ, ਹੋਵੇ।

(ੲ) ਪੇਸ਼ ਹੋਣ ਵਾਲਾ ਨਿਮਰਤਾ ਸਹਿਤ ਦੰਡ (ਤਨਖ਼ਾਹ) ਪ੍ਰਵਾਨ ਕਰੇ, ਅੰਤ 'ਸੋਧ' ਦਾ ਅਰਦਾਸਾ ਹੋਵੇ।

**ਪ੍ਰਸ਼ਨ 39. ਗੁਰਮਤਾ ਕੌਣ ਕਰ ਸਕਦਾ ਹੈ?**

**ਉੱਤਰ** : ਗੁਰਮਤਾ ਗੁਰੂ ਪੰਥ ਦਾ ਚੁਣਿਆ ਸ਼੍ਰੋਮਣੀ ਜਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।

**ਪ੍ਰਸ਼ਨ 40. ਗੁਰਮਤਾ ਕਿਹੜੇ ਸਵਾਲਾਂ 'ਤੇ ਹੋ ਸਕਦਾ ਹੈ?**

**ਉੱਤਰ** : ਗੁਰਮਤਾ ਕੇਵਲ ਉਹਨਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ ਜੋ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੀ ਪੁਸ਼ਟੀ ਕਰਦੇ ਹੋਣ।

**ਪ੍ਰਸ਼ਨ 41. ਕੀ ਕਿਸੇ ਆਮ ਸਮਾਜਕ, ਵਿੱਦਿਅਕ, ਧਾਰਮਿਕ ਜਾਂ ਰਾਜਨੀਤਿਕ ਸਵਾਲ ਉੱਤੇ ਗੁਰਮਤਾ ਹੋ ਸਕਦਾ ਹੈ?**

**ਉੱਤਰ** : ਅਜਿਹੇ ਸਵਾਲਾਂ ਤੇ ਗੁਰਮਤਾ ਨਹੀਂ ਹੋ ਸਕਦਾ, ਕੇਵਲ ਮਤਾ ਹੀ ਹੋ ਸਕਦਾ ਹੈ।

**ਪ੍ਰਸ਼ਨ 42. ਸਥਾਨਕ ਗੁਰ ਸੰਗਤਾਂ ਦੇ ਫ਼ੈਸਲਿਆਂ ਦੀ ਅਪੀਲ ਕਿੱਥੇ ਕੀਤੀ ਜਾ ਸਕਦੀ ਹੈ?**

**ਉੱਤਰ** : ਸਥਾਨਕ ਫ਼ੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੋ ਸਕਦੀ ਹੈ।